# ਸਮਤਾ

ਅਪ੍ਰੈਲ 1984 (ਅੰਕ 47)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ "ਵਤਨ" ਦੇ ਵੈੱਬਸਾਈਟ 'ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਅਪ੍ਰੈਲ 1984
ਮੁੱਲ—ਦੋ ਰੁਪਏ
47

ਸੰਪਾਦਕੀ :

## ਲੋਕ ਲਾਮਬੰਦੀ

ਅਕਾਲੀ ਮੋਰਚਾ, ਜਿਹੜਾ ਪਹਿਲੇ ਦਾਅਵਾ ਕਰਦਾ ਸੀ ਕਿ ਉਹ ਸਾਰੇ ਪੰਜਾਬੀਆਂ ਦੀਆਂ ਮੰਗਾਂ ਲਈ ਮੋਰਚਾ ਹੈ ਹੁਣ ਬਿਲਕੁਲ ਸਿਖਾਂ ਦੀਆਂ ਮੰਗਾਂ ਤਕ ਸੀਮਤ ਹੋ ਗਿਆ ਹੈ ਅਤੇ ਧਾਰਮਕ ਜਨੂੰਨ ਇਸ ਉਤੇ ਪੂਰੀ ਤਰ੍ਹਾਂ ਹਾਵੀ ਹੋ ਗਿਆ ਹੈ। ਇਸਦੇ ਉੱਲਟ ਜਿਥੋਂ ਤਕ ਸਮੁੱਚੇ ਪੰਜਾਬੀਆਂ ਦੀਆਂ ਮੰਗਾਂ ਹਨ, ਕਿਸਾਨਾਂ ਦੇ ਅੰਦੋਲਨ ਨੇ ਸਗੋਂ ਉਹਨਾਂ ਨੂੰ ਬਹੁਤੀ ਚੰਗੀ ਤਰ੍ਹਾਂ ਲੋਕਾਂ ਵਿਚ ਫੋਕਸ ਕੀਤਾ ਹੈ। ਵੱਧ ਪਾਣੀ ਅਤੇ ਬਿਜਲੀ ਲਈ ਵੀ ਉਹਨਾਂ ਦੇ ਆਗੂਆਂ ਵਲੋਂ ਬਾਕਾਇਦਾ ਦਲੀਲ ਸਮੇਤ ਸਰਕਾਰ ਕੋਲੋਂ ਮੰਗਾਂ ਕੀਤੀਆਂ ਹਨ ਕਿ ਪੰਜਾਬ ਨੂੰ ਨਵੇਂ ਡੈਮ ਅਤੇ ਬਿਜਲੀ ਘਰ ਚਾਹੀਦੇ ਹਨ ਅਤੇ ਸੈਂਟਰ ਨੂੰ ਇਸ ਘਾਟ ਲਈ ਜ਼ਿਮੇਂਦਾਰ ਠਹਿਰਾਇਆ ਹੈ, ਖਾਮਖਾਹ ਹਰਿਆਣਾ ਅਤੇ ਰਾਜਸਥਾਨ ਨੂੰ ਵਿਚ ਨਹੀਂ ਲਿਆਂਦਾ। ਕੇਂਦਰੀ ਸਰਕਾਰ ਜੋ ਹੁਣ ਸਿੱਧੇ ਤੌਰ ਤੇ ਪੰਜਾਬ ਦਾ ਪ੍ਰਬੰਧ ਚਲਾ ਰਹੀ ਹੈ, ਬੜੀਆਂ ਸ਼ਾਤਰ ਚਾਲਾਂ ਨਾਲ ਅਕਾਲੀਆਂ ਨੂੰ ਹੌਲੇ ਹੌਲੇ ਦੇਸ਼ ਭਰ ਵਿਚ ਇਕ 'ਮੈਂ ਨਾਂ ਮਾਨੂੰ' ਧਿਰ ਦੇ ਤੌਰ ਤੇ ਸਥਾਪਤ ਕਰਨ ਵਿਚ ਸਫਲ ਹੋ ਗਈ ਹੈ ਅਤੇ ਵਿਰੋਧੀ ਪਾਰਟੀਆਂ ਲਈ ਵੀ ਉਹਨਾਂ ਦਾ ਸਮੱਰਥਨ ਕਰਨਾ ਮੁਸ਼ਕਿਲ ਹੋ ਗਿਆ ਹੈ। ਸੰਤ ਲੌਂਗੋਵਾਲ ਜੀ ਦੇ ਤਾਜ਼ਾ ਬਿਆਨ ਦਸਦੇ ਹਨ ਕਿ ਅਕਾਲੀ ਹੁਣ ਅਪਣੀ ਸਿਆਸਤ ਦੇਣ ਦੀ ਥਾਂ ਇੰਦਰਾ ਬੀਬੀ ਦੀ ਪ੍ਰਤੀਕਰਮਾਤਕ ਸਿਆਸਤ ਦੇ ਜਾਲ ਵਿਚ ਫੱਸ ਗਏ ਹਨ। ਹੁਣ ਉਹ ਕਦੀ ਸਵੀਧਾਨ ਦੀ 25ਵੀ ਧਾਰਾ ਫੂਕਨ ਦਾ ਪ੍ਰੋਗਰਾਮ ਦੇਂਦੇ ਹਨ ਤੇ ਕਦੀ ਦਿੱਲੀ ਤਕ ਕੋਰੀਡੋਰ ਉਹਨਾਂ ਦੀ ਮੰਗ ਹੋ ਜਾਂਦੀ ਹੈ। ਅਕਾਲੀ ਮੋਰਚੇ ਦੀ ਚੜ੍ਹਤ ਮੱਠੀ ਹੁੰਦੀ ਦਿਸਦੀ ਹੈ ਪਰ ਇਹਦੇ ਨਾਲ ਹੀ ਪੰਜਾਬ ਵਿਚ ਵਿਸਫੋਟਕ ਹਾਲਾਤ ਬਹੁਤੀ ਸ਼ਿੱਦਤ ਨਾਲ ਪੈਦਾ ਹੋਣ ਦਾ ਡਰ ਹੈ ਕਿਉਂਕਿ ਮਾਯੂਸੀ ਜਾਂ ਨਾਕਮਾਯਾਬੀ ਹਮੇਸ਼ਾ ਭੜਕੜਾਹਟ ਨੂੰ ਜਨਮ ਦੇਂਦੀ ਹੈ। ਕੇਂਦਰ ਵਲੋਂ ਸਟੂਡੈਂਟ ਫੈਡਰੇਸ਼ਨ ਨੂੰ ਗ਼ੈਰ-ਕਾਨੂੰਨੀ ਕਰਾਰ ਦੇਣਾ ਅਤੇ ਸੰਤ ਲੌਂਗੋਵਾਲ ਦੇ ਵਿਰੁੱਧ ਬਗ਼ਾਵਤਦਾ ਦੋਸ਼ ਦਾਇਰ ਕਰਨਾ, ਭੜਕਾਹਟ ਵਧਾਉਣ ਲਈ ਬੜੀ ਮਿੱਥੀ ਹੋਈ ਚਾਲ ਦੇ ਕਦਮ ਹਨ। ਕੇਂਦਰ ਅਤੇ ਅਕਾਲੀਆਂ ਦੇ ਇਸ ਭੇੜ ਵਿਚ ਜਨੂੰਨੀ ਅਨਸਰ ਦੀ ਬਹੁਤੀ ਤਾਕਤ ਫੜਨ ਦੀ ਸੰਭਾਵਨਾ ਹੈ, ਇਸ ਲਈ ਲੋਕ ਹਿਤੂ ਧਿਰ ਦਾ ਫਰਜ਼ ਹੈ ਕਿ ਉਹ ਲੋਕਾਂ ਦੀ ਆਪਸੀ ਸਦਭਾਵਨਾ ਲਈ ਹੋਰ ਚੁਕੰਨੇ ਹੋ ਕੇ ਪਹਿਰਾਦਾਰੀ ਕਰਨ। ਇਹ ਖੁਸ਼ੀ ਦੀ ਗੱਲ ਹੈ ਕਿ ਇਹ ਲਾਮਬੰਦੀ ਵਡੇ ਪੈਮਾਨੇ ਤੇ ਹੋ ਰਹੀ ਹੈ ਤੇ ਪ੍ਰਦੇਸਾਂ ਵਿਚ ਬੈਠੇ ਲੋਕ ਵੀ ਵੱਡੇ ਪੈਮਾਨੇ ਤੇ ਹਿੱਸਾ ਪਾ ਰਹੇ ਹਨ। ਜੇ ਪੰਜਾਬ ਭਰ ਵਿਚ ਕਮਿਊਨਿਸਟਾਂ ਦੀਆਂ ਵੱਖ ਵੱਖ ਧਿਰਾਂ ਵਲੋਂ ਆਪਣੀ ਸਮਝ ਮੁਤਾਬਿਕ ਅਮਨ ਮਾਰਚ, ਸਦਭਾਵਨਾ ਸਮਾਗਮ, ਫਿਰਕੂ ਜਨੂੰਨ ਵਿਰੁਧ ਰੈਲੀਆਂ, ਪਿੰਡਾਂ ਨੂੰ ਛੱਡਕੇ ਗਏ ਹਿੰਦੂਆਂ ਨੂੰ ਪੰਚਾਇਤਾਂ ਦਾ ਵਾਪਸ ਲਿਆ-

**ਇਸ ਅੰਕ ਵਿਚ :**

ਲੇਖ : ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦਾ ਭਾਰਤ ਦੇ ਭਵਿੱਖ ਦਾ ਸੰਕਲਪ/ਪ੍ਰੋ. ਜਗਮੋਹਨ ਸਿੰਘ

ਵਿਚਾਰ ਚਰਚਾ : ਕੌਮਾਂਤਰੀ ਕਮਿਊਨਿਸਟ ਲਹਿਰ ਅੰਦਰ ਪ੍ਰਵਾਨਤ ਕੁਝ ਗ਼ਲਤ ਨੀਤੀ ਨਿਰਣਿਆਂ ਅਤੇ ਕੌਮਾਂਤਰੀ ਕਮਿਊਨਿਸਟ ਲਹਿਰ ਦੇ ਫੌਰੀ ਕਾਰਜਾਂ ਬਾਰੇ/ਹਰਬੰਸ ਮਾਂਗਟ

ਨਾਟਕ : ਹੋਰ ਵੀ ਉਠਸੀ ਮਰਦ ਕਾ ਚੇਲਾ/ਗੁਰਸ਼ਰਨ ਸਿੰਘ

ਕਹਾਣੀ : ਬੇਘਰ/ਸੁਧਾਕਰ, ਅਸਲੀਅਤ ਦਾ ਨਕਸ਼ਾ/ਮਹਿਦਰ ਪੰਜੂ

ਕਵਿਤਾ : ਇਕਬਾਲ ਰਾਮੂਵਾਲੀਆ, ਸੁਖਵਿੰਦਰ ਸਿੰਘ ਕੰਬੋਜ, ਧਰਮਪਾਲ ਉਪਾਸ਼ਕ, ਜਨਮੀਤ, ਕਮਾਰੇਦੇਰ ਪਾਰਸਨਾਥ ਸਿੰਘ, ਗੁਰਚਰਨ ਰਾਮਪੁਰੀ, ਜਸਵਿੰਦਰ, ਦਰਸ਼ਨ ਬੁਲੰਦਵੀ ਅਤੇ ਆਤਮਜੀਤ।

ਪਾਠਕ ਲੇਖਕ ਫੋਰਮ : ਦੇਵਾ ਸਿੰਘ ਮਾਹਲਾ, ਸਰਦੂਲ ਸਿੰਘ, ਮਾਨ ਸਿੰਘ ਦੇਂਡਸਾ, ਆਰ. ਵੀ. ਪਰਤਾਪ, ਬਲਬੀਰ ਪਰਵਾਨਾ।

ਉਣਾ ਅਤੇ ਨਾਲ ਹੀ ਕਿਸਾਨ ਯੂਨੀਅਨਾਂ ਵਲੋਂ ਵੱਡੀ ਗਿਣਤੀ ਵਿਚ ਕਿਸਾਨਾਂ ਵਿਚ ਫਿਰਕੂ ਏਕਤਾ ਲਈ ਸੰਗਠਨ ਕਰਨ ਦੇ ਯਤਨ ਹੋਏ ਹਨ ਤਾਂ ਸਾਡੇ ਪ੍ਰਦੇਸਾਂ ਵਿਚ ਬੈਠੇ ਪੰਜਾਬੀ ਵੀ ਹਰ ਪੱਧਰ ਤੇ ਇਹ ਲਾਮਬੰਦੀ ਕਰ ਰਹੇ ਹਨ।

o ਟਰੋਂਟੋ ਦੀਆਂ ਦੋ ਜਥੇਬੰਦੀਆਂ IPANA ਤੇ EIWA ਵਲੋਂ ਲੋਕਾਂ 'ਚ ਵੰਡਿਆ ਗਿਆ ਇਕ ਬੁਲੀਟਨ ਸੈਂਟਰ ਤੇ ਅਕਾਲੀਆਂ ਦੋਨਾਂ ਦੀਆਂ ਚਾਲਾਂ ਨੂੰ ਨੰਗਿਆਂ ਕਰਦਾ ਹੈ। ਉਹਦੇ ਮੁਤਾਬਕ ਬਰਤਾਨਵੀ ਸਾਮਰਾਜੀਆਂ ਦੀ "ਪਾੜ ਅਤੇ ਰਾਜ ਕਰੋ" ਦੀ ਨੀਤੀ ਤੇ ਚਲਦਿਆਂ ਹੋਇਆਂ ਭਾਰਤ ਦੀ ਸਾਮਰਾਜੀ ਦਲਾਲ ਸਰਮਾਏਦਾਰਾਂ, ਜਾਗੀਰ-ਦਾਰਾ ਇੰਦਰਾ ਸਰਕਾਰ ਲੋਕਾਂ ਵਿਚ ਧਰਮਾਂ, ਫਿਰਕਿਆਂ, ਬੋਲੀਆਂ, ਜਾਤਾਂ-ਪਾਤਾਂ ਜਾਂ ਅਜਿਹੇ ਹੋਰ ਢੰਗਾਂ ਰਾਹੀਂ ਫੁੱਟ ਪਾ ਕੇ ਆਪਣੀ ਡੁੱਬ ਰਹੀ ਬੇੜੀ ਨੂੰ ਬਚਾਉਣ ਲਈ ਨਾਕਾਮਯਾਬ ਕੋਸ਼ਿਸ਼ਾਂ ਕਰ ਰਹੀ ਹੈ ਇਸੇ ਹੀ ਫੁੱਟ-ਪਾਊ ਨੀਤੀ ਨੂੰ ਬਰਕਰਾਰ ਰੱਖਦੇ ਹੋਏ ਪੰਜਾਬ ਦੇ ਮਸਲੇ ਹੁਣ ਤੱਕ ਸਹੀ ਢੰਗ ਨਾਲ ਹੱਲ ਨਹੀਂ ਕੀਤੇ ਗਏ ਜਿਹਾ ਕਿ ਚੰਡੀਗੜ੍ਹ, ਭਾਸ਼ਾ ਤੇ ਅਧਾਰਤ ਇਲਾਕੇ ਜਾਂ ਦਰਿਆਈ ਪਾਣੀਆਂ ਦਾ ਮਸਲਾ ਆਦਿ। ਮੌਕਾਪ੍ਰਸਤ ਲੀਡਰਾਂ ਨੇ ਪੰਜਾਬ ਦੇ ਲੋਕਾਂ ਦੀਆਂ ਇਨ੍ਹਾਂ ਸਾਂਝੀਆਂ ਅਤੇ ਹੱਕੀ ਮੰਗਾਂ ਨੂੰ ਸਾਰੇ ਪੰਜਾਬੀਆਂ ਦੀਆਂ ਮੰਗਾਂ ਕਹਿਣ ਦੀ ਬਜਾਏ ਮੰਗਾਂ ਨੂੰ ਧਾਰਮਿਕ ਰੰਗ ਦਿੱਤਾ ਹੋਇਆ ਹੈ ਕਿਉਂਕਿ ਇਹ ਲੋਕ-ਵਿਰੋਧੀ ਲੀਡਰ ਵੀ ਆਪਣੀਆਂ ਰਾਜਸੀ ਗੱਦੀਆਂ ਪ੍ਰਾਪਤ ਕਰਨ ਦੀ ਹਵਸ ਪੂਰੀ ਕਰਨ ਲਈ ਆਮ ਲੋਕਾਂ ਨੂੰ ਧਰਮ ਦੇ ਫਿਰਕੂ ਜਾਲ ਵਿਚ ਫਸਾ ਕੇ ਆਪਣੀਆਂ ਜਗੀਰਾਂ ਨੂੰ ਸੁਰਖਿਅਤ ਰਖਣਾ ਚਾਹੁੰਦੇ ਹਨ ਤਾਂ ਜੋ ਮਿਹਨਤਕਸ਼ ਅਤੇ ਗਰੀਬ ਲੋਕਾਂ ਦੀ ਲੁੱਟ ਨੂੰ ਬ੍ਰਕਰਾਰ ਰਖਿਆ ਜਾ ਸਕੇ। ਅੱਜ ਇਹੀ ਕੁਝ ਪੰਜਾਬ ਤੋਂ ਬਾਹਰਲੇ ਸੂਬਿਆਂ ਵਿਚ ਵੀ ਹੋ ਰਿਹਾ ਹੈ।

o ਇਪਾਨਾ ਅਤੇ ਵੈਨਕੂਵਰ ਸੱਥ ਵਲੋਂ ਵਡੇ ਪੱਧਰ ਤੇ ਸਭਿਆਚਾਰਕ ਪ੍ਰੋਗਰਾਮ ਕਰਕੇ ਫਿਰਕੂ ਜਨੂੰਨ ਵਿਰੁੱਧ ਲੋਕਾਂ ਨੂੰ ਖ਼ਬਰਦਾਰ ਕੀਤਾ ਜਾ ਰਿਹਾ ਹੈ।

o ਕੈਨੇਡਾ 'ਚੋਂ ਨਿਕਲਦੇ ਸਾਹਿਤਕ ਪਰਚੇ ਵਤਨੋਂ ਦੂਰ ਵਲੋਂ ਫਿਰਕੂ ਜਨੂੰਨ ਵਿਰੁੱਧ ਇਕ ਵਿਚਾਰ ਚਰਚਾ ਸ਼ੁਰੂ ਕੀਤੀ ਗਈ ਹੈ ਤੇ ਹੇਠ ਲਿਖੇ ਸਵਾਲ ਸੰਪਾਦਕ ਸੁਰਿੰਦਰ ਧੰਜਲ ਵਲੋਂ ਇਸ ਵਿਚਾਰ ਚਰਚਾ ਲਈ ਖੜੇ ਕੀਤੇ ਗਏ ਹਨ:

1. ਸਿੱਖਾਂ ਦੀ ਮੁੱਖ ਜੱਥੇਬੰਦੀ ਸ਼ਰੋਮਣੀ ਅਕਾਲੀ ਦਲ ਦੀ ਲੋਕਾਂ ਵੱਲ ਬੁਨਿਆਦੀ ਨੀਤੀ ਅਮਲੀ ਰੂਪ ਵਿੱਚ ਕਿਹੋ ਜਿਹੀ ਹੈ? ਜਦੋਂ ਰਾਜ ਸੱਤਾ ਇਸ ਪਾਰਟੀ ਦੇ ਹੱਥ ਵਿੱਚ ਸੀ ਤਾਂ ਸਮੁੱਚਾ ਰਾਜ-ਪ੍ਰਬੰਧ ਕਿੰਨਾ ਕੁ ਲੋਕ-ਹਿਤੂ ਸੀ; ਬਾਕੀ ਪਾਰਟੀਆਂ ਤੋਂ ਕਿੰਨਾ ਕੁ ਵੱਖਰਾ ਸੀ? ਇਸ ਜੱਥੇਬੰਦੀ ਦਾ 'ਧਰਮ-ਯੁੱਧ' ਕੀ ਹੈ? ਇਸ ਵਿੱਚ ਵੱਖ ਵੱਖ ਧੜੇ ਕਿਹੜੇ ਹਨ ਅਤੇ ਉਨ੍ਹਾਂ ਵਿੱਚ ਕੀ ਕੀ ਮੱਤ ਭੇਦ ਹਨ? ਇਸ ਜਥੇਬੰਦੀ ਦੇ ਸ਼ਰੋਮਣੀ ਧਾਰਮਕ ਸਥਾਨਾਂ ਵਿੱਚੋਂ ਹੋ ਰਹੀ ਬਿਆਨਬਾਜ਼ੀ ਅਤੇ ਸਰਗਰਮੀਆਂ ਕਿੰਨੀਆਂ ਕੁ ਧਾਰਮਕ, ਕਿੰਨੀਆਂ ਕੁ ਰਾਜਨੀਤਕ ਅਤੇ ਕਿੰਨੀਆਂ ਕੁ ਫਿਰਕਾ ਪ੍ਰਸੱਤ ਹਨ ਤੇ ਕਿਉਂ? ਧਰਮ, ਰਾਜਨੀਤੀ, ਫਿਰਕਾਪ੍ਰਸੱਤੀ ਅਤੇ ਜਨੂੰਨ ਦਾ ਆਪਸ ਵਿੱਚ ਕੀ ਸੰਬੰਧ ਹੈ? 'ਧਰਮ-ਯੁੱਧ' ਦਾ ਆਧਾਰ ਕਿਹੜੀਆਂ ਕਿਹੜੀਆਂ ਮੰਗਾਂ ਹਨ? ਇਹ ਮੰਗਾਂ ਕਿੰਨੀਆਂ ਕੁ ਲੋਕ-ਹਿਤੂ ਹਨ? 'ਪੰਜਾਬੀਅਤ' ਦੀ ਕੀ ਪਰਿਭਾਸ਼ਾ ਹੈ? 'ਪੰਜਾਬੀ ਸੂਬਾ' ਬਣਨ ਨਾਲ ਪੰਜਾਬੀ ਨੂੰ ਕੀ 'ਫਾਇਦੇ/ਨੁਕਸਾਨ' ਹੋਏ/ ਹੋ ਰਹੇ ਹਨ? ਇਸ ਸੂਬਾ-ਬੰਦੀ ਪਿੱਛੇ ਗੱਦੀਆਂ ਹਥਿਆਉਣ ਦੀ ਲਾਲਸਾ ਸੀ ਜਾਂ ਪੰਜਾਬੀ-ਸਨੇਹ; ਜਾਂ ਕੁਝ ਹੋਰ?

2. ਸ਼੍ਰੋਮਣੀ ਅਕਾਲੀ ਦਲ ਤੋਂ ਬਿਨਾਂ ਸਿੱਖਾਂ ਦੇ ਫਿਰਕੇ/'ਨਿਰੰਕਾਰੀ'। 'ਦਮਦਮੀ ਟਕਸਾਲ' ਕੀ ਹਨ? 'ਦਲ ਖਾਲਸਾ''ਬਬਰ ਖਾਲਸਾ','ਸਿੱਖ ਸਟੂਡੈਂਟਸ ਫੈਡਰੇਸ਼ਨ' ਦੇ ਪਿੱਛੇ ਕੀ ਅਸਲੀਅਤ ਹੈ? ਸੰਤ ਜਰਨੈਲ ਸਿੰਘ ਭਿੰਡਰਾਂ ਵਾਲਾ (ਦਮਦਮੀ ਟਕਸਾਲ) ਦੀਆਂ ਨੀਤੀਆਂ ਕੀ ਹਨ? ਉਸਦੇ ਸ਼੍ਰੋਮਣੀ ਅਕਾਲੀ ਦਲ ਦਾ ਕੋਈ ਵੀ ਅਹੁਦੇ-ਦਾਰ ਨਾ ਹੋਣ ਦੇ ਬਾਵਜੂਦ ਵੀ ਸਿੱਖਾਂ ਵਿੱਚ ਉਸਦੇ ਏਨਾ ਪ੍ਰਸਿੱਧ ਹੋਣ ਦੇ ਕੀ ਕਾਰਣ ਹਨ: ਡਰ/ਜਨੂੰਨ/ਫਿਰਕਾ ਪ੍ਰਸਤੀ/ਅੰਨੀ ਧਾਰਮਕ ਸ਼ਰਧਾ ਜਾਂ ਕੁਝ ਹੋਰ? ਕੀ ਭਿੰਡਰਾਂ ਵਾਲਾ ਜ਼ੈਲ ਸਿੰਘ (ਰਾਸ਼ਟਰਪਤੀ) ਦੀ ਪੈਦਾਵਾਰ ਹੈ? ਕੀ ਭਿੰਡਰਾਂ ਵਾਲਾ ਸ਼ਹੀਦ ਭਗਤ ਸਿੰਘ ਦੀ ਭੈਣ ਅਮਰ ਕੌਰ ਦੇ ਬਿਆਨਾਂ ਮੁਤਾਬਕ 'ਕਾਫ਼ਰ' ਹੈ/ਜਾਂ ਮੋਮਨ? ਭਿੰਡਰਾਂਵਾਲੇ ਦਾ ਨਾਟਕੀ ਢੰਗ ਨਾਲ ਗੁਰੂ ਨਾਨਕ ਨਿਵਾਸ ਵਿੱਚੋਂ ਨਿੱਕਲਕੇ ਅਕਾਲ ਤਖ਼ਤ ਦੀ ਧਾਰਮਕ ਸੁਰੱਖਿਅਤਾ ਦੀ ਪਹਿਲਾਂ ਨਾਲੋਂ ਵੀ ਵਧੀਆ ਓਟ ਵਿੱਚ ਚਲੇ ਜਾਣ ਦਾ ਕੀ ਭੇਦ ਹੈ? ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਭਿੰਡਰਾਂ ਵਾਲਾ ਇੱਕ ਮਿਆਨ ਵਿੱਚ ਦੋ ਤਲਵਾਰਾਂ ਵਾਂਗ ਕਿਵੇਂ ਸਮਾਏ ਹੋਏ ਹਨ?

3. 'ਖਾਲਿਸਤਾਨ ਲਹਿਰ' ਕੀ ਹੈ? ਡਾ: ਜਗਜੀਤ ਸਿੰਘ ਦਾ ਕੀ ਪਿਛੋਕੜ ਹੈ? ਇਸ ਲਹਿਰ ਦੇ ਕਈ ਧੜਿਆਂ 'ਚ ਵੰਡੇ ਜਾਣ ਦੇ ਕੀ ਕਾਰਣ ਹਨ? ਇਨ੍ਹਾਂ ਧੜਿਆਂ 'ਚ ਕੀ ਮੱਤ-ਭੇਦ ਹੈ? ਦੇਸ਼-ਬਦੇਸ਼ ਵਿੱਚ ਇਸ ਲਹਿਰ ਦਾ ਸਮਰਥਨ ਕੌਣ ਕਰ ਰਿਹਾ ਹੈ ਅਤੇ ਕਿਉਂ?

4. ਯੋਗੀ ਹਰਭਜਨ ਸਿੰਘ ਕਦੇ 'ਸਿੰਘ ਸਾਹਿਬ' ਹੁੰਦਾ ਹੈ ਕਦੇ ਇਕੱਲਾ 'ਯੋਗੀ ਭਜਨ'? ਸ਼੍ਰੋਮਣੀ ਅਕਾਲੀ ਦਲ ਤੋਂ ਸਿਰੋਪਾ ਦਾਖਲ ਕਰਨ ਵਾਲਾ ਅਤੇ ਅਮਰੀਕਾ ਵਿੱਚ ਇੰਦਰਾ ਗਾਂਧੀ ਨੂੰ ਹਾਰ ਪਾਉਣ ਵਾਲਾ ਯੋਗੀ ਜਦੋਂ

ਕਹਿੰਦਾ ਹੈ ਕਿ ਪੰਜਾਬ ਦੇ ਫਿਰਕੂ ਫਸਾਦਾਂ ਦੀ ਅਸਲੀ ਜੜ੍ਹ ਤਾਂ ਕਮਿਊਨਿਸਟ ਹਨ ਤਾਂ ਉਸਨੂੰ ਇਹ 'ਆਕਾਸ਼ ਬਾਣੀ' ਕਿਥੋਂ ਹੁੰਦੀ ਹੈ ? ਇਸ ਫ਼ਤਵੇ ਵਿੱਚ ਕਿੰਨੀ ਕੁ ਸੱਚਾਈ, ਕਿੰਨਾ ਕੁ ਕੂੜ ਹੈ ਅਤੇ ਕਿਉਂ ?

5. ਸੰਤ ਹਰਚੰਦ ਸਿੰਘ ਲੌਂਗੋਵਾਲ/ਸ਼ਰੋਮਣੀ ਅਕਾਲੀ ਦਲ/ਧਰਮ ਯੁੱਧ; ਸੰਤ ਜਰਨੈਲ ਸਿੰਘ ਭਿੰਡਰਾਂ ਵਾਲਾ/ਦਲ ਖਾਲਸਾ/ਬਬਰ ਖ਼ਾਲਸਾ/ਨਿਰੰਕਾਰੀ; ਜਗਜੀਤ ਸਿੰਘ ਚੌਹਾਨ/ਖ਼ਾਲਿਸਤਾਨ/ਤਲਵਿੰਦਰ ਸਿੰਘ ਬੱਬਰ; ਯੋਗੀ ਭਜਨ—ਇੰਨ੍ਹਾਂ ਸਾਰਿਆਂ ਦਾ ਆਪਸ ਵਿੱਚ ਕੀ ਸੰਬੰਧ ਹੈ ?

6. ਇੰਨ੍ਹਾਂ ਸਭ ਜੱਥੇਬੰਦੀਆਂ/ਵਿਅਕਤੀਆਂ ਦੀਆਂ ਸਰਗਰਮੀਆਂ ਦੇ ਪੰਜਾਬ ਦੇ ਲੋਕਾਂ 'ਤੇ ਦੇਸ਼-ਬਦੇਸ਼ ਵਿੱਚ ਕੀ ਅਸਰ ਹੋਏ/ਹੋ ਰਹੇ ਹਨ ? ਬਦੇਸ਼ਾਂ (ਖ਼ਾਸ ਕਰਕੇ ਕੈਨੇਡਾ, ਅਮਰੀਕਾ, ਇੰਗਲੈਂਡ) ਵਿੱਚ ਇਨ੍ਹਾਂ ਲਹਿਰਾਂ ਦਾ ਕਿੰਨਾ ਕੁ ਸਮਰਥਨ ਹੈ; ਕੀ ਪ੍ਰਭਾਵ ਹੈ ? ਬਦੇਸ਼ਾਂ ਵਿੱਚ ਇੰਨ੍ਹਾਂ ਲਹਿਰਾਂ ਦਾ ਮੁੱਖ ਪ੍ਰਭਾਵ ਉਸਾਰਨ ਵਾਲੇ ਅਦਾਰੇ (ਅਖ਼ਬਾਰ, ਜੱਥੇਬੰਦੀਆਂ, ਵਿਅਕਤੀ) ਕੌਣ ਹਨ ? ਆਪਣੇ ਪ੍ਰਭਾਵ ਬਣਾਉਣ ਲਈ ਦਸ ਹਜ਼ਾਰ ਮੀਲ ਦੂਰ ਹਿੰਦੁਸਤਾਨ ਤੋਂ ਪਹੁੰਚਣ ਵਾਲੀ Information ਇੰਨ੍ਹਾਂ ਨੂੰ ਕਿਹੜੇ ਕਿਹੜੇ ਵਿਅਕਤੀਆਂ/ਵਸੀਲਿਆਂ ਰਾਹੀਂ ਪੁਜਦੀ ਹੈ ? ਉਹ ਕਿੰਨੇ ਕੁ ਭਰੋਸੇ ਯੋਗ ਹਨ ? Informatjon ਦੇ ਠੀਕ ਠੀਕ ਪਹੁੰਚਣ ਅਤੇ ਠੀਕ ਠੀਕ ਵਿਆਖਿਆ ਕੀਤੇ ਜਾਣ ਦੀ ਕਿੰਨੀ ਕੁ ਸੰਭਾਵਨਾ ਹੈ ?

ਇਹ ਅਤੇ ਹੋਰ ਸੰਬੰਧਤ ਸਵਾਲਾਂ ਉੱਤੇ ਸਾਨੂੰ ਸਭਨੂੰ ਲੋਕ-ਹਿਤੂ ਪੁਜੀਸ਼ਨਾਂ ਅਪਣਾਉਣੀਆਂ ਚਾਹੀਦੀਆਂ ਹਨ। ਧਰਮ ਜਾਂ ਫਿਰਕਾ-ਪ੍ਰਸਤੀ ਦੇ ਆਧਾਰ ਉੱਤੇ ਪੈਦਾ ਹੋਏ ਰਾਜਾਂ ਵਿੱਚ ਲੋਕਾਂ ਦੀਆਂ ਸਮੱਸਿਆਵਾਂ ਵਧੀਆਂ ਹੀ ਹਨ, ਘਟੀਆਂ ਨਹੀਂ—ਅੱਜ ਸਾਡੀਆਂ ਅੱਖਾਂ ਦੇ ਸਾਹਮਣੇ ਹੀ ਨਵੇਂ ਪਾਕਿਸਤਾਨ, ਨਵੇਂ ਬੰਗਲਾ ਦੇਸ਼, ਨਵੇਂ ਈਰਾਨ ਬਣਨ ਦੇ ਹਾਲਤ ਪੈਦਾ ਹੋ ਰਹੇ ਹਨ ਜਿੱਥੇ ਵੰਡ-ਵੰਡਾਰੇ/ਫਿਰਕੂ ਜਨੂੰਨ ਵਿੱਚ ਨੌਜਵਾਨ ਧੀਆਂ ਭੈਣਾਂ ਦੀ ਅਸਮਤ ਦੀ ਹੋਲੀ ਖੇਡੀ ਜਾ ਸਕਦੀ ਹੈ; ਬੇਬੱਸ ਬੱਚਿਆਂ, ਬੁੱਢਿਆਂ, ਇਸਤਰੀਆਂ ਨੂੰ ਮੌਤ ਦੇ ਘਾਟ ਉਤਾਰਿਆ ਜਾ ਸਕਦਾ ਹੈ—ਅਤੇ ਸਮਾਜਕ-ਆਰਥਕ-ਰਾਜਨੀਤਕ ਖੇਤਰਾਂ ਵਿੱਚ ਅਨੇਕਾਂ ਭਿਆਨਕ ਮਸਲੇ ਜਨਮ ਲੈਣਗੇ। "ਪਾਠਕ-ਲੇਖਕ-ਵਿਚਾਰ-ਚਰਚਾ" ਕਾਲਮ ਵਿੱਚ ਇੱਕ ਗੰਭੀਰ ਬਹਿਸ ਛੇੜਨ ਲਈ ਅਸੀਂ ਸਾਡੇ ਸਾਹਿੱਤਕਾਰਾਂ, ਬੁੱਧੀਜੀਵੀਆਂ, ਪਾਠਕਾਂ ਅਤੇ ਰਾਜਨੀਤਕ ਘੁਲਾਟੀਆਂ ਨੂੰ ਖੁੱਲਾ ਸੱਦਾ-ਪੱਤਰ ਦਿੰਦੇ ਹਾਂ।

ਲਲਕਾਰ ਅਖ਼ਬਾਰ ਦਾ ਸੰਪਾਦਕੀ ਲਿਖਦਾ ਹੈ !

"ਭਾਰਤ ਮਜ਼ਦੂਰ ਸਭਾ ਗ੍ਰੇਟ ਬਰਿਟੇਨ ਨੂੰ ਜਿਸ ਹਾਲਤ ਦੀ ਬੜੀ ਦੇਰ ਤੋਂ ਚਿੰਤਾ ਸੀ ਅਤੇ ਜਿਸ ਬਾਰੇ ਅਸੀਂ ਪਿਛਲੇ ਤਿੰਨ ਸਾਲਾਂ ਤੋਂ ਅਗਾਹੀ ਦਿੰਦੇ ਆ ਰਹੇ ਹਾਂ ਉਹ ਮੰਦਭਾਗੀ ਹਾਲਤ ਵਾਪਰਨੀ ਸ਼ੁਰੂ ਹੋ ਗਈ ਹੈ। ਹਿੰਦ ਤੋਂ ਪੁੱਜੀਆਂ ਖ਼ਬਰਾਂ ਅਨੁਸਾਰ ਪਿਛਲੇ ਦੋ ਹਫ਼ਤਿਆਂ ਵਿਚ ਹਿੰਦੂ-ਸਿੱਖ ਫਸਾਦਾਂ ਕਾਰਨ ਪੰਜਾਬ ਅਤੇ ਹਰਿਆਨੇ ਵਿਚ ਕੋਈ 60 ਵਿਅਕਤੀ ਮੌਤ ਘਾਟ ਉਤਾਰੇ ਜਾ ਚੁੱਕੇ ਹਨ। ਅੰਮ੍ਰਿਤਸਰ ਜ਼ਿਲ੍ਹੇ ਵਿਚ ਮੋਟਰਸਾਈਕਲ ਸਵਾਰ ਸਿੱਖ ਜਨੂੰਨੀਆਂ ਹੱਥੋਂ ਮਰਨ ਵਾਲੇ ਸਤ ਵਿਅਕਤੀਆਂ ਵਿਚ ਗੁਰਬਖਸ਼ ਸਿੰਘ ਦਾ ਪੋਤਾ ਅਤੇ ਕਹਾਣੀਕਾਰ ਨਵਤੇਜ ਸਿੰਘ ਸਿੰਘ ਦਾ ਪੁੱਤਰ ਸ਼ੰਮੀ ਵੀ ਸ਼ਾਮਲ ਸੀ।

ਦੂਜੇ ਪਾਸੇ, ਹੁਣ ਹਿੰਦੂ ਜਨੂੰਨੀਆਂ ਨੇ ਭੀ ਹਰਿਆਣਾ ਵਿਚ ਸਿੱਖ ਜਨੂੰਨੀਆਂ ਵਾਲੇ ਘਨਾਉਣੇ ਅਤੇ ਗ਼ੈਰ ਇਨਸਾਨੀਅਤ ਵਾਲੇ ਢੰਗ ਅਪਣਾਅ ਲਏ ਹਨ।

ਸਾਨੂੰ ਇੰਦਰਾ ਗਾਂਧੀ ਜਾਂ ਭਜਨ ਲਾਲ ਦੀ ਸਰਕਾਰ ਬਾਰੇ ਕੋਈ ਸ਼ੱਕ ਨਹੀਂ ਤੇ ਨਾਂ ਹੀ ਇਸ ਬਾਰੇ ਕਿ ਇਹ ਆਪਣੀ ਤਾਕਤ ਨੂੰ ਕਾਇਮ ਰੱਖਣ ਲਈ ਕੋਈ ਵੀ ਹਥਿਆਰ ਵਰਤਣ ਨੂੰ ਤਿਆਰ ਹਨ ਅਤੇ ਵਰਤਦੇ ਆਏ ਹਨ। ਇੰਦਰਾ ਸਰਕਾਰ ਦਾ ਸੈਕੂਲਰ-ਇਜ਼ਮ ਸਰਮਾਏਦਾਰੀ ਨਿਜ਼ਾਮ ਨੂੰ ਕਾਇਮ ਰੱਖਣ ਤਕ ਹੀ ਹੈ।

ਵਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ, ਉਹਨਾਂ ਦੀ ਸੰਸਥਾਵਾਂ ਅਤੇ ਉਹਨਾਂ ਦੇ ਅਖ਼ਬਾਰਾਂ ਦਾ ਇਹ ਇਤਿਹਾਸਕ ਫ਼ਰਜ਼ ਬਣਦਾ ਹੈ ਕਿ ਪੰਜਾਬ ਵਿਚ ਹੋ ਰਹੀ ਤ੍ਰਿਕੋਨੀ ਲੜਾਈ ਦੇ ਪੋਲ ਖੋਲ੍ਹ ਕੇ, ਸਿੱਖ ਅਤੇ ਹਿੰਦੂ ਫਿਰਕਾਪ੍ਰਸਤੀ ਦਾ ਵਿਰੋਧ ਕਰਦਿਆ ਸਭ ਧਰਮਾਂ ਦੇ ਭਾਰਤੀ ਮਜ਼ਦੂਰਾਂ ਵਿਚ ਏਕਤਾ ਕਾਇਮ ਰਖਣ ਅਤੇ ਇਸ ਏਕਤਾ ਦੇ ਵਧਣ ਫੁੱਲਣ ਲਈ ਹਰ ਉਪਰਾਲਾ ਕਰਨ।"

ਲੋੜ ਹੈ ਕਿ ਅਸੀਂ ਜਿਥੇ ਵੀ ਬੈਠੇ ਹਾਂ, ਆਪਣੇ ਯਤਨਾਂ ਨੂੰ ਹੋਰ ਤੇਜ਼ ਕਰਕੇ ਪੰਜਾਬ ਦੇ ਸਾਧਾਰਨ ਲੋਕਾਂ ਵਲ ਆਪਣਾ ਫ਼ਰਜ਼ ਨਿਭਾਈਏ। —ਗੁਰਸ਼ਰਨ ਸਿੰਘ

## ਗ਼ਜ਼ਲ

—ਆਤਮਜੀਤ

ਮੇਰੇ ਸ਼ਹਿਰ ਵਿਚ ਬੜੀਆਂ ਕੰਧਾਂ,
ਖੜ੍ਹੀਆਂ ਬਣਕੇ ਮੜ੍ਹੀਆਂ ਕੰਧਾਂ।
ਅਸਾਂ ਨੇ ਰਲ ਕੇ ਢਾਹੀਆਂ ਉਹ,
ਸਾਡੇ ਲਈ ਜੋ ਲੜੀਆਂ ਕੰਧਾਂ।
ਨੀਹਾਂ ਹੀ ਹੁਣ ਨਿਕਲਣ ਬਾਹਰ,
ਧਰਤੀ ਦੇ ਵਿਚ ਵੜੀਆਂ ਕੰਧਾਂ।
ਇਸ ਛੱਤ ਦਾ ਹੁਣ ਕੀ ਭਰਵਾਸਾ,
ਹੁਣ ਕੋਠੇ ਉੱਤੇ ਚੜ੍ਹੀਆਂ ਕੰਧਾਂ।
ਸਾਨੂੰ ਤਾਂ ਇਕ ਖਿੜਕੀ ਕਾਫ਼ੀ,
ਰਹਿਣ ਵਿਚਾਲੇ ਖੜ੍ਹੀਆਂ ਕੰਧਾਂ।
ਕੱਚੀਆਂ ਇੱਟਾਂ ਪੱਕਣ ਯਾਰੋ,
ਬਾਹਰੋਂ ਦਿੱਸਣ ਸੜੀਆਂ ਕੰਧਾਂ।

o

# ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦਾ ਭਾਰਤ ਦੇ ਭਵਿੱਖ ਦਾ ਸੰਕਲਪ

**ਪ੍ਰੋ: ਜਗਮੋਹਨ ਸਿੰਘ**

ਮੇਰੀ ਹਵਾ ਮੇਂ ਰਹੇਂਗੀ ਖ਼ਿਆਲ ਕੀ ਬਿਜਲੀਆਂ ।
ਯਹ ਮੁਸ਼ਤੇ ਖਾਕ ਹੈ ਫਾਨੀ ਰਹੇ ਨਾ ਰਹੇ ॥

ਫਾਂਸੀ ਕੋਠਰੀ ਤੋਂ ਆਪਣੇ ਛੋਟੇ ਭਾਈ ਨੂੰ ਲਿਖੇ ਖੱਤ ਵਿੱਚ ਸ਼ਹੀਦ ਭਗਤ ਸਿੰਘ ਨੇ ਇਹ ਸ਼ੇਅਰ ਲਿਖ ਕੇ ਭੇਜਿਆ ਸੀ। ਉਹ ਖ਼ਿਆਲ ਜੋ ਬਿਜਲੀ ਵਾਂਗ ਜਨ ਜੀਵਨ ਵਿੱਚ ਰੌਂਅ ਪੈਦਾ ਕਰਕੇ ਰਹਿਣਗੇ, ਕਿਹੜੇ ਹਨ ਜਿਸ ਦਾ ਸ਼ਹੀਦ ਨੇ ਜ਼ਿਕਰ ਕੀਤਾ ਹੈ। ਅੱਜ 23 ਮਾਰਚ ਦੇ ਦਿਨ ਜਦ ਅਸੀਂ ਸ਼ਹੀਦ ਭਗਤ ਸਿੰਘ, ਸ਼ਹੀਦ ਸੁਖਦੇਵ ਸ਼ਹੀਦ ਰਾਜਗੁਰੂ ਦੀ ਸ਼ਹੀਦੀ ਦਾ 54ਵਾਂ ਦਿਨ ਮਨਾ ਰਹੇ ਹਾਂ, ਉਹ ਵਿਚਾਰ ਤੇ ਆਜ਼ਾਦ ਭਾਰਤ ਦੇ ਸੰਕਲਪ ਨੂੰ ਵਿਚਾਰਨਾ ਚੰਗਾ ਰਹੇਗਾ। ਖਾਸ ਕਰ ਕੇ ਜਦ ਅਸੀਂ ਆਲਾ ਦੁਆਲਾ, ਵੈਰ ਵਿਰੋਧ, ਮਸੂਮਾਂ ਦੇ ਖੂਨ ਅਤੇ ਵਖਰੇਵੇਂ ਦੀਆਂ ਹਵਾਵਾਂ ਨਾਲ ਦੂਸ਼ਤ ਹੈ—ਸ਼ਹੀਦਾਂ ਦੇ ਵਿਚਾਰ ਜਾਨਣਾ ਵੀ ਜ਼ਰੂਰੀ ਹੈ।

ਮੇਰਠ ਸਾਜ਼ਸ਼ ਕੇਸ, ਜੋ ਕਿ ਮਜ਼ਦੂਰਾਂ ਨੇਤਾਵਾਂ ਉਤੇ ਅੰਗਰੇਜ਼ ਸਾਮਰਾਜ ਨੇ ਚਲਾਇਆ ਸੀ ਦੇ ਇਕ ਅੰਗਰੇਜ਼ ਮਜ਼ਦੂਰ ਨੇਤਾ ਹੈਚਿਨਸਨ ਨੇ ਉਸ ਵਕਤ ਬਾਰੇ ਲਿਖਿਆ ਹੈ। ਉਸਦਾ ਕਹਿਣਾ ਹੈ ਕਿ 'ਭਾਵੇਂ ਭਗਤ ਸਿੰਘ ਨੇ ਸਾਡੇ ਮੁਕਦਮੇ ਦੀ ਮਹੱਤਤਾ ਨੂੰ ਲੋਕਾਂ ਦੀਆਂ ਅੱਖਾਂ ਔਹਲੇ ਕਰਕੇ ਆਪਣੇ ਮੁਕਦਮੇ ਨੂੰ ਲੋਕ ਲਹਿਰ ਬਣਾ ਲਿਆ ਹੈ। ਪਰ ਉਸਦੇ ਆਮ ਲੋਕਾਂ ਤੇ ਅਸਰ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਭਗਤ ਸਿੰਘ ਦਾ ਲੋਕ ਅਸਰ ਕਿੰਨਾ ਹੈ। ਇਸ ਦਾ ਪ੍ਰਮਾਣ ਇਸ ਗੱਲ ਵਿੱਚ ਹੈ ਅੱਗੇ ਕਾਂਗਰਸੀ ਸਤਿਆਗ੍ਰਹੀ ਜੇਹਲ ਆਉਂਦੇ ਸਮੇਂ ਸਿਰਫ ਮਹਾਤਮਾ ਗਾਂਧੀ ਜੀ ਦੇ ਨਾਹਰੇ ਲਗਾਉਂਦੇ ਸਨ ਪਰ ਹੁਣ ਅੱਧ ਤੋਂ ਵੱਧ ਵਾਰੀ ਇਨਕਲਾਬ ਜ਼ਿੰਦਾਬਾਦ ਦੇ ਨਾਹਰੇ ਲਗਾਉਂਦੇ ਹਨ। ਇਹ ਇਨਕਲਾਬੀ ਤਬਦੀਲੀ ਹੈ। ਇਕ ਮਨੁੱਖ ਦੀ ਜੈ ਤੋਂ ਇਕ ਵਿਚਾਰ ਦੀ ਜੈ ਤੱਕ ਜਨਤਾ ਨੂੰ ਲੈ ਜਾਣਾ ! ਇਨਕਲਾਬ ਜ਼ਿੰਦਾਬਾਦ ਅੰਗਰੇਜ਼ ਸਰਮਾਏਦਾਰੀ ਮੁਰਦਾਬਾਦ ਦਾ ਨਾਹਰਾ ਸੰਕਲਪ ਦੀ ਗੱਲ ਹੈ।

ਕਲਕੱਤੇ ਦੇ ਅਖਬਾਰ ਮਾਡਰਨ ਰੀਵਿਊ ਨੇ ਜਦ ਇਸ ਤੇ ਕਰੜੀ ਨੁਕਤਾਚੀਨੀ ਕੀਤੀ ਤਾਂ ਉਸਦੇ ਜੁਵਾਬ ਵਿਚ ਸ਼ਹੀਦ ਭਗਤ ਸਿੰਘ ਨੇ ਲਿਖਿਆ ਸੀ, "ਅਸੀਂ ਦੇਸ਼ ਵਿੱਚ ਬਿਹਤਰ ਤਬਦੀਲੀ ਦੀ ਸਪਿਰਟ ਤੇ ਉਨਤੀ ਦੀ ਖਾਹਸ਼ ਲਈ ਇਹ ਲਫਜ਼ ਇਨਕਲਾਬ ਦੀ ਵਰਤੋਂ ਕਰ ਰਹੇ ਹਾਂ। ਹੁੰਦਾ ਇਹ ਹੈ ਕਿ ਆਮ ਤੌਰ ਤੇ ਇਕ ਖੜੋਤ ਦੀ ਹਾਲਤ ਲੋਕਾਂ ਨੂੰ ਆਪਣੇ ਸ਼ਿਕੰਜੇ ਵਿੱਚ ਜਕੜ ਲੈਂਦੀ ਹੈ ਅਤੇ ਕਿਸੇ ਵੀ ਕਿਸਮ ਦੀ ਤਬਦੀਲੀ ਤੋਂ ਉਹ ਹਿਚਕਚਾਉਂਦੇ ਹਨ। ਬੱਸ ਇਸ ਜਮੂਦ ਤੇ ਬੇਹਰਕਤੀ ਨੂੰ ਤੋੜਨ ਦੀ ਖਾਤਰ ਇਕ ਇਨਕਲਾਬੀ ਸਪਿਰਟ ਪੈਦਾ ਕਰਨ ਦੀ ਲੋੜ ਮਹਿਸੂਸ ਹੁੰਦੀ ਹੈ। ਨਹੀਂ ਤਾਂ ਇਕ ਗਿਰਾਵਟ ਅਤੇ ਬਰਬਾਦੀ ਦਾ ਵਾਯੂ ਮੰਡਲ ਕਾਬਜ਼ ਹੋ ਜਾਂਦਾ ਹੈ ਅਤੇ ਲੋਕਾਂ ਨੂੰ ਗੁਮਰਾਹ ਕਰਨ ਵਾਲੀਆਂ ਗੈਰ ਤਰੱਕੀ ਪਸੰਦ ਤਾਕਤਾਂ ਉਨ੍ਹਾਂ ਨੂੰ ਗਲਤ ਰਾਹ ਲੈ ਜਾਣ ਵਿਚ ਕਾਮਯਾਬ ਹੋ ਜਾਂਦੀਆਂ ਹਨ। ਜਿਸ ਨਾਲ ਇਨਸਾਨੀ ਤਰੱਕੀ ਰੁਕ ਜਾਂਦੀ ਹੈ ਅਤੇ ਉਸ ਵਿੱਚ ਇਕ ਖੜੋਤ ਆ ਜਾਂਦੀ ਹੈ।

ਅੱਜ ਸਮਾਜੀ ਆਰਥਕ ਤੇ ਰਾਜਨੀਤਿਕ ਸੰਕਟ ਦੇ ਸਮੇਂ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੇ ਵਿਚਾਰ ਤੇ ਸੰਕਲਪ ਜਾਨਣਾ ਹੀ ਇਕ ਮਾਤਰ ਰਾਹ ਦਿਖਾ ਸਕਦਾ ਹੈ। ਨੌਜਵਾਨ ਸਭਾ ਦੇ ਮਨੋਰਥਪੱਤਰ ਵਿੱਚ, ਉਨ੍ਹਾਂ ਕਿਹਾ ਸੀ ਕਿ ਆਪਣੇ ਮਹਾਨ ਆਦਰਸ਼ ਦੀ ਠੀਕ ਠੀਕ ਪਹਿਚਾਣ ਹੋਣੀ ਚਾਹੀਦੀ ਹੈ ਤੇ ਇਹ ਮਹਾਨ ਆਦਰਸ਼ ਦੇ ਸੰਕਲਪ ਜਿਵੇਂ ਸ਼ਹੀਦ ਭਗਤ ਸਿੰਘ ਨੇ ਦੇਖੇ ਉਹ ਇਹ ਹਨ।

ਸ਼ਹੀਦ ਭਗਤ ਸਿੰਘ ਨੇ ਭਾਰਤੀ ਆਜ਼ਾਦੀ ਲਹਿਰਾਂ ਦੇ ਇਤਿਹਾਸ ਨੂੰ ਬੜੀ ਸਹਿਰਾਈ ਨਾਲ ਘੋਖਿਆ ਹੈ। ਅਥਾਹ ਕੁਰਬਾਨੀਆਂ ਬਾਦ ਵੀ ਸਫ਼ਲਤਾ ਤੋਂ ਦੂਰੀ ਨੇ ਉਨ੍ਹਾਂ ਅੱਗੇ ਇਹ ਸਵਾਲ ਖੜਾ ਕੀਤਾ ਕਿ ਇਸ ਸਫ਼ਲਤਾ ਨਾ ਪ੍ਰਾਪਤ ਕਰ ਸਕਣ ਦਾ ਕੀ ਕਾਰਨ ਹੈ। ਇਸ ਦੇ ਹੱਲ ਲਈ ਉਨ੍ਹਾਂ ਨੇ ਕੀ ਕੀਤਾ। ਸ਼ਹੀਦ ਭਗਤ ਦੇ ਸ਼ਬਦਾਂ ਵਿੱਚ ਹੀ, "ਅਧਿਐਨ ਕਰਨ ਦੇ ਅਹਿਸਾਨਾਂ ਦੀਆਂ ਤੰਗਾਂ ਮੇਰੇ ਮਨ ਵਿੱਚ ਉਭਰਦੀਆਂ ਰਹੀਆਂ, ਅਧਿਐਨ ਕਰ, ਤਾਂ ਕਿ ਤੂੰ ਆਪਣੇ ਵਿਰੋਧੀਆਂ ਦੀਆਂ ਦਲੀਲਾਂ ਦਾ ਜੁਵਾਬ ਦੇ ਸਕਣ ਦੇ ਯੋਗ ਹੋ ਜਾਏਂ। ਆਪਣੇ ਸਿਧਾਂਤ ਦੀ ਹਿਮਾਇਤ ਵਿੱਚ ਦਲੀਲਾਂ ਨਾਲ ਆਪਣੇ ਆਪ ਨੂੰ ਅਲੱਗ ਕਰਨ ਲਈ ਅਧਿਐਨ ਕਰਨ। ਮੈਂ ਅਧਿਅਨ ਕਰਨਾ ਸ਼ੁਰੂ ਕਰ ਦਿੱਤਾ। ਸਭ ਤੋਂ ਅਹਿਮ ਗੱਲ ਇਹ ਸੀ ਕਿ ਜਿਸ ਆਦਰਸ਼ ਵਾਸਤੇ ਅਸੀਂ ਜੂਝਣਾ ਹੈ ਉਸਦਾ ਸਪਸ਼ਟ ਸੰਕਲਪ ਸਾਡੇ ਸਾਹਮਣੇ ਹੋਵੇ," ਇਸ ਸੰਕਲਪ ਨੂੰ ਬਣਾਉਣ ਲਈ ਸ਼ਹੀਦ ਭਗਤ ਸਿੰਘ ਨੇ ਭਾਰਤੀ ਇਨਕਲਾਬੀ ਆਜ਼ਾਦੀ ਲਹਿਰਾਂ ਅਤੇ ਵੱਖ ਵੱਖ ਦੇਸ਼ਾਂ ਦੀਆਂ ਇਨਕਲਾਬੀ ਲਹਿਰਾਂ ਨੂੰ ਘੋਖਿਆ। ਇਸ ਦੇ ਨਤੀਜੇ

ਵੱਜੋਂ ਆਜ਼ਾਦ ਭਾਰਤ ਦਾ ਸੰਕਲਪ ਬਣਿਆ ਸਮਾਜਵਾਦ ਸੋਸਲਿਜ਼ਮ ਆਪਣੀ ਪਾਰਟੀ ਦਾ ਨਾ ਹਿੰਦੋਸਤਾਨ ਰੀਪਬਲੀਕਨ ਪਾਰਟੀ ਤੋਂ ਹਿੰਦੋਸਤਾਨ ਸੋਸ਼ਲਿਸਟ ਰੀਪਬਲੀਕਨ ਪਾਰਟੀ ਕਰ ਦਿੱਤਾ। ਉਸ ਦਾ ਮੁੱਖ ਉਦੇਸ਼ ਸੋਸਲਿਸਟ ਭਾਰਤ ਸਥਾਪਨਾ ਹੋ ਗਿਆ।

ਅੱਜ ਇਨਕਲਾਬ ਤੇ ਸੋਸਲਿਜ਼ਮ ਹੀ ਦੋ ਅਜੇਹੇ ਲਫ਼ਜ਼ ਹਨ ਜਿਨ੍ਹਾਂ ਦੀ ਸੰਕਲਪ ਰਹਿਤ ਵਰਤੋਂ ਕਰਕੇ ਖੁਦਗਰਜ਼ ਨੇਤਾਵਾਂ ਨੇ ਬਿਜਲੀ ਦੀ ਤੇਜ਼ੀ ਵਾਲੇ ਅਕੀਦੇ ਮਹਿਜ਼ ਬੇਜਾਨ ਲਫਜ਼ ਬਣਾ ਦਿੱਤੇ ਹਨ। ਪਰ ਸ਼ਹੀਦ ਭਗਤ ਸਿੰਘ ਇਸ ਗੱਲ ਤੋਂ ਚੇਤੰਨ ਸਨ। ਉਨ੍ਹਾਂ ਨੇ ਇਨ੍ਹਾਂ ਸੰਕਲਪਾਂ ਦੀ ਬੜੀ ਸਪਸ਼ਟਤਾ ਨਾਲ ਵਿਆਖਿਆ ਕੀਤੀ ਹੈ। ਜਿਵੇਂ ਭਵਿੱਖ ਦਾ ਸੰਘਰਸ਼ ਜਨਤਾ ਦਾ ਇਨਕਲਾਬ ਅਤੇ ਜਨਤਾ ਲਈ ਇਨਕਲਾਬ ਸਵਰਾਜ 98 ਫੀਸਦੀ ਲੋਕਾਂ ਲਈ ਹੋਵੇ "ਸਵਰਾਜ ਜਿਸ ਨੂੰ ਸਿਰਫ ਲੋਕ ਪ੍ਰਾਪਤ ਹੀ ਨਹੀਂ ਕਰਨਗੇ ਸਗੋਂ ਉਹ ਹੋਵੇਗਾ ਵੀ ਉਨ੍ਹਾਂ ਦਾ ਹੀ।

ਆਉਣ ਵਾਲੇ ਇਨਕਲਾਬ ਦਾ ਅਰਥ ਸਿਰਫ ਹਾਕਮਾਂ ਦੀ ਤਬਦੀਲੀ ਹੀ ਨਹੀਂ ਹੋਵੇਗਾ ਸਗੋਂ ਇਕ ਬਿਲਕੁਲ ਨਵੇਂ ਢਾਂਚੇ ਅਤੇ ਨਵੇਂ ਰਾਜ ਪ੍ਰਬੰਧ ਦੀ ਸਥਾਪਨਾ ਕਰਨਾ ਹੋਵੇਗਾ ਉਨ੍ਹਾਂ ਬਾਰ ਬਾਰ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਇਹ ਜ਼ਰੂਰੀ ਨਹੀਂ ਕਿ ਬੰਬਾਂ ਤੇ ਪਸਤੌਲ ਵਾਲਾ ਆਦਮੀ ਹੀ ਇਨਕਲਾਬੀ ਹੋਵੇ।

ਇਸੇ ਤਰ੍ਹਾਂ ਆਪਣੇ ਸੰਕਲਪ ਦੀ ਵਿਆਖਿਆ ਅਸੈਂਬਲੀ ਬੰਬ ਕੇਸ ਵਿਚ ਕਰਦੇ ਹੋਏ ਉਨ੍ਹਾਂ ਕਿਹਾ ਸੀ ਇਨਕਲਾਬ ਵਾਸਤੇ ਖ਼ੂਨੀ ਲੜਾਈਆਂ ਜ਼ਰੂਰੀ ਨਹੀਂ ਹਨ। ਅਤੇ ਨਾ ਹੀ ਇਸ ਵਿਚ ਨਿੱਜੀ ਬਦਲੇ ਲਈ ਕੋਈ ਥਾਂ ਹੈ। ਇਨਕਲਾਬ ਤੋਂ ਸਾਡਾ ਭਾਵ ਹੈ ਕਿ ਨੰਗੇ ਅਨਿਆ ਉੱਤੇ ਟਿਕਿਆਂ ਹੋਇਆ ਮੌਜੂਦਾ ਢਾਂਚਾ ਜ਼ਰੂਰ ਬਦਲਣਾ ਚਾਹੀਦਾ ਹੈ।...ਇਸ ਭਿਅੰਕਰ ਨਾ ਬਰਾਬਰੀ ਤੇ ਬਦੋਬਦੀ ਠੋਸੇ ਗਏ ਭੇਦ ਭਾਵ ਦਾ ਨਤੀਜਾ ਹਫੜਾ ਦਫੜੀ ਹੋਵੇਗਾ—ਸੋ ਇਕ ਬੁਨਿਆਦੀ ਤਬਦੀਲੀ ਦੀ ਲੋੜ ਹੈ। ਜਿਹੜੇ ਇਸ ਗੱਲ ਨੂੰ ਮਹਿਸੂਸ ਕਰਦੇ ਹਨ। ਉਨ੍ਹਾਂ ਦਾ ਫਰਜ਼ ਹੈ ਕਿ ਸਮਾਜਵਾਦ ਤੇ ਅਧਾਰਿਤ ਸਮਾਜ ਦਾ ਪੁਨਰ ਗਠਨ ਤੇ ਪੁਨਰ ਨਿਰਮਾਣ ਕਰਨ, ਜਦ ਤੱਕ ਇਹ ਨਹੀਂ ਕੀਤਾ ਜਾਂਦਾ ਅਤੇ ਜਦੋਂ ਤੱਕ ਮਨੁੱਖ ਦੀ ਲੁੱਟ ਤੇ ਕੌਮਾਂ ਦੇ ਰਾਹੀਂ ਕੌਮਾਂ ਦੀ ਲੁੱਟ ਦਾ ਖਾਤਮਾ ਨਹੀਂ ਕੀਤਾ ਜਾਂਦਾ, ਮਨੁੱਖਤਾ ਦੇ ਸਿਰ ਤੇ ਮੰਡਲਾ ਰਹੇ ਦੁਖਾਂਤ ਅਤੇ ਖ਼ੂਨ ਖਰਾਬੇ ਨੂੰ ਰੋਕਿਆ ਨਹੀਂ ਜਾ ਸਕਦਾ—ਇਨਕਲਾਬ ਤੋਂ ਸਾਡਾ ਭਾਵ ਅੰਤ ਇਕ ਐਸੀ ਵਿਵਸਥਾ ਨੂੰ ਕਾਇਮ ਕਰਨਾ ਹੈ, ਜਿਸ ਨੂੰ ਇਸ ਤਰ੍ਹਾਂ ਚਕਨਾਚੂਰ ਹੋਣ ਦਾ ਖ਼ਤਰਾ ਨਾ ਹੋਵੇ ਅਤੇ ਜਿਸ ਵਿਚ ਕਿਰਤੀ ਮਜ਼ਦੂਰ ਵਰਗ ਦੀ ਸਰਦਾਰੀ ਨੂੰ ਮੰਨਿਆ ਜਾਵੇ।

ਬੰਬ ਦੇ ਫੁਲਥਰੋਂ ਵਿਚ ਕਿਹਾ ਗਿਆ, "ਆਉ ਇਕ ਨਵੇਂ ਸਮਾਜ ਦੀ ਸਿਰਜਨਾ ਕਰੀਏ, ਜਿਸ ਵਿਚ ਆਰਥਿਕ ਅਨਿਆ ਅਸੰਭਵ ਹੋਵੇ! ਕਿਹਾ ਸੀ, "ਅਸੀਂ ਐਲਾਨ ਕਰਦੇ ਹਾਂ ਕਿ ਇਕ ਯੁੱਧ ਚੱਲ ਰਿਹਾ ਹੈ ਤੇ ਇਹ ਤਦ ਤੱਕ ਚੱਲੇਗਾ ਜਦ ਤੱਕ ਚੰਦ ਤਾਕਤਵਰ ਲੋਕ ਭਾਰਤੀ ਜਨਤਾ ਤੇ ਮਿਹਨਤ ਕਸ਼ ਲੋਕਾਂ ਨੂੰ ਤੇ ਉਨ੍ਹਾਂ ਦੇ ਆਮਦਨ ਦੇ ਵਸੀਲਿਆਂ ਨੂੰ ਲੁੱਟਦੇ ਰਹਿਣਗੇ ਉਹ ਲੁਟੇਰੇ ਕੋਈ ਹੋਣ। ਇਸ ਨਾਲ ਸਾਨੂੰ ਕੋਈ ਫਰਕ ਨਹੀਂ ਪੈਂਦਾ।"

ਆਜ਼ਾਦ ਦੇਸ਼ ਦੀ ਤੇ ਨਵੇਂ ਸਮਾਜ ਦੇ ਰੂਪ ਦੇ ਸੰਕਲਪ ਬਾਰੇ ਉਨ੍ਹਾਂ ਉਸੇ ਚਿੱਠੀ ਵਿਚ ਦ੍ਰਿੜਤਾ ਤੇ ਸਪਸ਼ਟਤਾ ਨਾਲ ਕਿਹਾ ਸੀ। "ਜਦ ਤੱਕ ਸਮਾਜਵਾਦੀ ਲੋਕ ਰਾਜ ਸਥਾਪਤ ਨਹੀਂ ਹੋ ਜਾਂਦਾ ਤੇ ਸਮਾਜ ਦਾ ਵਰਤਮਾਨ ਢਾਂਚਾ ਖ਼ਤਮ ਕਰਕੇ ਉਸ ਦੇ ਥਾਂ ਸਮਾਜਿਕ ਖੁਸ਼ਹੈਲੀ ਉੱਤੇ ਅਧਾਰਤ, ਨਵਾਂ ਸਮਾਜਕ ਢਾਂਚਾ ਨਹੀਂ ਉਸਰ ਜਾਂਦਾ ਜਦ ਤੱਕ ਹਰ ਤਰ੍ਹਾਂ ਦੀ ਲੁੱਟ-ਘਸੁੱਟ ਅਸੰਭਵ ਬਣਾ ਕੇ ਮਨੁੱਖਤਾ ਤੇ ਅਸਲ ਤੇ ਸਥਾਈ ਅਮਨ ਦੀ ਛਾਂ ਨਹੀਂ ਹੁੰਦੀ ਤਦ ਤੱਕ ਇਹ ਜੰਗ ਹੋਰ ਨਵੇਂ ਜੋਸ਼ ਹੋਰ ਵਧੇਰੀ ਨਿਡਰਤਾ, ਬਹਾਦਰੀ ਤੇ ਅਟੱਲ ਇਰਾਦੇ ਨਾਲ ਲੜੀ ਜਾਏਗੀ।" ਅਗੇ ਕਿਹਾ,

ਸਮਾਜਵਾਦੀ, ਪੂੰਜੀਵਾਦੀ ਲੁੱਟ ਕੁਝ ਦਿਨਾਂ ਦੀ ਖੇਡ ਹੈ। ਇਹ ਜੰਗ ਨਾ ਅਸਾਂ ਤੋਂ ਸ਼ੁਰੂ ਹੋਈਆਂ ਹੈ ਤੇ ਨਾ ਹੀ ਸਾਡੇ ਜੀਵਨ ਨਾਲ ਖ਼ਤਮ ਹੋਣਗੀਆਂ। ਇਹ ਤਾਂ ਇਤਿਹਾਸਕ ਕਾਰਨਾਂ ਤੇ ਆਲੇ ਦੁਆਲੇ ਪਸਰੇ ਹਾਲਤਾਂ ਦਾ ਜ਼ਰੂਰੀ ਨਤੀਜਾ ਹੈ। ਸਾਡੀ ਨਿਮਾਣੀ ਜਿਹੀ ਕੁਰਬਾਨੀ ਤਾਂ ਉਸ ਇਤਿਹਾਸਕ ਲੜੀ ਦੀ ਇਕ ਕੜੀ ਹੈ। ਜਿਸ ਨੂੰ ਜੋਤਿੰਨ ਦਾਸ ਦੀ ਬੇ-ਮਿਸਾਲ ਕੁਰਬਾਨੀ ਨੇ ਸ਼ਹੀਦ ਭਗਵਤੀ ਚਰਨ ਜੀ ਦੀ ਅਤੀ ਭਿਆਨਕ ਪਰ ਪਵਿੱਤਰ ਤੇ ਮਹਾਨ ਕੁਰਬਾਨੀ ਨੇ ਅਤੇ ਸਾਡੇ ਮਹਿਬੂਬ ਜਰਨਲ ਆਜ਼ਾਦ ਦੀ ਸ਼ਾਨਦਾਰ ਸ਼ਹਾਦਤ ਨੇ ਚਾਰ ਚੰਨ ਲਗਾਏ ਹਨ।

## ਆਦਰਸ਼ ਦੀ ਪੂਰਤੀ ਵਿਚ ਰੁਕਾਵਟਾਂ

ਅਜ਼ਾਦ ਭਾਰਤ ਲਈ ਆਦਰਸ਼ਾਂ ਦੇ ਸੰਕਲਪ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਰੱਖੇ। ਉਹ ਉਨ੍ਹਾਂ ਦੀ ਇਤਿਹਾਸਕ ਤੇ ਵਿਗਿਆਨਕ ਸੋਚ ਦੀ ਉਪਜ ਸੀ। ਇਕ ਵਿਗਿਆਨਕ ਇਨਕਲਾਬੀ ਦੇ ਨਾਤੇ ਉਨ੍ਹਾਂ ਨੇ ਉਸਨੂੰ ਪ੍ਰਾਪਤ ਕਰਨ ਲਈ ਰਾਹ ਦਾ ਪੂਰੀ ਚੇਤਨਾ ਤੇ ਜ਼ੁੰਮੇਵਾਰੀ ਨਾਲ ਨਿਰੀਖਣ ਕੀਤਾ। ਭਾਰਤੀ ਸਮਾਜਕ ਢਾਂਚੇ ਵਿਚ ਉਹ ਕੀ ਗੱਲਾਂ ਹਨ ਜੋ ਇਸ

ਆਦਰਸ਼ ਦੀ ਲੋਕ ਖੁਸ਼ਹਾਲੀ ਤੇ ਸਮਾਜਕ ਤਰੱਕੀ ਵਿਚ ਰੁਕਾਵਟ ਬਣਦੇ ਹਨ। ਉਨ੍ਹਾਂ ਦਾ ਜ਼ਿਕਰ ਸ਼ਹੀਦ ਭਗਤ ਸਿੰਘ ਨੇ ਆਪਣੀਆਂ ਲਿਖਤਾਂ ਵਿਚ ਇਸ ਤਰ੍ਹਾਂ ਕੀਤਾ ਹੈ। 1926 ਦੇ ਹਿੰਦੂ ਮੁਸਲਮਾਨ ਦੰਗੇ ਦੇਖਣ ਬਾਅਦ ਨੌਜਵਾਨ ਭਾਰਤ ਸਭਾ ਦਾ ਜਨਮ ਹੋਇਆ ਸੀ। ਅਜੋਕੇ ਹਾਲਤ ਗੰਭੀਰਤਾ ਨਾਲ ਵਾਚਨ ਬਾਅਦ ਉਨ੍ਹਾਂ ਲਿਖਿਆ ਸੀ। "ਨਿਸ਼ਚੇ ਹੀ ਇਨਸਾਨ ਦੀ ਪਸ਼ੂਆਂ ਨਾਲੋਂ ਜ਼ਿਆਦਾ ਕਦਰ ਹੋਣੀ ਚਾਹੀਦੀ ਹੈ। ਪਰ ਭਾਰਤ ਵਿਚ ਪਵਿੱਤਰ ਪਸ਼ੂਆਂ ਦੇ ਨਾਂ ਤੇ ਇਕ ਦੂਜੇ ਦੇ ਸਿਰ ਪਾੜ ਦਿੱਤੇ ਜਾਂਦੇ ਹਨ। ਫਿਰਕਾਪ੍ਰਸਤੀ ਨੇ ਸਾਡੀ ਸੋਚ ਨੂੰ ਇਕ ਤੰਗ ਘੇਰੇ ਵਿਚ ਬੰਦ ਕਰ ਛੱਡਿਆ ਹੈ। ਜਦ ਕਿ ਬਾਕੀ ਦੁਨੀਆਂ ਦੇ ਨੌਜਵਾਨ ਕੌਮਾਂਤਰੀ ਪੱਧਰ ਤੇ ਸੋਚਦੇ ਹਨ। ਪਰ ਇਸਦੇ ਨਾਲ ਹੀ ਸਮਾਜ ਦੇ ਦੂਸਰੇ ਸਿਰੇ ਤੇ ਆਦਰਸ਼ਵਾਦੀਆਂ ਬਾਰੇ ਉਨ੍ਹਾਂ ਲਿਖਿਆ। "ਕੁਝ ਆਲਸ ਤੇ ਨਿਕੰਮੇਪਣ ਨੂੰ ਅੰਤਰਰਾਸ਼ਟਰਵਾਦ ਦੇ ਬੁਰਕੇ ਵਿਚ ਛੁਪਾਂਦੇ ਹਨ।

ਅੱਗੇ ਲਿਖਿਆ ਹੈ :

ਮਜ਼ਬੀ ਵਹਿਮ ਤੇ ਤੁਅਸਬ ਕਟਰਵਾਦਤਾ—ਸਾਡੀ ਤਰੱਕੀ ਦੇ ਰਾਹ ਵਿਚ ਇਕ ਵੱਡੀ ਰੁਕਾਵਟ ਹਨ। ਇਹ ਹਮੇਸ਼ਾ ਸਾਡੇ ਰਾਹ ਵਿਚ ਰੋੜਾ ਸਾਬਤ ਹੁੰਦੇ ਹਨ। ਸਾਨੂੰ ਇਨ੍ਹਾਂ ਨੂੰ ਪਰੇ ਵਗਾਹ ਮਾਰਨਾ ਚਾਹੀਦਾ ਹੈ। ਜਿਹੜੀ ਚੀਜ਼ ਆਜ਼ਾਦ ਵਿਚਾਰਾਂ ਦੀ ਕਸਵੱਟੀ ਤੇ ਪੂਰੀ ਨਹੀਂ ਨਹੀਂ ਉਤਰਦੀ, ਅਵੱਸ਼ ਖਤਮ ਹੋ ਜਾਂਦੀ ਹੈ। ਹੋਰ ਕਈ ਅਜਿਹੀਆਂ ਕਮਜ਼ੋਰੀਆਂ ਹਨ। ਜਿਨ੍ਹਾਂ ਉਤੇ ਹਾਲੇ ਅਸੀਂ ਕਾਬੂ ਪਾਉਣਾ ਹੈ। ਵਿਦੇਸ਼ੀ ਹਾਕਮ ਹਿੰਦੂਆਂ ਸਿੱਖਾਂ ਦੀ ਕੱਟੜਤਾ ਤੇ ਪਿਛਾਂਹ-ਖਿੱਚੂ ਨੀਤੀ ਮੁਸਲਮਾਨਾਂ ਦੇ ਤੁਅੱਸਬ ਅਤੇ ਆਮ ਕਰਕੇ ਸਾਰੇ ਫਿਰਕਿਆਂ ਦੀ ਤੰਗ ਦਿਲੀ ਦਾ ਫਾਇਦਾ ਉਠਾਉਂਦੇ ਹਨ। ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਇਨਕਲਾਬੀ ਲਗਨ ਵਾਲੇ ਸਾਰੇ ਫਿਰਕਿਆਂ ਦੇ ਨੌਜਵਾਨਾਂ ਦੀ ਲੋੜ ਹੈ। ਅੱਗੇ ਲਿਖਿਆ ਹੈ—

"ਸਾਡਾ ਅਸਲ ਸੰਘਰਸ਼ ਸਾਡੀਆਂ ਆਪਣੀਆਂ ਕਮਜ਼ੋਰੀਆਂ ਵਿਰੁੱਧ ਹੈ। ਜਿਨ੍ਹਾਂ ਦਾ ਲਾਭ ਸਾਡਾ ਦੁਸ਼ਮਣ ਵੀ ਉਠਾਉਂਦਾ ਹੈ। ਅਤੇ ਸਾਡੇ ਵਿੱਚੋਂ ਕਈ ਖੁਦਗਰਜ਼ ਲੋਕ ਵੀ।

ਆਦਰਸ਼ ਪ੍ਰਾਪਤੀ ਲਈ ਗੁਣ :—

ਭਵਿੱਖ ਲਈ ਨਿਸਚਿਤ ਕੀਤੇ ਗਏ ਆਦਰਸ਼ ਤੇ ਸੰਕਲਪ ਦੀ ਪ੍ਰਾਪਤੀ ਲਈ ਕੁਝ ਮੂਲ ਗੁਣ ਵੀ ਭਗਤ ਸਿੰਘ ਨੇ ਆਖੇ, ਜਿਨ੍ਹਾਂ ਨੂੰ ਅਪਣਾਕੇ ਨੌਜਵਾਨ ਆਪਣਾ ਫਰਜ਼ ਅਦਾ ਕਰ ਸਕਦੇ ਹਨ। ਉਨ੍ਹਾਂ ਕਿਹਾ, "ਮਹਾਨ ਆਦਰਸ਼ ਦੀ ਠੀਕ ਠੀਕ ਪਹਿਚਾਣ ਹੋਣੀ ਚਾਹੀਦੀ ਹੈ। ਤੇ ਨੌਜਵਾਨੋ," ਜੇ ਹਿੰਮਤ ਕਰੋ ਤਾਂ ਮਨੁੱਖ ਮਹਾਨ ਬਣ ਸਕਦਾ ਹੈ। "ਪਰ" ਇਹ ਨਾ ਹੋਵੇ ਕਿ ਇਕ ਵਕਤ ਤੁਸਾਂ ਧੀਰਜ ਤੇ ਹੋਸ਼ ਗਵਾ ਬੈਠੋ ਤੇ ਦੂਜੇ ਸਮੇਂ ਹੌਸਲਾ ਤੇ ਚੜ੍ਹਦੀ ਕਲਾ ਤੁਹਾਡਾ ਸਾਥ ਛੱਡ ਜਾਵੇ। ਦ੍ਰਿੜਤਾ ਤੇ ਧੀਰਜ ਨੂੰ ਆਪਣੇ ਹੱਡਾਂ ਵਿੱਚ ਰਚਾ ਲਾਉ। ਨੌਜਵਾਨਾਂ ਨੂੰ ਆਜ਼ਾਦ ਤੌਰ ਤੇ ਸੰਜੀਦਗੀ ਤੇ ਠਰੰਮੇ ਸੋਚਣਾ ਚਾਹੀਦਾ ਹੈ ਉਨ੍ਹਾਂ ਨੂੰ ਪਾਖੰਡੀ ਤੇ ਚਾਲਬਾਜ਼ ਲੋਕਾਂ ਤੋਂ ਖਬਰਦਾਰ ਰਹਿ ਕੇ ਜਥੇਬੰਦੀ ਹੋਣਾ ਚਾਹੀਦਾ ਹੈ। ਬੰਬ ਦੀ ਫਿਲਾਸਫੀ ਲਿਖਤ ਵਿਚ ਕਿਹਾ ਗਿਆ ਸੀ, "ਇਨਕਲਾਬੀ ਦਲੀਲ ਨੂੰ ਮਹਾਨ ਸਮਝਦੇ ਹਨ। ਇਹ ਦਲੀਲ ਸਿਰਫ ਦਲੀਲ ਨੂੰ ਮੰਨਦੇ ਹਨ। ਗਾਂਲੀ ਗਲੋਚ ਭਾਵੇਂ ਕਿੰਨੇ ਉੱਚੇ ਤੋਂ ਉੱਚੇ ਥਾਂ ਵਰ੍ਹੇ ਉਹ ਥਿੜਕਾ ਨਹੀਂ ਸਕਦਾ ਇਨਕਲਾਬ ਕਿਸੇ ਤੁਹਮਤ ਬਾਜੀ ਨੂੰ ਜਾ ਹੈਂਕੜਬਾਜ਼ੀ ਤੋਂ ਘਬਰਾਉਣ ਵਾਲੀ ਚੀਜ਼ ਦਾ ਨਾਂ ਨਹੀਂ ਹੈ। "ਮੈਂ ਨਾਸਤਿਕ ਕਿਉਂ ਹਾਂ, ਲਿਖਤ ਵਿੱਚ ਉਨ੍ਹਾਂ ਕਿਹਾ "ਸਾਡਾ ਫਰਜ਼ ਹੈ ਕਿ ਸਭ ਮੁਸ਼ਕਲਾਂ ਤੋਂ ਬਾਅਦ ਵੀ ਦਲੀਲ ਤੇ ਤਰਕ ਭਰੀ ਜ਼ਿੰਦਗੀ ਜੀਵਿਏ" ਤੇ ਇਹ ਸਲਾਹ ਵੀ ਦਿਤੀ, "ਮੈਂ ਨੌਜਵਾਨ ਸਾਥੀਆਂ ਨੂੰ ਇਤਿਹਾਸਕ ਕੰਮਾਂ ਨੂੰ ਪੜ੍ਹਨ ਦੀ ਸਲਾਹ ਦਿਆਂਗਾ ਪਰ ਇਕ ਚਿਤਾਵਨੀ ਨਾਲ ਹੀ ਪੜ੍ਹੋ ਪਰ ਅੰਨੇਵਾਹ ਪਿਛੇ ਲੱਗਣ ਲਈ ਨਹੀਂ ਤੇ ਨਾ ਹੀ ਇਹ ਸਮਝੋ ਕਿ ਜੋ ਵੀ ਇਕ ਵਕਤ ਲਿਖਿਆ ਗਿਆ ਹੈ। ਉਹ ਅਟੱਲ ਹੈ—ਪੜ੍ਹੋ, ਘੋਖੋ ਵਿਚਾਰਾਂ ਤੋਂ ਫਿਰ ਇਸ ਦੀ ਮਦਦ ਨਾਲ ਆਪਣੇ ਵਿਚਾਰ ਬਣਾਉਣ ਦੀ ਕੋਸ਼ਿਸ਼ ਕਰੋ। ਉਨ੍ਹਾਂ ਨੌਜਵਾਨਾਂ ਨੂੰ ਵੰਗਾਰਿਆ ਸੀ ਕਿ ਕੀ ਨੌਜਵਾਨ ਇਸ ਪ੍ਰਿਖਿਆ ਦੇ ਸਮੇਂ, ਜਦ ਸਮਾਜ ਸੰਕਟ ਵਿਚ ਹੋਵੇ। ਉਹ ਸੰਜੀਦਾ ਇਰਾਦਾ ਦਿਖਾਉਣ ਵਿਚ ਨਹੀਂ ਝਿਜਕੋਣਗੇ।

ਸਾਰੀ ਤਾਕਤ ਦਾ ਸੋਮਾ ਮਨੁੱਖ ਤੇ ਮਨੁੱਖਤਾ ਨੂੰ ਪਿਆਰ ਦਸਦੇ ਹੋਏ ਉਨ੍ਹਾਂ ਕਿਹਾ ਸੀ "ਅਸੀਂ ਮਨੁੱਖੀ ਜੀਵਨ ਨੂੰ ਬੜਾ ਪਵਿੱਤਰ ਮੰਨਦੇ ਹਾਂ। ਤੇ ਉਸਦੇ ਸੁਨਿਹਰੀ ਭਵਿੱਖ ਦਾ ਸੁਪਨਾ ਦੇਖਦੇ ਹਾਂ। ਮਨੁੱਖਤਾ ਨੂੰ ਪਿਆਰ ਕਰਨ ਵਿੱਚ ਅਸੀ ਕਿਸੇ ਤੋਂ ਪਿਛੇ ਨਹੀਂ ਹਾਂ। ਕਿਸੇ ਇਕ ਵਿਅਕਤੀ ਦੇ ਵਿਰੁੱਧ ਰੋਸ ਰਖਣ ਦਾ ਤਾਂ ਸਵਾਲ ਹੀ ਨਹੀਂ...ਕਿਸੇ ਹੋਰ ਨੂੰ ਜ਼ਖਮੀ ਕਰਨ ਦੀ ਬਜਾਏ ਛੇਤੀ ਹੀ ਅਸੀ ਆਪਣੀਆਂ ਜ਼ਿੰਦਗੀਆਂ ਮਨੁੱਖਤਾ ਲਈ ਕੁਰਬਾਨ ਕਰ ਦਿਆਂਗੇ ਤੇ ਇਹ ਠੋਸ ਸਚਾਈ ਦਿਰੜਾਈ, "ਇਨ-ਕਲਾਬੀ ਆਪਣੇ ਮਨੁੱਖੀ ਪਿਆਰ ਦੇ ਗੁਣਾ ਕਰਕੇ ਮਨੁੱਖ ਦੇ ਪੁਜਾਰੀ ਹਨ। ਇਕ ਸਦੀਵੀ ਤੇ ਸੱਚੇ ਅਮਨ ਨੂੰ ਚਹੁੰਦੇ। ਜਿਸ ਦੀਆਂ ਨੀਹਾਂ ਇੰਨਸਾਫ ਤੇ ਬਰਾਬਰੀ ਤੇ ਟਿਕਿਆ ਹੋਣ। ਅਸੀਂ ਝੂਠ ਤੇ ਦਿਖਾਵੇਂਕਰੇ ਅਮਨ ਦੇ ਹਾਮੀ ਨਹੀ ਜਿਹੜਾ ਬੁਜ਼ਦਿਲੀ ਤੋਂ ਉਪਜਦਾ ਹੈ। ਅਤੇ ਨੇਜ਼ਿਆ ਤੇ ਬੰਦਸ਼ਾਂ ਦੇ ਸਹਾਰੇ ਜਿਉਂਦਾ ਹੈ।

ਅੱਜ ਜਦ ਚਾਰੇ ਪਾਸੇ ਗਹਿਰਾ ਆਤਮਕ, ਆਰਥਕ, ਸਮਾਜਿਕ ਤੇ ਰਾਜਨੀਤਕ ਸੰਕਟ ਫੈਲਿਆ ਹੈ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀ ਦਾ ਪੈਗਾਮ ਸਾਡੇ ਲਈ ਵੰਗਾਰ ਹੈ ਅੱਜ ਉਸ ਪੁੱਛ ਰਹੇ ਹਨ। ਤੁਸੀ ਸਾਡੇ ਸੰਕਲਪ ਕੀਤੇ ਸਮਾਜ ਲਈ ਕੀ ਕੀਤਾ ? ਸਾਨੂੰ ਇਸ ਦਾ ਜੁਆਬ ਦੇਣ ਯੋਗ ਹੋਣਾ ਚਾਹੀਦਾ ਹੈ। ○○

ਵਿਚਾਰ ਚਰਚਾ

# ਕੌਮਾਂਤਰੀ ਕਮਿਊਨਿਸਟ ਲਹਿਰ ਅੰਦਰ ਪ੍ਰਵਾਨਤ ਕੁਝ ਗ਼ਲਤ ਨੀਤੀ ਨਿਰਣਿਆਂ ਅਤੇ ਕੌਮਾਂਤਰੀ ਕਮਿਊਨਿਸਟ ਲਹਿਰ ਦੇ ਫ਼ੌਰੀ ਕਾਰਜ ਬਾਰੇ

ਹਰਬੰਸ ਮਾਂਗਟ

ਕੌਮਾਂਤਰੀ ਕਮਿਊਨਿਸਟ ਲਹਿਰ ਵਿਚ ਪਰਗਟ ਹੋਏ ਕੁਝ ਨਾਂ ਪੱਖੀ ਰੁਝਾਨਾ ਬਾਰੇ, ਜਿਸਨੇ ਕੌਮਾਂਤਰੀ ਲਹਿਰ ਨੂੰ ਫੁੱਟ ਦਾ ਨਿਸ਼ਾਨਾ ਬਣਾਇਆ, ਸੰਸਾਰ ਭਰ ਵਿਚ ਮਾਰਕਸਵਾਦੀ ਚਿੰਤਕਾਂ ਵਲੋਂ ਇਕ ਸਿਧਾਂਤਕ ਵਿਚਾਰ ਚਰਚਾ ਚਲ ਰਹੀ ਹੈ। ਇਸ ਵਡੀ ਬਹਿਸ ਵਿਚ ਹਰਬੰਸ ਮਾਂਗਟ ਨੇ ਦੋ ਲੇਖਾਂ ਵਿਚ ਕੁਝ ਅਹਿਮ ਨੁੱਕਤੇ ਉਠਾਏ ਹਨ ਜੋ ਸਾਡਾ ਧਿਆਨ ਮੰਗਦੇ ਹਨ। ਇਹ ਦੋਵੇਂ ਲੇਖ ਹੇਠਾਂ ਦਿਤੇ ਜਾ ਰਹੇ ਹਨ—ਸੰਪਾਦਕ

## ਕੌਮਾਂਤਰੀ ਕਮਿਊਨਿਸਟ ਲਹਿਰ ਅੰਦਰ ਪ੍ਰਵਾਨਤ ਕੁਝ ਗਲਤ ਨੀਤੀ ਨਿਰਣਿਆਂ ਬਾਰੇ

ਕੌਮਾਂਤਰੀ ਕਮਿਊਨਿਸਟ ਲਹਿਰ ਅੱਜ ਗੰਭੀਰ ਵਿਚਾਰਧਾਰਕ, ਰਾਜਨੀਤਕ ਅਤੇ ਜੱਥੇਬੰਦਕ ਸੰਕਟ ਦੇ ਦੌਰ ਵਿੱਚੋਂ ਲੰਘ ਰਹੀ ਹੈ। ਲਹਿਰ ਅੰਦਰ ਪਸਰੇ ਇਸ ਵਿਆਪਕ ਸੰਕਟ ਦੇ ਕਾਰਣ ਲੱਭਣਾ ਹਰ ਕਮਿਊਨਿਸਟ ਦੀ ਜ਼ੁੰਮੇਵਾਰੀ ਹੈ। ਇਸ ਲਿਖਤ'ਚ ਮੈਂ ਲਹਿਰ ਅੰਦਰ ਪ੍ਰਵਾਨਿਤ ਕੁਝ ਗਲਤ ਨੀਤੀ ਨਿਰਣਿਆਂ ਉਪਰ ਟਿਪਣੀ ਕਰ ਰਿਹਾ ਹਾਂ। ਪਾਠਕਾਂ ਨੂੰ ਜ਼ਰੂਰ ਇਸ ਲਿਖਤ ਉਪਰ ਆਪਣੀ ਰਾਇ ਜ਼ਾਹਿਰ ਕਰਨੀ ਚਾਹੀਦੀ ਹੈ। ਇਸ ਲਿਖਤ 'ਚ ਪਹਿਲਾਂ ਮਾਰਕਸ ਦੀ ਇੱਕ ਟੂਕ ਹੈ ਉਸ ਤੋਂ ਬਾਅਦ ਮਾਰਕਸ ਦੀ ਮੌਤ ਤੋਂ ਬਾਅਦ ਇਤਿਹਾਸ ਉਪਰ ਨੋਟ ਹੈ ਅਤੇ ਅੰਤ'ਚ ਕੁਝ ਨੀਤੀ ਨਿਰਣਿਆਂ ਉਪਰ ਟਿੱਪਣੀ ਹੈ।

### ਅਧਿਅਨ ਦੀ ਪਥ-ਪਰਦਰਸ਼ਕ ਤੰਦ

"ਰਾਜਨੀਤਕ ਆਰਥਕਤਾ ਦੀ ਪੜਚੋਲ ਨੂੰ ਇੱਕ ਦੇਣ" ਦੀ ਭੂਮਿਕਾ ਵਿੱਚ ਮਾਰਕਸ ਨੇ ਕਿਹਾ ਸੀ, "ਉਸ ਵਿਆਪਕ ਸਿਟੇ ਨੂੰ ਜਿਸ ਉੱਤੇ ਮੈਂ ਪੁੱਜਾ ਅਤੇ ਜਿਹੜਾ ਇੱਕ ਵਾਰ ਪ੍ਰਾਪਤ ਹੋਣ ਮਗਰੋਂ ਮੇਰੇ ਅਧਿਅਨ ਦੀ ਪਥ-ਪਰਦਰਸ਼ਕ ਤੰਦ ਬਣ ਗਿਆ, ਸੰਖੇਪ'ਚ ਹੇਠ ਲਿਖੇ ਅਨੁਸਾਰ ਸੂਤਰਬੱਧ ਕੀਤਾ ਜਾ ਸਕਦਾ ਹੈ: ਆਪਣੇ ਜੀਵਨ ਦੇ ਸਮਾਜਕ ਉਤਪਾਦਨ ਵਿੱਚ, ਮਨੁੱਖਾਂ ਦੇ ਨਿਸ਼ਚਤ ਸੰਬੰਧ ਸਥਾਪਤ ਹੁੰਦੇ ਹਨ ਜਿਹੜੇ ਅਟੱਲ ਅਤੇ ਉਹਨਾਂ ਦੀ ਇੱਛਾ ਸੁਆਧੀਨ ਹੁੰਦੇ ਹਨ, ਉਤਪਾਦਨ ਦੇ ਸੰਬੰਧ ਜਿਹੜੇ ਉਹਨਾਂ ਦੀਆਂ ਪਦਾਰਥਕ ਉਤਪਾਦਕ ਸ਼ਕਤੀਆਂ ਦੇ ਵਿਕਾਸ ਦੇ ਨਿਸ਼ਚਤ ਪੜਾ ਦੇ ਅਨੁਸਾਰੀ ਹੁੰਦੇ ਹਨ। ਉਤਪਾਦਨ ਦੇ ਇਹਨਾਂ ਸੰਬੰਧਾਂ ਦਾ ਕੁਲ ਜਮਾਂ ਜੋੜ ਸਮਾਜ ਦਾ ਆਰਥਕ ਢਾਂਚਾ, ਅਸਲ ਬੁਨਿਆਦੀ ਹੁੰਦੀ ਹੈ ਜਿਸ ਉੱਤੇ ਇੱਕ ਕਾਨੂੰਨੀ ਤੇ ਰਾਜਸੀ ਪਰਾ ਬਣਤਰ ਖੜੀ ਹੁੰਦੀ ਹੈ ਅਤੇ ਸਮਾਜਕ ਚੇਤੰਨਤਾ ਦੇ ਨਿਸ਼ਚਤ ਰੂਪ ਜਿਸਦੇ ਅਨੁਸਾਰੀ ਹੁੰਦੇ ਹਨ। ਪਦਾਰਥਕ ਜੀਵਨ ਉਤਪਾਦਨ ਪ੍ਰਣਾਲੀ ਆਮ ਰੂਪ'ਚ ਜੀਵਨ ਦੀ ਸਮਾਜਕ, ਰਾਜਨੀਤਕ ਅਤੇ ਬੌਧਿਕ ਪ੍ਰਕਿਰਿਆ ਨਿਰਧਾਰਤ ਕਰਦੀ ਹੈ ਇਹ ਮਨੁੱਖਾਂ ਦੀ ਚੇਤੰਨਤਾ ਨਹੀਂ ਜਿਹੜੀ ਉਹਨਾਂ ਦੀ ਸਮਾਜਕ ਹੋਂਦ ਨਿਸ਼ਚਤ ਕਰਦੀ ਹੈ, ਸਗੋਂ, ਇਸਦੇ ਉਲਟ, ਉਹਨਾਂ ਦੀ ਸਮਾਜਕ ਹੋਂਦ ਹੈ, ਜਿਹੜੀ ਉਹਨਾਂ ਦੀ ਚੇਤੰਨਤਾ ਨਿਸਚਤ ਕਰਦੀ ਹੈ। ਆਪਣੇ ਵਿਕਾਸ ਦੇ ਇਕ ਨਿਸ਼ਚਤ ਪੜਾ ਉੱਤੇ ਸਮਾਜ ਦੀਆਂ ਪਦਾਰਥਕ ਉਤਪਾਦਕ ਸ਼ਕਤੀਆਂ ਦੀ ਵਿਦਮਾਨ ਉਤਪਾਦਨ ਦੇ ਸੰਬੰਧਾਂ ਨਾਲ, ਜਾਂ—ਜੋ ਕਿ ਉਸੇ ਗੱਲ ਦਾ ਹੀ ਕਾਨੂੰਨੀ ਪਰਗਟਾ ਹੈ—ਉਹਨਾਂ ਸੰਪਤੀ ਸੰਬੰਧਾਂ ਨਾਲ ਟੱਕਰ ਹੋ ਜਾਂਦੀ ਹੈ ਜਿਨ੍ਹਾਂ ਦੇ ਅੰਦਰ ਹੁਣ ਤੱਕ ਉਹ ਕੰਮ ਕਰਦੀਆਂ ਰਹੀਆਂ ਹਨ। ਉਤਪਾਦਕ ਸ਼ਕਤੀਆਂ ਦੇ ਵਿਕਾਸ ਦੇ ਰੂਪਾਂ ਤੋਂ ਬਦਲਕੇ ਇਹ ਸੰਬੰਧ ਉਹਨਾਂ ਦੀਆਂ ਬੇੜੀਆਂ ਬਣ ਜਾਂਦੇ ਹਨ। ਫੇਰ ਸਮਾਜਕ ਇਨਕਲਾਬ ਦਾ ਜੁਗ ਸ਼ੁਰੂ ਹੁੰਦਾ ਹੈ ਆਰਥਕ ਬੁਨਿਆਦ ਦੇ ਬਦਲਣ ਨਾਲ ਸਮੁੱਚੀ ਅਸੀਮ ਪਰਾ-ਬਣਤਰ ਘੱਟ ਜਾਂ ਵੱਧ ਤੇਜ਼ੀ ਨਾਲ ਬਦਲ ਜਾਂਦੀ ਹੈ। ਅਜਿਹੀਆਂ ਕਾਇਆ ਪਲਟੀਆਂ ਉਤੇ ਵਿਚਾਰ ਕਰਦੇ ਸਮੇਂ, ਉਤ-ਪਾਦਨ ਦੀਆਂ ਆਰਥਕ ਪ੍ਰਸਥਿਤੀਆਂ ਦੀ ਪਦਾਰਥਕ ਕਾਇਆ ਪਲਟੀ, ਜਿਸਨੂੰ ਪ੍ਰਾਕਿਰਤਕ ਵਿਗਿਆਨ ਦੀ ਸ਼ੁਧਤਾ ਨਾਲ ਨਿਸ਼ਚਤ ਕੀਤਾ ਜਾ ਸਕਦਾ ਹੈ, ਅਤੇ ਕਾਨੂੰਨੀ, ਰਾਜਨੀਤਕ, ਧਾਰਮਿਕ, ਸੁਹਜਾਤਮਕ ਜਾਂ ਦਾਰਸ਼ਨਿਕ-ਸੰਖੇਪ'ਚ ਵਿਚਾਰਧਾਰਕ ਰੂਪਾਂ ਵਿਚਕਾਰ ਹਮੇਸ਼ਾ ਨਿਖੇੜ ਕਰ ਲੈਣਾ ਚਾਹੀਦਾ ਹੈ ਜਿਨਾਂ ਵਿੱਚ ਮਨੁੱਖ ਇਸ ਟੱਕਰ ਤੋਂ ਚੇਤੰਨ ਹੁੰਦੇ ਅਤੇ ਇਸ ਨਾਲ ਜੂਝਦੇ ਹਨ। ਇਸ ਤਰ੍ਹਾਂ ਕਿਸੇ ਵਿਅਕਤੀ ਬਾਰੇ ਸਾਡੀ ਰਾਇ ਇਸ ਗੱਲ ਉੱਤੇ ਅਧਾਰਤ ਨਹੀਂ ਹੁੰਦੀ ਕਿ ਉਹ ਆਪਣੇ ਬਾਰੇ ਕੀ ਸੋਚਦਾ ਹੈ, ਇਸੇ ਹੀ ਤਰ੍ਹਾਂ ਅਸੀਂ ਅਜਿਹੀ ਕਾਇਆ ਪਲਟੀ ਦੇ ਦੌਰ ਦਾ ਨਿਰਣਾ ਖੁਦ ਉਸ ਦੀ ਆਪਣੀ ਚੇਤੰਨਤਾ ਦੁਆਰਾ ਨਹੀਂ ਕਰ ਸਕਦੇ; ਇਸ ਦੇ ਉਲਟ, ਸਗੋਂ ਪਦਾਰਥਕ ਜੀਵਨ ਦੇ ਅੰਤਰ ਵਿਰੋਧ ਤੋਂ, ਸਮਾਜਕ ਉਤਪਾਦਕ ਸ਼ਕਤੀਆਂ ਅਤੇ ਉਤਪਾਦਨ ਦੇ

ਸੰਬੰਧਾਂ ਵਿਚਕਾਰ ਵਿਦਮਾਨ ਟੱਕਰ ਤੋਂ, ਇਸ ਚੇਤੰਨਤਾ ਦੀ ਵਿਆਖਿਆ ਕੀਤੀ ਜਾਣੀ ਚਾਹੀਦੀ ਹੈ। ਕੋਈ ਸਮਾਜਕ ਵਿਵਸਥਾ ਉਨਾ ਚਿਰ ਕਦੇ ਖ਼ਤਮ ਨਹੀਂ ਹੁੰਦੀ ਜਿੰਨਾਂ ਚਿਰ ਸਾਰੀਆਂ ਉਤਪਾਦਕ ਸ਼ਕਤੀਆਂ ਜਿਨ੍ਹਾਂ ਵਾਸਤੇ ਇਹਦੇ ਵਿੱਚ ਥਾਂ ਹੁੰਦੀ ਹੈ ਵਿਕਸਤ ਨਹੀਂ ਹੋ ਜਾਂਦੀਆਂ, ਅਤੇ ਉਤਪਾਦਨ ਦੇ ਨਵੇਂ, ਉਚੇਰੇ ਸੰਬੰਧ ਉਨ੍ਹਾਂ ਚਿਰ ਕਦੇ ਪਰਗਟ ਨਹੀਂ ਹੁੰਦੇ ਜਿਨਾਂ ਚਿਰ ਉਹਨਾਂ ਦੇ ਅਸਤਿਤਵ ਦੀਆਂ ਪਦਾਰਥਕ ਹਾਲਤਾਂ ਖ਼ੁਦ ਪੁਰਾਣੇ ਸਮਾਜ ਦੀ ਕੁੱਖ ਵਿਚ ਪਰਪੱਕ ਨਹੀਂ ਹੋ ਜਾਂਦੀਆਂ। ਇਸ ਲਈ ਮਨੁੱਖਤਾ ਹਮੇਸ਼ਾ ਆਪਣੇ ਸਾਹਮਣੇ ਕੇਵਲ ਅਜਿਹੇ ਕਾਰਜ ਹੀ ਰੱਖਦੀ ਹੈ ਜਿਹੜੇ ਇਹ ਨਜਿੱਠ ਸਕਦੀ ਹੈ; ਕਿਉਂਕਿ, ਇਸ ਮਾਮਲੇ ਉੱਤੇ ਰਤਾ ਡੂੰਘੀ ਝਾਤ ਮਾਰਿਆਂ, ਹਮੇਸ਼ਾ ਇਹੀ ਦਿਖਾਈ ਦੇਵੇਗਾ ਕਿ ਕਾਰਜ ਕੇਵਲ ਉਦੋਂ ਹੀ ਸਾਹਮਣੇ ਆਉਂਦਾ ਹੈ ਜਦੋਂ ਇਸ ਦੇ ਹੱਲ ਲਈ ਪਦਾਰਥਕ ਹਾਲਤਾਂ ਪਹਿਲਾਂ ਹੀ ਮੌਜੂਦ ਹੁੰਦੀਆਂ ਹਨ ਜਾਂ ਘੱਟੋ ਘੱਟ ਬਣਨ ਦੀ ਪ੍ਰਕਿਰਿਆ ਵਿੱਚ ਹੁੰਦੀਆਂ ਹਨ। ਮੋਟੇ ਤੌਰ 'ਤੇ ਉਤਪਾਦਨ ਦੀਆਂ ਏਸ਼ੀਆਈ, ਪ੍ਰਾਚੀਨੀ, ਸਾਮੰਤੀ ਅਤੇ ਆਧੁਨਿਕ ਬੁਰਜੂਆ ਪ੍ਰਣਾਲੀਆਂ ਨੂੰ ਸਮਾਜ ਦੀ ਆਰਥਕ ਰਚਨਾ ਵਿੱਚ ਸਿਲਸਲੇ ਵਾਰ ਯੁਗ ਆਖਿਆ ਜਾ ਸਕਦਾ ਹੈ। ਉਤਪਾਦਨ ਦੇ ਬੁਰਜੂਆ ਸੰਬੰਧ ਉਤਪਾਦਨ ਦੀ ਸਮਾਜਕ ਪ੍ਰਕਿਰਿਆ ਦਾ ਆਖਰੀ ਵਿਰੋਧੀ ਰੂਪ ਹਨ—ਵਿਅਕਤੀਗਤ ਵੈਰ-ਵਿਰੋਧ ਦੇ ਅਰਥ ਵਿੱਚ ਵਿਰੋਧ ਨਹੀਂ, ਸਗੋਂ ਵਿਅਕਤੀਆਂ ਦੇ ਜੀਵਨ ਦੀਆਂ ਸਮਾਜਕ ਹਾਲਤਾਂ ਵਿਚੋਂ ਜਨਮ ਲੈਣ ਵਾਲੇ ਵਿਰੋਧ ਦੇ ਅਰਥ ਵਿੱਚ; ਇਸ ਦੇ ਨਾਲ ਹੀ ਬੁਰਜੂਆ ਸਮਾਜ ਦੀ ਕੁਖ ਵਿੱਚ ਵਿਕਸਤ ਹੋ ਰਹੀਆਂ ਉਤਪਾਦਕ ਸ਼ਕਤੀਆਂ ਇਸ ਵਿਰੋਧ ਦੇ ਹੱਲ ਲਈ ਪਦਾਰਥਕ ਹਾਲਤਾਂ ਦੀ ਸਿਰਜਣਾ ਕਰਦੀਆਂ ਹਨ। ਇਸ ਲਈ, ਇਸ ਸਮਾਜਕ ਬਣਤਰ ਨਾਲ ਮਨੁੱਖੀ ਸਮਾਜ ਦੇ ਪੂਰਵ ਇਤਿਹਾਸ ਦਾ ਅੰਤ ਹੋ ਜਾਂਦਾ ਹੈ। (ਮਾਰਕਸ, ਰਾਜਨੀਤਕ ਆਰਥਕਤਾ ਦੀ ਪੜਚੋਲ ਨੂੰ ਇੱਕ ਦੇਣ ਦੀ ਭੂਮਿਕਾ—ਸ਼ਬਦਾਂ 'ਤੇ ਜ਼ੋਰ ਮੇਰਾ)

ਹੁਣ ਜਦੋਂ ਮੈਂ ਸਾਡੀ ਲਹਿਰ ਸਾਹਮਣੇ ਖੜੇ ਸਵਾਲਾਂ ਦਾ ਅਧਿਅਨ ਕਰਨ ਜਾ ਰਿਹਾ ਹਾਂ ਤਾਂ ਮੈਂ ਮਾਰਕਸ ਦੇ ਇਸ ਵਿਆਪਕ ਸਿਟੇ ਨੂੰ ਹੀ ਆਪਣੇ ਅਧਿਅਨ ਦੀ ਪੱਥ-ਪਰਦਰਸ਼ਕ ਤੰਦ ਬਣਾ ਕੇ ਤੁਰ ਰਿਹਾ ਹਾਂ।

## ਉਭਰਵੀਆਂ ਇਤਿਹਾਸਕ ਘਟਨਾਵਾਂ

ਵਿਚਾਰਧਾਰਕ ਰਾਜਨੀਤਕ ਸਵਾਲਾਂ ਬਾਰੇ ਗੱਲ ਕਰਨ ਤੋਂ ਪਹਿਲਾਂ ਮੈਂ ਮਾਰਕਸ ਦੀ ਮੌਤ ਤੋਂ ਬਾਅਦ ਸੰਸਾਰ ਸਮਾਜਕ ਵਿਕਾਸ ਦੀ ਪ੍ਰਕਿਰਿਆ ਦੇ ਇਤਿਹਾਸ ਅੰਦਰ ਵਾਪਰੀਆਂ ਦੋ ਪ੍ਰਮੁੱਖ ਇਤਿਹਾਸਕ ਘਟਨਾਵਾਂ—ਪਹਿਲੀ, ਬਸਤੀਵਾਦੀ ਪ੍ਰਬੰਧ ਦਾ ਟੁੱਟਣਾ ਅਤੇ ਬਸਤੀਆਂ ਅੰਦਰ ਬੁਰਜੂਆ ਉਤਪਾਦਨ ਪ੍ਰਣਾਲੀ ਦੀ ਬਹਾਲੀ ਅਤੇ ਦੂਜੀ ਰੂਸ, ਚੀਨ ਆਦਿ ਦਾ ਇਨਕਲਾਬ ਅਤੇ ਇਥੇ ਬੁਰਜੂਆ ਉਤਪਾਦਨ ਪ੍ਰਣਾਲੀ ਦੀ ਬਹਾਲੀ—ਦੇ ਪਦਾਰਥਕ ਅਧਾਰ ਬਾਰੇ ਵਿਚਾਰ ਚਰਚਾ ਕਰਾਂਗਾ।

## ਮਾਰਕਸ ਦੀ ਮੌਤ ਵੇਲੇ ਸੰਸਾਰਦੀ ਪਦਾਰਥਕ ਹਾਲਤ

ਜਦੋਂ ਮਾਰਕਸ ਦੀ ਮੌਤ ਹੋਈ ਤਾਂ ਉਸ ਸਮੇਂ ਸੰਸਾਰ ਦੇ ਵੱਖ ਵੱਖ ਦੇਸ਼ਾਂ ਅੰਦਰ ਦੋ ਕਿਸਮ ਦੀਆਂ ਪੈਦਾਵਾਰੀ ਪ੍ਰਣਾਲੀਆਂ ਮੌਜੂਦ ਸਨ। ਕੁਝ ਦੇਸ਼ਾਂ ਅੰਦਰ ਸਰਮਾਏਦਾਰੀ ਪੈਦਾਵਾਰੀ ਪ੍ਰਣਾਲੀ ਸਥਾਪਤ ਸੀ ਤੇ ਬਾਕੀ ਦੇ ਦੇਸ਼ਾਂ ਅੰਦਰ ਅਜੇ ਜਗੀਰੂ ਪੈਦਾਵਾਰੀ ਪ੍ਰਣਾਲੀ ਮੌਜੂਦ ਸੀ। ਸਰਮਾਏਦਾਰੀ ਪੈਦਾਵਾਰੀ ਪ੍ਰਣਾਲੀ ਵਾਲੇ ਦੇਸ਼ਾਂ ਅੰਦਰ ਵਿਕਾਸ ਇਸ ਹੱਦ ਤੱਕ ਪਹੁੰਚ ਚੁਕਿਆ ਸੀ ਕਿ ਮੰਡੀ ਦੀ ਵਧਦੀ ਹੋਈ ਲੋੜ ਉਥੋਂ ਦੀ ਹਾਕਮ ਸਰਮਾਏ-ਦਾਰ ਜਮਾਤ ਨੂੰ ਧਰਤੀ ਦੀ ਸਾਰੀ ਸਤਹ ਉਪਰ ਭਜਾਈ ਫਿਰਦੀ ਸੀ। ਇਹਨਾਂ ਦੇਸ਼ਾ ਦੀ ਸਰਮਾਏਦਾਰੀ ਨੇ ਜਗੀਰੂ ਪ੍ਰਬੰਧ ਵਾਲੇ ਦੇਸ਼ਾਂ ਨੂੰ ਵੱਡੀ ਪੱਧਰ ਉਪਰ ਆਪਣੀਆਂ ਬਸਤੀਆਂ ਬਣਾ ਲਿਆ ਸੀ। ਮਾਰਕਸ ਦੀ ਮੌਤ ਤੋਂ ਜਲਦੀ ਬਾਅਦ ਸਰਮਾਏਦਾਰੀ ਆਪਣੇ ਵਿਕਾਸ ਦੇ ਅਜਾਰੇਦਾਰ ਪੜਾ ਵਿੱਚ ਦਾਖਲ ਹੋ ਗਈ ਜਿਸਨੂੰ ਲੈਨਿਨ ਨੇ ਸਾਮਰਾਜ ਦਾ ਨਾਉਂ ਦਿੱਤਾ।

ਇਸ ਸਮੇਂ ਜਗੀਰੂ ਪ੍ਰਣਾਲੀ ਵਾਲੇ ਦੇਸ਼ਾਂ ਨੂੰ ਦੋ ਹਿਸਿਆਂ'ਚ ਵੰਡਿਆ ਜਾ ਸਕਦਾ ਸੀ—1. ਸਾਮਰਾਜ ਦੀਆਂ ਸਿਧੀਆਂ ਬਸਤੀਆਂ ਜਿਵੇਂ ਭਾਰਤ ਆਦਿ 2. ਅਰਧ ਬਸਤੀਆਂ ਜਿਥੇ ਕਿਸੇ ਇੱਕ ਸਾਮਰਾਜੀ ਸ਼ਕਤੀ ਦਾ ਸਿੱਧਾ ਕੰਟਰੋਲ ਨਹੀਂ ਸੀ ਜਿਵੇਂ ਚੀਨ ਆਦਿ।

## ਸਿੱਧੇ ਬਸਤੀਵ ਦੀ ਪ੍ਰਬੰਧ ਦਾ ਟੁੱਟਣਾ ਅਤੇ ਬਸਤੀਆਂ ਅੰਦਰ ਬੁਰਜੂਆਂ ਉਤਪਾਦਨ ਪ੍ਰਣਾਲੀ ਦੀ ਬਹਾਲੀ

ਭਾਂਵੇ ਸਰਮਾਏਦਾਰੀ ਆਪਣੀਆਂ ਲੋੜਾਂ ਅਨੁਸਾਰ ਪਹਿਲਾਂ ਹੀ ਆਪਣੀਆਂ ਬਸਤੀਆਂ ਤੇ ਅਰਧ ਬਸਤੀਆਂ ਅੰਦਰ ਪੈਦਾਵਾਰੀ ਸ਼ਕਤੀਆਂ ਦਾ ਵਿਕਾਸ ਕਰ ਰਹੀ ਸੀ ਪਰ ਅਜਾਰੇਦਾਰ ਪੜਾ ਵਿੱਚ ਪਹੁੰਚਕੇ ਇਹਨਾ ਦੇਸ਼ਾਂ ਅੰਦਰ ਸਰਮਾਇਆ ਲਾਉਣਾ ਇਸ ਦੀ ਪ੍ਰਮੁਖ ਲੋੜ ਬਣ ਗਈ। ਇਸ ਸਰਮਾਏ ਦੇ ਇਥੇ ਲੱਗਣ ਦੇ ਸਿਟੇ ਵਜੋਂ ਬਸਤੀਆਂ ਤੇ ਅਰਧ ਬਸਤੀਆਂ (ਜਗੀਰੂ ਪੈਦਾਵਾਰੀ ਪ੍ਰਣਾਲੀ ਵਾਲੇ ਦੇਸ਼) ਅੰਦਰ ਪੈਦਾ-ਵਾਰੀ ਸ਼ਕਤੀਆਂ ਦਾ ਵਿਕਾਸ ਤੇਜ਼ੀ ਨਾਲ ਉਸ ਹੱਦ ਤੱਕ ਪਹੁੰਚ ਗਿਆ ਜਿਸ ਹੱਦ ਤੱਕ ਇਹ ਪੈਦਾਵਾਰ ਦੇ ਜਗੀਰੂ ਸਬੰਧਾਂ ਅਧੀਨ ਜਾ ਸਕਦਾ ਸੀ। ਭਾਵ ਇਹਨਾਂ ਦੇਸ਼ਾਂ

ਅੰਦਰ ਮੌਜੂਦ ਪੈਦਾਵਾਰ ਦੇ ਜਗੀਰੂ ਸਬੰਧਾਂ ਦੀ ਪੈਦਾਵਾਰ ਦੀਆਂ ਸ਼ਕਤੀਆਂ ਨਾਲ ਟੱਕਰ ਹੋ ਗਈ। ਇਸ ਟੱਕਰ ਦੇ ਸਿੱਟੇ ਵਜੋਂ ਇਹਨਾਂ ਦੇਸ਼ਾਂ ਅੰਦਰ ਸਮਾਜਕ ਇਨਕਲਾਬ ਦਾ ਯੁਗ ਸ਼ੁਰੂ ਹੋ ਗਿਆ। ਪਹਿਲੀ ਸੰਸਾਰ ਜੰਗ ਤੋਂ ਲੈ ਕੇ ਦੂਜੀ ਸੰਸਾਰ ਜੰਗ ਦੇ ਬਾਅਦ ਤੱਕ ਸੰਸਾਰ ਅੰਦਰ ਉਠੀਆਂ ਕੌਮੀ ਇਨਕਲਾਬੀ ਲਹਿਰਾਂ ਦਾ ਇਹੋ ਪਦਾਰਥਕ ਅਧਾਰ ਸੀ।

ਜਦੋਂ ਜਗੀਰੂ ਪ੍ਰਬੰਧ ਖਿਲਾਫ ਸਮਾਜਕ ਇਨਕਲਾਬ ਦਾ ਅਧਾਰ ਤਿਆਰ ਹੋ ਗਿਆ ਤਾਂ ਲਾਜ਼ਮੀ ਹੀ ਇਸ ਪ੍ਰਬੰਧ ਨੇ ਆਪਣੀ ਕਬਰ'ਚ ਪਹੁੰਚਣਾ ਸੀ ਅਤੇ ਇਸ ਦੀ ਥਾਂ ਪੈਦਾਵਾਰ ਦੇ ਇਸ ਤੋਂ ਅਗਲੇ ਪ੍ਰਬੰਧ-ਬੁਰਜੂਆਂ ਪ੍ਰਬੰਧ ਨੇ ਲੈਣੀ ਸੀ। ਬਿਲਕੁਲ ਇਵੇਂ ਹੋਇਆ। ਦੁਨੀਆਂ ਭਰ 'ਚ ਘੱਟ ਵੱਧ ਤੇਜ਼ੀ ਨਾਲ ਜਗੀਰੂ ਪ੍ਰਬੰਧ ਤਹਿਸ਼-ਨਹਿਸ਼ ਕਰ ਦਿੱਤਾ ਗਿਆ। ਹੁਣ ਦੁਨੀਆਂ ਭਰ'ਚ ਜਗੀਰੂ ਸਬੰਧਾ ਦੀ ਰਹਿੰਦ ਖੂੰਹਦ ਹੀ ਭਾਵੇਂ ਕਿਧਰੇ ਬਾਕੀ ਹੋਵੇ। ਹੁਣ ਦੁਨੀਆਂ ਦੇ ਸਾਰੇ ਦੇਸ਼ਾਂ ਅੰਦਰ ਉਤਪਾਦਨ ਦੀ ਬੁਰਜੂਆ ਪ੍ਰਣਾਲੀ ਬਹਾਲ ਹੋ ਗਈ ਹੈ। ਜਦੋਂ ਇਹਨਾਂ ਦੇਸ਼ਾਂ ਅੰਦਰ ਜਗੀਰੂ ਪੈਦਾਵਾਰੀ ਪ੍ਰਣਾਲੀ ਦੀ ਮੌਤ ਲਈ ਪਦਾਰਥਕ ਅਧਾਰ ਤਿਆਰ ਹੋ ਗਿਆ ਤਾਂ ਨਾਲ ਹੀ ਸਾਮਰਾਜੀ ਸਰਮਾਏਦਾਰੀ ਵਲੋਂ ਇਹਨਾਂ ਦੇਸ਼ਾਂ ਉਪਰ ਕੀਤੇ ਸਿੱਧੇ ਬਸਤੀਵਾਦੀ ਕੰਟਰੋਲ ਦੇ ਖਾਤਮੇ ਲਈ ਵੀ ਪਦਾਰਥਕ ਅਧਾਰ ਤਿਆਰ ਹੋ ਗਿਆ। ਇਸ ਲਈ ਇਕੋ ਪਦਾਰਥਕ ਅਧਾਰ ਉਪਰ ਖੜੀਆਂ ਇਹ ਦੋਵੇਂ ਇਤਿਹਾਸਕ ਘਟਨਾਵਾਂ—1. ਬਸਤੀਵਾਦੀ ਪ੍ਰਬੰਧ ਦਾ ਟੁੱਟਣਾ ਅਤੇ 2. ਜਗੀਰੂ ਪ੍ਰਣਾਲੀ ਟੁੱਟਕੇ ਬੁਰਜੂਆ ਉਤਪਾਦਨ ਪ੍ਰਣਾਲੀ ਬਹਾਲ ਹੋਣਾ—ਇਤਿਹਾਸ ਅੰਦਰ ਇਕੱਠੀਆਂ ਵਾਪਰੀਆਂ।

## ਦੋ ਵਖੋ ਵਖਰੀਆਂ ਰਾਜਨੀਤਕ ਤਾਕਤਾਂ ਦਾ ਮੈਦਾਨ 'ਚ ਆਉਣਾ

ਇਤਿਹਾਸ ਦੇ ਇਸ ਦੌਰ 'ਚ—ਜਦੋਂ ਇਹ ਸਭ ਕੁਝ ਵਾਪਰਿਆ—ਸਰਮਾਏਦਾਰੀ ਉਤਪਾਦਨ ਪ੍ਰਣਾਲੀ ਇਸ ਹੱਦ ਤਕ ਵਿਕਸਿਤ ਹੋ ਗਈ ਸੀ ਇਸਦੇ ਕਬਰ ਪੁੱਟ ਸੰਸਾਰ ਪ੍ਰੋਲਤਾਰੀਆਂ ਦੀ ਰਾਜਨੀਤਕ ਲਹਿਰ ਭਾਵ ਕਮਿਊਨਿਸਟ ਲਹਿਰ ਸੰਸਾਰ ਅੰਦਰ ਵਾਪਰਦੀਆਂ ਘਟਨਾਵਾਂ ਵਿੱਚ ਤਕੜੀ ਦਖਲ ਅੰਦਾਜ਼ੀ ਕਰ ਸਕਣ ਯੋਗ ਹੋ ਗਈ ਸੀ। ਸਾਮਰਾਜ ਵੱਲੋਂ ਬਸਤੀਆਂ ਤੇ ਅਰਧ ਬਸਤੀਆਂ ਅੰਦਰ ਕੀਤੇ ਸਨਅਤੀ ਵਿਕਾਸ ਦੇ ਸਿੱਟੇ ਵਜੋਂ ਖੁਦ ਬਸਤੀਆਂ ਤੇ ਅਰਧ ਬਸਤੀਆਂ ਅੰਦਰ-ਜਿਥੇ ਅਜੇ ਪੈਦਾਵਾਰ ਦੀ ਜਗੀਰੂ ਪ੍ਰਣਾਲੀ ਮੌਜੂਦ ਸੀ—ਜਿਥੇ ਅਜੇ ਪੈਦਾਵਾਰ ਦੀ ਬੁਰਜੂਆ ਪ੍ਰਣਾਲੀ ਨੂੰ ਵਿਕਸਤ ਹੋਣਾ ਸੀ—ਇਹ ਸੰਭਾਵਨਾਵਾਂ ਪੈਦਾ ਹੋ ਗਈਆਂ ਸਨ ਕਿ ਮਜਦੂਰ ਜਮਾਤ ਇਹਨਾਂ ਦੇਸ਼ਾਂ ਦੀ ਕਿਸਾਨੀ—ਜਿਹੜੀ ਜਗੀਰੂ ਪ੍ਰਬੰਧ ਖਿਲਾਫ ਸਮਾਜਕ ਇਨਕਲਾਬ ਦੀ ਇੱਕ ਫੈਸਲਾ ਕੁੰਨ ਤਾਕਤ ਸੀ—ਦੀ ਅਗਵਾਈ ਸੰਭਾਲ ਕੇ ਭਾਵ ਕੌਮੀ ਜਦੋ ਜਹਿਦਾਂ ਦੀ ਅਗਵਾਈ ਸੰਭਾਲਦੇ ਹੋਏ ਰਾਜਸੱਤਾ ਉਪਰ ਕਾਬਜ਼ ਹੋ ਸਕਦੀ ਸੀ।

ਅਜਿਹੀ ਹਾਲਤ 'ਚ ਜਗੀਰੂ ਸੰਬੰਧਾਂ ਵਿਰੁੱਥ ਉਠੀਆਂ ਇਨਕਲਾਬੀ ਸਮਾਜਕ ਜਦੋਜਹਿਦਾਂ ਦੀ ਅਗਵਾਈ ਸੰਭਾਲਣ ਲਈ ਦੋ ਅਸਲੋਂ ਹੀ ਵੱਖਰੀਆਂ ਰਾਜਨੀਤਕ ਤਾਕਤਾਂ ਦਾ ਮੈਦਾਨ 'ਚ ਆਉਣਾ ਲਾਜ਼ਮੀ ਸੀ। ਇਕ ਹੱਥ ਇਹਨਾਂ ਦੇਸ਼ਾਂ ਦੀ ਖੱਸੀ ਹੋਈ ਸਰਮਾਏਦਾਰੀ ਖੜੀ ਸੀ ਜਿਸਨੇ ਸਾਮਰਾਜੀ ਸਰਮਾਏਦਾਰੀ ਅੱਗੇ ਗੋਡੇ ਟੇਕ ਦਿੱਤੇ ਸਨ ਤੇ ਜਿਹੜੀ ਆਪਣੇ ਜਨਮ ਤੋਂ ਸਾਮਰਾਜੀ ਸਰਮਾਏ ਉਪਰ ਨਿਰਭਰ ਸੀ। ਅਤੇ ਦੂਜੇ ਹੱਥ ਸੰਸਾਰ ਮਜ਼ਦੂਰ ਜਮਾਤ ਖੜੀ ਸੀ। ਇਤਿਹਾਸ ਨੇ ਜਿਸਦੇ ਮੋਢਿਆਂ ਉਪਰ ਕਮਿਊਨਿਸਟ ਸਮਾਜ ਦੀ ਉਸਾਰੀ ਲਈ ਸਮਾਜਕ ਜਦੋਜਹਿਦ ਦੀ ਜ਼ੁੰਮੇਵਾਰੀ ਲਾਈ ਹੋਈ ਹੈ।

ਬਸਤੀਆਂ ਅੰਦਰ, ਜਿਥੇ ਸਾਮਰਾਜੀ ਸਰਮਾਏਦਾਰੀ ਦਾ ਸਿੱਧਾ ਕੰਟਰੋਲ ਸੀ। ਜਗੀਰੂ ਸੰਬੰਧਾਂ ਵਿਰੁੱਧ ਉਠੀਆਂ ਸਮਾਜਕ ਜਦੋਜਹਿਦਾਂ ਦੀ ਸਫਲਤਾ ਨਾਲ ਅਗਵਾਈ ਸੰਭਾਲਕੇ ਬਸਤੀਆਂ ਦੀ ਸਰਮਾਏਦਾਰੀ ਤੇ ਸਾਮਰਾਜੀ ਸਰਮਾਏਦਾਰੀ, ਵਿਕਾਸ ਦੇ ਮੌਜੂਦਾ ਪੱਧਰ ਉਪਰ ਜਿਨ੍ਹਾਂ ਦੇ ਹਿੱਤ ਸਿੱਕ-ਮਿੱਕ ਸਨ, ਦੀਆਂ ਨੁਮਾਇੰਦਾ ਰਾਜਨੀਤਕ ਤਾਕਤਾਂ ਨੇ ਰਾਜ-ਸੱਤਾ ਉਪਰ ਕਬਜ਼ਾ ਕਰ ਲਿਆ। ਇੰਡੀਅਨ ਨੈਸ਼ਨਲ ਕਾਂਗਰਸ ਇਕ ਅਜਿਹੀ ਹੀ ਰਾਜਨੀਤਕ ਤਾਕਤ ਸੀ।

## ਰੂਸ ਤੇ ਚੀਨ ਆਦਿ ਅੰਦਰ ਇਨਕਲਾਬ ਤੇ ਬੁਰਜੂਆ ਉਤਪਾਦਨ ਪ੍ਰਣਾਲੀ ਦੀ ਬਹਾਲੀ

ਰੂਸ ਚੀਨ ਤੇ ਦੁਨੀਆਂ ਦੇ ਕਈ ਹੋਰ ਦੇਸ਼ਾਂ ਅੰਦਰ ਮਜ਼ਦੂਰ ਜਮਾਤ ਦੀਆਂ ਰਾਜਨੀਤਕ ਪਾਰਟੀਆਂ (ਕਮਿ. ਪਾਰਟੀਆਂ) ਨੇ ਸਮਾਜਕ ਵਿਕਾਸ ਦੀ ਪ੍ਰਕਿਰਿਆ ਨੂੰ ਠੀਕ ਤਰ੍ਹਾਂ ਸਮਝਦੇ ਹੋਏ, ਇਹਨਾਂ ਦੇਸ਼ਾਂ ਅੰਦਰ ਜਗੀਰੂ ਸੰਬੰਧਾਂ ਵਿਰੁੱਧ ਮੌਜੂਦ ਸਮਾਜਕ ਜਦੋਜਹਿਦਾਂ ਦੀ ਅਗਵਾਈ ਸੰਭਾਲਦੇ ਹੋਏ ਰਾਜਸੱਤਾ ਉਪਰ ਕਬਜ਼ਾ ਕਰ ਲਿਆ। ਇਹਨਾਂ ਦੇਸ਼ਾਂ ਅੰਦਰ ਕਮਿਊਨਿਸਟ ਪਾਰਟੀਆਂ ਦੀ ਇਸ ਸਫਲਤਾ ਦਾ ਇਕ ਮਹੱਤਵਪੂਰਣ ਕਾਰਣ ਇਹ ਸੀ ਕਿ ਇਹਨਾਂ ਦੇਸ਼ਾਂ ਉਪਰ ਕਿਸੇ ਸਾਮਰਾਜੀ ਸ਼ਕਤੀ ਦਾ ਸਿੱਧਾ ਕੰਟਰੋਲ ਨਹੀਂ ਸੀ। ਇਥੇ ਇਕ ਮਹੱਤਵਪੂਰਣ ਨੁਕਤਾ ਜੋ ਸਾਨੂੰ ਧਿਆਨ 'ਚ ਰੱਖਣਾ ਚਾਹੀਦਾਹੈ ਉਹ ਇਹ ਕਿ ਇਨਕਲਾਬ ਦੀ ਵਿਚਾਰਧਾਰਕ ਰਾਜਨੀਤਕ ਅਗਵਾਈ ਦੇ ਪੱਖ ਤੋਂ ਭਾਵੇਂ ਕਮਿਊਨਿਸਟ ਪਾਰਟੀਆਂ ਦੀ ਅਗਵਾਈ 'ਚ ਸਨ ਪਰ ਆਪਣੇ ਪਦਾਰਥਕ ਅਧਾਰ ਦੇ ਪੱਖੋਂ ਇਹ ਇਨਕਲਾਬ, ਕਮਿਊਨਿਸਟ ਇਨਕਲਾਬ ਨਹੀਂ ਸਨ।

ਠੀਕ ਸ਼ਬਦਾਂ 'ਚ, ਜਿਵੇਂ ਚੀਨ ਦੀ ਕਮਿ. ਪਾਰਟੀ ਨੇ ਆਪਣੇ ਇਨਕਲਾਬ ਨੂੰ ਕਿਹਾ, ਇਹਨਾਂ ਇਨਕਲਾਬਾਂ ਨੂੰ ਨਵ-ਜਮਹੂਰੀ ਇਨਕਲਾਬ ਕਿਹਾ ਜਾਣਾ ਚਾਹੀਦਾ ਹੈ। ਰੂਸ ਦਾ ਅਕਤੂਬਰ ਇਨਕਲਾਬ ਵੀ ਨਵ-ਜਮਹੂਰੀ ਇਨਕਲਾਬ ਹੀ ਸੀ ਨਾ ਕਿ ਕਮਿਊਨਿਸਟ। ਇਹਨਾਂ ਇਨਕਲਾਬਾਂ ਦੇ ਵਾਪਰਨ ਸਮੇਂ ਇਹਨਾਂ ਦੇਸ਼ਾਂ ਅੰਦਰ ਖ਼ਾਸ ਕਰਕੇ ਤੇ ਸਮੁੱਚੇ ਸੰਸਾਰ ਅੰਦਰ ਆਮ ਕਰਕੇ ਪੈਦਾਵਾਰੀ ਸ਼ਕਤੀਆਂ ਦਾ ਵਿਕਾਸ ਜਿਸ ਪੜਾ ਉਪਰ ਸੀ, ਉਸ ਪੜਾ ਉਪਰ ਪੈਦਾਵਾਰ ਦੀ ਲਾਜ਼ਮੀ ਤੌਰ 'ਤੇ—ਬੁਰਜੂਆ ਉਤਪਾਦਨ ਪ੍ਰਣਾਲੀ ਹੀ ਬਹਾਲ ਹੋ ਸਕਦੀ ਸੀ ਨਾਂ ਕਿ ਕਮਿਊਨਿਜ਼ਮ। ਅੱਜ ਅਸੀਂ ਦੇਖ ਸਕਦੇ ਹਾਂ ਕਿ ਇਹਨਾਂ ਦੇਸ਼ਾਂ ਅੰਦਰ ਰਾਜਸੀ ਸਰਮਾਏਦਾਰੀ-ਸਰਮਾਏਦਾਰੀ ਦਾ ਅੰਤਿਮ ਪੜਾ-ਬਹਾਲ ਹੈ।

ਇਤਿਹਾਸ ਦੀ ਇਸ ਚਰਚਾ ਤੋਂ ਬਾਅਦ ਹੁਣ ਇੱਕ ਦਮ ਮੈਂ ਵਿਚਾਰਧਾਰਕ ਰਾਜਨੀਤਕ ਸਵਾਲਾਂ ਵੱਲ ਮੁੜਾਂਗਾ।

### ਵਿਚਾਰਧਾਰਕ-ਰਾਜਨੀਤਕ ਸਵਾਲਾਂ ਬਾਰੇ

ਹੁਣ ਜਦੋਂ ਮੈਂ ਮਾਰਕਸ ਦੀ ਮੌਤ ਤੋਂ ਬਾਅਦ ਇਤਿਹਾਸ ਅੰਦਰ ਵਾਪਰੀਆਂ ਉਭਰਵੀਆਂ ਇਤਿਹਾਸਕ ਘਟਨਾਵਾਂ ਦੀ ਪਦਾਰਥਵਾਦੀ ਦ੍ਰਿਸ਼ਟੀਕੋਣ ਤੋਂ ਵਿਆਖਿਆ ਕਰ ਦਿੱਤੀ ਹੈ ਤਾਂ ਇਸ ਵਿਆਖਿਆ ਉਪਰ ਖੜਦਿਆਂ ਮੈਂ ਕੁਝ ਵਿਚਾਰਧਾਰਕ-ਰਾਜਨੀਤਕ ਸਵਾਲਾਂ ਬਾਰੇ ਵਿਚਾਰ ਕਰਾਂਗਾ।

### ਸਾਮਰਾਜ ਨਹੀਂ ਰਾਜਕੀ ਸਰਮਾਏਦਾਰੀ, ਸਰਮਾਏਦਾਰੀ ਦਾ ਉਚਤਮ ਪੜਾ ਹੈ

ਸਭ ਤੋਂ ਪਹਿਲਾਂ ਮੈਂ ਕੌਮਾਂਤਰੀ ਕਮਿਊਨਿਸਟ ਲਹਿਰ ਅੰਦਰ ਪ੍ਰਵਾਨਤ ਕਾਮਰੇਡ ਲੈਨਿਨ ਦੇ ਬੁਨਿਆਦੀ ਨਿਰਣੇ ਬਾਰੇ ਗੱਲ ਕਰਾਂਗਾ। ਕਾਮਰੇਡ ਲੈਨਿਨ ਨੇ ਆਪਣੀ ਪੁਸਤਕ 'ਸਾਮਰਾਜ ਸਰਮਾਏਦਾਰੀ ਦਾ ਸਰਵ-ਉਚ ਪੜਾ' ਅੰਦਰ ਇਹ ਨਿਰਣਾ ਪੇਸ਼ ਕੀਤਾ ਕਿ ਸਾਮਰਾਜ ਸਰਮਾਏਦਾਰੀ ਦੀ ਅੰਤਿਮ ਅਵਸਥਾ ਹੈ, ਕਿ ਸਾਮਰਾਜ ਪ੍ਰੋਲਤਾਰੀ ਇਨਕਲਾਬ ਦਾ ਪਹੁ ਫੁਟਾਲਾ ਹੈ, ਕਿ ਸਾਮਰਾਜ ਮਰਨ ਕੰਢੇ ਪਈ ਸਰਮਾਏਦਾਰੀ ਹੈ, ਕਿ ਸਰਮਾਏਦਾਰੀ ਤੋਂ ਅਗਲੇ ਪ੍ਰਬੰਧ ਕਮਿਊਨਿਜ਼ਮ ਦੇ ਲੱਛਣ ਰੂਪ ਧਾਰ ਚੁੱਕੇ ਨੇ। ਤੱਤ ਰੂਪ 'ਚ ਕਿਹਾ ਜਾ ਸਕਦਾ ਹੈ ਕਿ ਲੈਨਿਨ ਸਮਝਦਾ ਸੀ ਕਿ ਪੈਦਾਵਾਰ ਦੀਆਂ ਸ਼ਕਤੀਆਂ ਉਸ ਹੱਦ ਤੱਕ ਵਿਕਸਤ ਹੋ ਚੁੱਕੀਆਂ ਹਨ ਜਿਸ ਹੱਦ ਤੱਕ ਇਹ ਪੈਦਾਵਾਰ ਦੇ ਸਰਮਾਏਦਾਰਾਨਾਂ ਸਬੰਧਾਂ ਅਧੀਨ ਜਾ ਸਕਦੀਆਂ ਹਨ। 'ਲੈਨਿਨ ਦੇ ਇਸ ਬੁਨਿਆਦੀ ਨਿਰਣੇ ਨੂੰ ਸਮਾਜਕ ਵਿਕਾਸ ਦੀ ਅਸਲੀਅਤ ਗਲਤ ਸਾਬਤ ਕਰਦੀ ਹੈ।' ਲੈਨਿਨ ਦੀ ਮੌਤ ਤੋਂ ਬਾਅਦ ਅੱਜ ਤੱਕ ਸੰਸਾਰ ਅੰਦਰ ਸਰਮਾਏਦਾਰਾਨਾਂ ਸਬੰਧਾਂ ਅਧੀਨ ਪੈਦਾਵਾਰ ਦੀਆਂ ਸ਼ਕਤੀਆਂ ਨੇ ਲਗਾਤਾਰ ਵਿਕਾਸ ਕੀਤਾ ਹੈ ਤੇ ਇਹ ਵਿਕਾਸ ਅਜੇ ਵੀ ਜਾਰੀ ਹੈ। ਇਸ ਤੱਥ ਨੂੰ ਕੌਮਾਂਤਰੀ ਕਮਿਊਨਿਸਟ ਲਹਿਰ ਦੇ ਇੱਕ ਹਿੱਸੇ ਨੇ ਹੁਣ ਪ੍ਰਵਾਨ ਵੀ ਕਰ ਲਿਆ ਹੈ। ਏਂਗਲਜ਼ ਨੇ ਆਪਣੀ ਪੁਸਤਕ 'ਸੋਸ਼ਲਿਜਮ ਵਿਗਿਆਨਕ ਤੇ ਯੂਟੋਪੀਆਈ' ਵਿੱਚ ਵਿਆਖਿਆ ਕੀਤੀ ਹੈ ਕਿ ਸਰਮਾਏਦਾਰੀ ਪ੍ਰੋਲਤਾਰੀ (ਕਮਿਊਨਿਸਟ) ਇਨਕਲਾਬ ਤੋਂ ਪਹਿਲਾਂ ਰਾਜਕੀ ਸਰਮਾਏਦਾਰੀ-ਜਿਥੇ ਪੈਦਾਵਾਰ ਦੇ ਸਾਧਨ ਬੁਰਜੂਆ ਰਾਜ ਦੀ ਮਾਲਕੀ 'ਚ ਹੁੰਦੇ ਹਨ—ਤੱਕ ਵਿਕਸਤ ਹੋਵੇਗੀ। ਏਂਗਲਜ ਰਾਜਕੀ ਸਰਮਾਏਦਾਰੀ ਨੂੰ ਅਜਾਰੇਦਾਰ ਸਰਮਾਏਦਾਰੀ (ਸਾਮਰਾਜ)ਨਾਲੋਂ ਵਿਕਸਤ ਪੜਾ ਸਮਝਦੇ ਸਨ। ਅੱਜ ਸੰਸਾਰ ਦੇ ਕਈ ਦੇਸ਼ਾਂ ਜਿਵੇਂ ਰੂਸ, ਚੀਨ ਆਦਿ ਅੰਦਰ ਮੌਜੂਦ ਰਾਜਕੀ ਸਰਮਾਏਦਾਰੀ ਏਂਗਲਜ ਦੀ ਵਿਆਖਿਆ ਨੂੰ ਠੀਕ ਸਿੱਧ ਕਰਦੀ ਹੈ ਅਤੇ ਲੈਨਿਨ ਦੇ ਨਿਰਣੇ ਨੂੰ ਗਲਤ। ਅਸਲੀਅਤ ਇਹ ਹੈ ਕਿ ਸਰਮਾਏਦਾਰੀ ਦਾ ਅੰਤਿਮ ਪੜਾ ਸਾਮਰਾਜ ਨਹੀਂ ਹੈ ਸਗੋਂ ਰਾਜਕੀ ਸਰਮਾਏਦਾਰੀ ਹੈ। ਸਮਾਜ ਅੰਦਰ ਕਮਿਊਨਿਸਟ ਇਨਕਲਾਬ ਤੇ ਕਮਿਊਨਿਜ਼ਮ ਦੀ ਸਥਾਪਤੀ ਤੋਂ ਪਹਿਲਾਂ ਰਾਜਕੀ ਸਰਮਾਏਦਾਰੀ ਬਹਾਲ ਹੋਣਾ ਜ਼ਰੂਰੀ ਹੈ।

### ਕਮਿਊਨਿਸਟ ਇਨਕਲਾਬ ਇੱਕ ਦੇਸ਼ 'ਚ ਨਹੀਂ ਦੁਨੀਆਂ ਦੇ ਬਹੁਗਿਣਤੀ ਦੇਸ਼ਾਂ 'ਚ ਇਕੋ ਸਮੇਂ ਵਾਪਰੇਗਾ।

ਅਗਲਾ ਮਹੱਤਵਪੂਰਣ ਨਿਰਣਾ ਜੋ ਸਾਡੀ ਲਹਿਰ 'ਚ ਪਰਵਾਨਤ ਹੈ ਤੇ ਇਹ ਵੀ ਲੈਨਿਨ ਨੇ ਹੀ ਪੇਸ਼ ਕੀਤਾ ਸੀ ਉਹ ਇਹ ਹੈ ਕਿ ਕਮਿਊਨਿਸਟ ਇਨਕਲਾਬ ਸਾਮਰਾਜ ਦੇ ਅਣਸਾਵੇਂ ਵਿਕਾਸ ਕਾਰਨ ਇੱਕ ਦੇਸ਼ 'ਚ ਵੀ ਸਫਲ ਹੋ ਸਕਦਾ ਹੈ। ਮਾਰਕਸ ਤੇ ਏਂਗਲਜ ਇਦੂੰ ਬਿਲਕੁਲ ਉਲਟ ਇਹ ਸਮਝਦੇ ਸੀ ਕਿ **ਕਮਿਊਨਿਸਟ ਇਨਕਲਾਬ** ਦੁਨੀਆਂ ਦੇ ਸਨਅਤੀ ਤੌਰ 'ਤੇ ਵਿਕਸਤ ਦੇਸ਼ਾਂ 'ਚ ਇਕੱਠਾ ਵਾਪਰੇਗਾ। ਮਾਰਕਸ ਤੇ ਏਂਗਲਜ ਦੀ ਵਿਆਖਿਆ ਉਹਨਾਂ ਦੀਆਂ ਪੁਸਤਕਾਂ 'ਕਮਿਊਨਿਸਟ ਪਾਰਟੀ ਦਾ ਮੈਨੀਫੈਸਟੋ' ਅਤੇ 'ਜਰਮਨ ਵਿਚਾਰਧਾਰਾ ਦਾ ਪਹਿਲਾ ਕਾਂਡ' 'ਚੋਂ ਚੰਗੀ ਤਰ੍ਹਾਂ ਪੜ੍ਹਿਆ ਜਾ ਸਕਦਾ ਹੈ। ਕਿਉਂਕਿ ਕਮਿ. ਦੀ ਅਗਵਾਈ 'ਚ ਰੂਸ ਤੇ ਚੀਨ ਆਦਿ ਅੰਦਰ ਵਾਪਰੇ ਇਨਕਲਾਬ ਆਪਣੇ ਪਦਾਰਥਕ ਅਧਾਰ ਦੇ ਪੱਖੋਂ ਕਮਿਊਨਿਸਟ ਨਹੀਂ ਸਨ ਸਗੋਂ ਨਵਜਮਹੂਰੀ ਸਨ ਇਸ ਲਈ ਲੈਨਿਨ ਦਾ ਇਹ ਨਿਰਣਾ ਵੀ ਗਲਤ ਹੈ।

### ਕਮਿਊਨਿਸਟ ਇਨਕਲਾਬ ਦੀ ਸਫਲਤਾ ਲਈ ਪੈਦਾਵਾਰੀ ਸ਼ਕਤੀਆਂ ਦੇ ਵਿਕਾਸ ਦਾ ਨਿਸ਼ਚਤ ਪੱਧਰ ਉੱਪਰ ਪਹੁੰਚਣਾ ਪੂਰਣ ਸ਼ਰਤ ਹੈ

ਜਿਵੇਂ ਮਾਰਕਸ ਦੇ ਇਸ ਲਿਖਤ'ਚ ਦਰਜ ਵਿਆਪਕ

ਸਿਟੇ ਤੋਂ ਅਤੇ ਹੋਰਾਂ ਥਾਵਾਂ ਉੱਤੇ ਮਾਰਕਸ ਅਤੇ ਏਂਗਲਜ਼ ਵੱਲੋਂ ਕੀਤੀ ਵਿਆਖਿਆ ਤੋਂ ਪਤਾ ਚਲਦਾ ਹੈ ਕਿ ਕਮਿਊਨਿਸਟ ਇਨਕਲਾਬ ਸਿਰਫ ਉਦੋਂ ਹੀ ਸਫਲ ਹੋ ਸਕਦਾ ਹੈ ਜਦੋਂ ਪੈਦਾਵਾਰ ਦੀਆਂ ਸ਼ਕਤੀਆਂ ਆਪਣੇ ਵਿਕਾਸ ਦੇ ਉਸ ਪੱਧਰ ਉਪਰ ਪੁਜ ਜਾਣ ਜਿਸ ਪੱਧਰ ਉਪਰ ਇਹ ਪੈਦਾਵਾਰ ਦੇ ਸਰਮਾਏਦਾਰਾਨਾ ਸੁਬੰਧਾਂ ਨਾਲ ਟੱਕਰ ਖਾ ਜਾਣ। ਪੈਦਾਵਾਰ ਦੀਆਂ ਸ਼ਕਤੀਆਂ ਦੇ ਇਸ ਪੱਧਰ ਉਪਰ ਪਹੁੰਚਣ ਤੋਂ ਪਹਿਲਾਂ ਲਾਜ਼ਮੀ ਹੀ ਸੰਸਾਰ ਦੇ ਲੱਗਪੱਗ ਸਾਰੇ ਦੇਸ਼ਾਂ ਅੰਦਰ ਰਾਜਕੀ ਸਰਮਾਏਦਾਰੀ ਦਾ ਬਹਾਲ ਹੋਣਾ ਜ਼ਰੂਰੀ ਹੈ। ਅੱਜ ਕਿਉਂਕਿ ਪੈਦਾਵਾਰ ਦੀਆਂ ਸ਼ਕਤੀਆਂ ਇਸ ਪੱਧਰ ਉਪਰ ਨਹੀਂ ਪਹੁੰਚੀਆਂ ਇਸ ਲਈ ਕਮਿਊਨਿਸਟ ਇਨਕਲਾਬ ਦੇ ਸਫਲ ਹੋਣ ਲਈ ਅਜੇ ਪਦਾਰਥਕ ਅਧਾਰ ਤਿਆਰ ਨਹੀਂ ਹੋਇਆ। ਸਿਰਫ ਇਸ ਪਦਾਰਥਕ ਕਾਰਨ ਕਰਕੇ ਹੀ ਕੌਮਾਂਤਰੀ ਕਮਿਊਨਿਸਟ ਲਹਿਰ ਅੰਦਰ ਫੈਲਰਿਆ ਵਿਆਪਕ ਸੰਕਟ ਹੋਰ ਵਿਆਪਕ ਹੋਈ ਜਾ ਰਿਹਾ ਹੈ। ਬਾਕੀ ਸਾਰੇ ਕਾਰਣ ਜਿਹੜੇ ਕੌਮਾਂਤਰੀ ਕਮਿਊਨਿਸਟ ਲਹਿਰ ਅੰਦਰ ਛਾਏ ਸੰਕਟ ਲਈ ਜ਼ੁੰਮੇਵਾਰ ਹਨ, ਇਸ ਪਦਾਰਥਕ ਕਾਰਣ ਕਰਕੇ ਹੀ ਜ਼ਿੰਦਾ ਹਨ। ਰੂਸ, ਚੀਨ ਆਦਿ ਦੇਸ਼ਾਂ ਦਾ ਤਜਰਬਾ ਜਿਵੇਂ ਦੱਸਦਾ ਹੈ, ਉਸਤੋਂ ਜਿਸ ਸਿੱਟੇ ਉਪਰ ਮੈਂ ਪਹੁੰਚਦਾ ਹਾਂ ਉਹ ਇਹ ਹੈ ਕਿ ਕਮਿਊਨਿਸਟ ਇਨਕਲਾਬ ਸੰਸਾਰ ਭਰ 'ਚ ਇਕੱਠਾ ਵਾਪਰੇਗਾ। ਕਿਉਂਕਿ ਇਹਨਾਂ ਦੇਸ਼ਾਂ ਅੰਦਰ ਹਾਕਮ ਕਮਿਊਨਿਸਟ ਪਾਰਟੀਆਂ ਦੀਆਂ ਨੀਤੀਆਂ ਅੰਦਰ ਸੰਸਾਰ ਤਬਦੀਲੀ ਇੱਕ ਨਿਸ਼ਚਤ ਪੜਾ ਉਪਰ ਜਾ ਕੇ ਵਾਪਰੀ ਹੈ। ਜਿੰਨੀ ਦੇਰ ਇਹਨਾਂ ਦੇਸ਼ਾਂ ਅੰਦਰ ਮੰਡੀ ਨਾਲੋਂ ਟੁੱਟਕੇ ਵਿਕਾਸ ਜਾਰੀ ਰਿਹਾ ਉਨੀਂ ਦੇਰ ਨੀਤੀਆਂ 'ਚ ਕੋਈ ਮਹੱਤਵਪੂਰਨ ਤਬਦੀਲੀਆਂ ਨਹੀਂ ਹੋਈਆਂ। ਜਿਉਂ ਹੀ ਸੰਸਾਰ ਮੰਡੀ ਉਪਰ ਨਿਰਭਰਤਾ ਵਿਕਸਤ ਹੋਈ ਤਿਉਂ ਹੀ ਨੀਤੀਆਂ 'ਚ ਰੱਦੋ ਬਦਲ ਦਾ ਸਿਲਸਿਲਾ ਸ਼ੁਰੂ ਹੋਇਆ। ਚੀਨ ਅੰਦਰ ਸਭਿਆਚਾਰਕ ਇਨਕਲਾਬ ਦੀ ਸਫਲਤਾ ਅਤੇ ਬਾਅਦ 'ਚ ਪਾਰਟੀ ਦੀਆਂ ਨੀਤੀਆਂ ਅੰਦਰ ਰੱਦੋਬਦਲ ਇਸ ਕਾਰਨ ਕਰਕੇ ਹੀ ਹੋਈ। ਇਸਤੋਂ ਇਹ ਸਿੱਟਾ ਨਿਕਲਦਾ ਹੈ ਕਿ ਪੈਦਾਵਾਰ ਦੀਆਂ ਸ਼ਕਤੀਆ ਦਾ ਵਿਕਾਸ ਸੰਸਾਰ ਸਮਾਜ ਅੰਦਰ ਮੌਜੂਦ ਅਣਸਾਵੇਂਪਣ ਨੂੰ ਸਾਂਵਾ ਕਰਦਾ ਜਾਂਦਾ ਹੈ। ਮਾਰਕਸ ਤੇ ਏਂਗਲਜ਼ ਇਵੇਂ ਸਮਝਦੇ ਸਨ ਕਿ ਪੈਦਾਵਾਰੀ ਸ਼ਕਤੀਆਂ ਦੇ ਵਿਕਾਸ ਦਾ ਸਿੱਟਾ ਇਤਿਹਾਸ ਦੇ ਸੰਸਾਰ ਇਤਿਹਾਸ ਬਣਨ 'ਚ ਨਿਕਲਦਾ ਹੈ।

## ਪ੍ਰੋਲਤਾਰੀ ਡਿਕਟੇਟਰਸ਼ਿਪ ਦਾ ਪੀਰਡ ਕੋਈ ਬਹੁਤ ਲੰਬਾ ਨਹੀਂ ਹੋਵੇਗਾ

ਸੰਸਾਰ ਅੰਦਰ ਜਦੋਂ ਕਮਿਊਨਿਸਟ ਇਨਕਲਾਬ ਲਈ ਪਦਾਰਥਕ ਅਧਾਰ ਤਿਆਰ ਹੋ ਗਿਆ ਤਾਂ ਪ੍ਰੋਲਤਾਰੀ ਵਲੋਂ ਰਾਜਨੀਤਕ ਸਤਾ ਉਪਰ ਕਬਜ਼ਾ ਕਰਨ ਤੋਂ ਬਾਅਦ ਕਮਿਊਨਿਜ਼ਮ ਦੀ ਸਫਲ ਉਸਾਰੀ ਦਾ ਸਮਾਂ ਕੋਈ ਬਹੁਤ ਲੰਬਾ ਤੇ ਗੁੰਝਲਾਂ ਭਰਿਆ ਨਹੀਂ ਹੋਵੇਗਾ। ਮਾਰਕਸ ਏਂਗਲਜ਼ ਤੇ ਖੁਦ ਲੈਨਿਨ ਆਪਣੀ ਕਿਤਾਬ 'ਰਾਜ ਅਤੇ ਇਨਕਲਾਬ' ਲਿਖਣ ਤੱਕ ਇਉਂ ਹੀ ਸਮਝਦੇ ਸਨ। ਪਰ ਬਾਅਦ 'ਚ ਲੈਨਿਨ ਤੇ ਮਾਓ ਜਿਸ ਸਿੱਟੇ ਉਪਰ ਪਹੁੰਚੇ ਉਹ ਇਹ ਸੀ ਕਿ ਪ੍ਰੋਲਤਾਰੀ ਡਿਕਟੇਟਰਸ਼ਿਪ ਦਾ ਪੀਰਡ ਕਾਫ਼ੀ ਲੰਬਾ ਤੇ ਗੁੰਝਲਾਂ ਭਰਿਆ ਹੋਵੇਗਾ। ਮਾਓ ਨੇ ਤਾਂ ਅੱਗੇ ਜਾਂਦੇ ਹੋਏ ਪ੍ਰੋਲਤਾਰੀ ਡਿਕਟੇਟਰਸ਼ਿਪ ਅਧੀਨ ਨਿਰੰਤਰ ਇਨਕਲਾਬ ਦਾ ਸਿਧਾਂਤ ਵਿਕਸਤ ਕੀਤਾ। ਸਮਾਜਕ ਹਕੀਕਤ ਲੈਨਿਨ ਤੇ ਮਾਓ ਦੇ ਇਸ ਨਿਰਣੇ ਨੂੰ ਰੱਦ ਕਰਦੀ ਹੈ ਕਿ ਪ੍ਰੋਲਤਾਰੀ ਡਿਕਟੇਟਰਸ਼ਿਪ ਦਾ ਪੀਰਡ ਕਾਫੀ ਲੰਬਾ ਤੇ ਗੁੰਝਲਾਂ ਭਰਿਆ ਹੋਵੇਗਾ। ਜਦੋਂ ਕਮਿਊਨਿਸਟ ਇਨਕਲਾਬ ਲਈ ਪਦਾਰਥਕ ਅਧਾਰ ਤਿਆਰ ਹੋ ਗਿਆ ਤਾਂ ਪ੍ਰੋਲਤਾਰੀ ਵੱਲੋਂ ਰਾਜਸਤਾ ਹਥਿਆ ਲੈਣ ਤੋਂ ਬਾਅਦ ਸਰਮਾਏਦਾਰੀ ਰਾਜਸਤਾ ਉਪਰ ਮੁੜ ਕਾਬਜ਼ ਨਹੀਂ ਹੋ ਸਕਦੀ। ਰੂਸ ਤੇ ਚੀਨ ਆਦਿ ਦੇਸ਼ਾਂ ਅੰਦਰ ਇਹ ਇਸ ਕਰਕੇ ਵਾਪਰਿਆ ਹੈ ਕਿ ਇਹ ਇਨਕਲਾਬ ਨਵ-ਜਮਹੂਰੀ ਇਨਕਲਾਬ ਸਨ। ਇਹਨਾਂ ਦੇਸ਼ਾਂ ਅੰਦਰ ਰਾਜਸੱਤਾ ਸਰਮਾਏਦਾਰੀ ਦੇ ਹੱਥ ਜਾਣ ਨੂੰ ਨਹੀਂ ਸੀ ਰੋਕਿਆ ਜਾ ਸਕਦਾ ਕਿਉਂਕਿ ਇਉਂ ਵਾਪਰਨ ਦਾ ਪਦਾਰਥਕ ਅਧਾਰ ਮੌਜੂਦ ਸੀ। ਪਰੋਲਤਾਰੀ ਡਿਕਟੇਟਰਸ਼ਿਪ ਅਧੀਨ ਨਿਰੰਤਰ ਇਨਕਲਾਬ ਚੀਨ ਅੰਦਰ ਇਸੇ ਕਰਕੇ ਜਾਰੀ ਨਹੀਂ ਰਿਹਾ। ○

## ਕੌਮਾਂਤਰੀ ਕਮਿਊਨਿਸਟ ਲਹਿਰ ਦੇ ਫੌਰੀ ਕਾਰਜ

ਕੌਮਾਂਤਰੀ ਕਮਿਊਨਿਸਟ ਸਮਾਜ—ਜਿਸ ਵਿੱਚ ਜਮਾਤੀ ਵੰਡ ਨਹੀਂ ਹੋਵੇਗੀ—ਉਸਾਰਨਾ, ਕੌਮਾਂਤਰੀ ਕਮਿਊਨਿਸਟ ਲਹਿਰ ਦਾ ਨਿਸ਼ਾਨਾ ਹੈ। ਇਹ ਨਿਸ਼ਾਨਾ ਕਮਿਊਨਿਸਟਾਂ ਦੇ ਦਿਮਾਗ ਦੀ ਕਾਢ ਨਹੀ, ਸਗੋਂ, ਸੰਸਾਰ ਸਮਾਜਕ ਵਿਕਾਸ ਦੀ ਪ੍ਰਕਿਰਿਆ ਖੁਦ-ਬ-ਖੁਦ ਇਸ ਦਿਸ਼ਾ ਵੱਲ ਵਿਕਾਸ ਕਰ ਰਹੀ ਹੈ। ਜਿਵੇਂ, ਸਮਾਜਕ ਵਿਕਾਸ ਦੀ ਪ੍ਰਕਿਰਿਆ ਦੇ ਇੱਕ ਖਾਸ ਪੜਾ ਉਪਰ ਸਮਾਜ ਦਾ ਜਮਾਤਾਂ 'ਚ ਵੰਡਿਆ ਜਾਣਾ ਲਾਜ਼ਮੀ ਸੀ, ਉਵੇਂ, ਇੱਕ ਨਿਸ਼ਚਤ ਪੜਾ ਉਪਰ ਪਹੁੰਚ ਕੇ ਸਮਾਜ ਅੰਦਰ ਮੌਜੂਦ ਜਮਾਤੀ ਵੰਡ ਦਾ ਖਤਮ ਹੋ ਜਾਣਾ ਵੀ ਲਾਜ਼ਮੀ ਹੈ। ਸਮਾਜਕ ਵਿਕਾਸ ਦੇ ਇੱਕ ਨਿਸ਼ਚਤ ਪੱਧਰ ਉਪਰ ਕਮਿਊਨਿਸਟ ਸਮਾਜਕ ਪ੍ਰਬੰਧ ਦੇ ਸਥਾਪਤ ਹੋਣ ਨੂੰ ਦੁਨੀਆਂ ਦੀ ਕੋਈ ਵੀ ਤਾਕਤ ਰੋਕ ਨਹੀਂ ਸਕਦੀ।

ਸਮਾਜਕ ਵਿਕਾਸ ਦੀ ਪ੍ਰਕਿਰਿਆ—ਹੋਰ ਸਾਰੀਆਂ ਪਦਾਰਥਕ ਪ੍ਰਕਿਰਿਆਵਾਂ ਵਾਂਗ ਆਪਣੇ ਵਿਕਾਸ ਦੌਰਾਨ ਮਿਕਦਾਰੀ ਅਤੇ ਸਿਫਤੀ ਤਬਦੀਲੀਆਂ ਵਿਚੋਂ ਦੀ ਲੰਘਦੀ ਹੈ। ਇਸ ਪ੍ਰਕਿਰਿਆ ਅੰਦਰ ਦੋ ਸਿਫਤੀ ਤਬਦੀਲੀਆਂ

ਦੇ ਵਿਚਕਾਰਲਾ ਦੌਰ ਮਿਕਦਾਰੀ ਤਬਦੀਲੀਆਂ ਦਾ ਦੌਰ ਹੁੰਦਾ ਹੈ। ਜਿਵੇਂ, ਸਮਾਜ ਅੰਦਰ ਜਗੀਰੂ ਪ੍ਰਬੰਧ ਵਿਰੁੱਧ ਇਨਕਲਾਬ ਹੋਏ ਅਤੇ ਬੁਰਜੂਆ ਪ੍ਰਬੰਧ ਸਥਾਪਤ ਹੋਇਆ, ਇਹ ਸਮਾਜ ਅੰਦਰ ਇੱਕ ਸਿਫਤੀ ਤਬਦੀਲੀ ਸੀ। ਭਵਿੱਖ ਵਿੱਚ ਸਮਾਜ ਅੰਦਰ ਬੁਰਜੂਆ ਪ੍ਰਬੰਧ ਵਿਰੁੱਧ ਇਨਕਲਾਬ ਹੋ ਕੇ ਕਮਿਊਨਿਸਟ ਪ੍ਰਬੰਧ ਸਥਾਪਤ ਹੋ ਜਾਵੇਗਾ, ਇਹ ਸਮਾਜ ਅੰਦਰ ਇੱਕ ਹੋਰ ਸਿਫਤੀ ਤਬਦੀਲੀ ਹੋਵੇਗੀ। ਦੋਵਾਂ ਸਿਫਤੀ ਤਬਦੀਲੀਆਂ ਦੇ ਵਿਚਕਾਰਲੇ ਦੌਰ 'ਚ ਸਮਾਜ ਅੰਦਰ ਬੁਰਜੂਆ ਪ੍ਰਬੰਧ ਕਾਇਮ ਰਹੇਗਾ ਅਤੇ ਇਸ ਸਾਰੇ ਦੌਰ 'ਚ ਬੁਰਜੂਆ ਪ੍ਰਬੰਧ ਅੰਦਰ ਮਿਕਦਾਰੀ ਤਬਦੀਲੀਆਂ ਵਾਪਰਦੀਆਂ ਰਹਿਣਗੀਆਂ। ਹੋਰ ਸਾਰੀਆਂ ਪਦਾਰਥਕ ਪ੍ਰਕਿਰਿਆਵਾਂ ਵਾਂਗ, ਸਮਾਜਕ ਵਿਕਾਸ ਦੀ ਪ੍ਰਕਿਰਿਆ ਅੰਦਰ ਕੋਈ ਸਿਫਤੀ ਤਬਦੀਲੀ ਉਨੀ ਦੇਰ ਨਹੀਂ ਹੋ ਸਕਦੀ ਜਿੰਨੀ ਦੇਰ ਸਮਾਜ ਅੰਦਰ ਇਸ ਤਬਦੀਲੀ ਤੋਂ ਪਹਿਲਾਂ ਲੋੜੀਂਦੀਆਂ ਮਿਕਦਾਰੀ ਤਬਦੀਲੀਆਂ ਨਾ ਹੋ ਜਾਣ। ਸੰਸਾਰ ਅੰਦਰ ਮੌਜੂਦ ਬੁਰਜੂਆ ਪ੍ਰਬੰਧ ਨੇ, ਇਸ ਵਿੱਚ ਵਾਪਰਨ ਵਾਲੀ ਸਿਫਤੀ ਤਬਦੀਲੀ—ਕਮਿਊਨਿਸਟ ਇਨਕਲਾਬ—ਤੋਂ ਪਹਿਲਾਂ, ਮਿਕਦਾਰੀ ਤਬਦੀਲੀਆਂ ਦੇ ਇੱਕ ਨਿਸ਼ਚਤ ਦੌਰ ਵਿੱਚੋਂ ਲੰਘਣਾ ਹੈ। ਫ. ਏਂਗਲਜ਼ ਨੇ ਆਪਣੀ ਪੁਸਤਕ 'ਸਮਾਜਵਾਦ ਯੂਟੋਪੀਆਈ ਅਤੇ ਵਿਗਿਆਨਕ' ਵਿੱਚ ਕਾਫੀ ਹੱਦ ਤੱਕ, ਬੁਰਜੂਆ ਪ੍ਰਬੰਧ ਅੰਦਰ ਵਾਪਰਨ ਵਾਲੀਆਂ ਮਿਕਦਾਰੀ ਤਬਦੀਲੀਆਂ ਦਾ ਚੰਗਾ ਨਕਸ਼ਾ ਉਲੀਕਿਆ ਹੈ। ਕਮਿਊਨਿਸਟ ਇਨਕਲਾਬ ਉਨੀ ਦੇਰ ਕਦੇ ਸਫਲ ਨਹੀਂ ਹੋ ਸਕਦਾ ਜਿੰਨੀ ਦੇਰ ਬੁਰਜੂਆ ਪ੍ਰਬੰਧ ਅੰਦਰ ਵਾਪਰਨ ਵਾਲੀਆਂ ਮਿਕਦਾਰੀ ਤਬਦੀਲੀਆਂ ਦਾ ਦੌਰ ਮੁਕੰਮਲ ਨਹੀਂ ਹੋ ਜਾਂਦਾ। ਕੌਮਾਂਤਰੀ ਕਮਿਊਨਿਸਟ ਲਹਿਰ ਦਾ ਫੌਰੀ ਕਾਰਜ, ਕਮਿਊਨਿਸਟ ਇਨਕਲਾਬ ਦੇ ਪਦਾਰਥਕ ਅਧਾਰ ਦੀ ਤਿਆਰੀ ਵਜੋਂ, ਬੁਰਜੂਆ ਪ੍ਰਬੰਧ ਅੰਦਰ ਮਿਕਦਾਰੀ ਤਬਦੀਲੀਆਂ ਲਈ ਸੰਘਰਸ਼ ਕਰਨਾ ਹੈ।

ਤਾਂ ਫਿਰ ਸਮਾਜਕ ਵਿਕਾਸ ਦੀ ਪ੍ਰਕਿਰਿਆ ਅੰਦਰ ਵਾਪਰਨ ਵਾਲੀਆਂ ਇਹਨਾਂ ਮਿਕਦਾਰੀ ਤੇ ਸਿਫਤੀ ਤਬਦੀਲੀਆਂ ਨੂੰ ਨਿਰਧਾਰਤ ਕਿਹੜੀ ਚੀਜ਼ ਕਰਦੀ ਹੈ। ਕਾਰਲ ਮਾਰਕਸ ਨੇ ਆਪਣੀ ਪੁਸਤਕ 'ਰਾਜਨੀਤਕ ਆਰਥਕਤਾ ਦੀ ਅਲੋਚਨਾ ਨੂੰ ਇੱਕ ਦੇਣ' ਦੀ ਭੂਮਿਕਾ ਵਿੱਚ ਲਿਖਿਆ ਸੀ, "...ਆਪਣੇ ਜੀਵਨ ਦੇ ਸਮਾਜਕ ਉਤਪਾਦਨ ਵਿੱਚ, ਮਨੁੱਖਾਂ ਦੇ ਨਿਸ਼ਚਤ ਸੰਬੰਧ ਸਥਾਪਤ ਹੁੰਦੇ ਹਨ, ਜਿਹੜੇ ਅਟੱਲ ਅਤੇ ਉਹਨਾਂ ਦੀ ਇੱਛਾ ਤੋਂ ਸੁਆਧੀਨ ਹੁੰਦੇ ਹਨ, ਉਤਪਾਦਨ ਦੇ ਸੰਬੰਧ ਜਿਹੜੇ ਉਹਨਾਂ ਦੀਆਂ ਪਦਾਰਥਕ ਉਤਪਾਦਕ ਸ਼ਕਤੀਆਂ ਦੇ ਵਿਕਾਸ ਦੇ ਨਿਸ਼ਚਤ ਪੜਾ ਦੇ ਅਨੁਸਾਰੀ ਹੁੰਦੇ ਹਨ। ਉਤਪਾਦਨ ਦੇ ਇਹਨਾਂ ਸੰਬੰਧਾਂ ਦਾ ਕੁਲ ਜਮਾਂ ਜੋੜ ਸਮਾਜ ਦਾ ਆਰਥਕ ਢਾਂਚਾ, ਅਸਲ ਬੁਨਿਆਦ ਹੁੰਦੀ ਹੈ ਜਿਸ ਉਤੇ ਇੱਕ ਕਾਨੂੰਨੀ ਤੇ ਰਾਜਸੀ ਪਰਾ ਬਣਤਰ ਖੜੀ ਹੁੰਦੀ ਹੈ...ਆਪਣੇ ਵਿਕਾਸ ਦੇ ਇੱਕ ਨਿਸ਼ਚਤ ਪੜਾ ਉੱਤੇ, ਸਮਾਜ ਦੀਆਂ ਪਦਾਰਥਕ ਉਤਪਾਦਕ ਸ਼ਕਤੀਆਂ ਦੀ ਵਿਦਮਾਨ ਉਤਪਾਦਨ ਦੇ ਸੰਬੰਧਾਂ ਨਾਲ, ਜਾਂ ਜੋ ਕਿ ਉਸੇ ਗੱਲ ਦਾ ਹੀ ਕਾਨੂੰਨੀ ਪ੍ਰਗਟਾ ਹੈ-ਉਹਨਾਂ ਸੰਪਤੀ ਸੰਬਧਾਂ ਨਾਲ ਟੱਕਰ ਹੋ ਜਾਂਦੀ ਹੈ ਜਿਨ੍ਹਾਂ ਦੇ ਅੰਦਰ ਉਹ ਹੁਣ ਤੱਕ ਕੰਮ ਕਰਦੀਆਂ ਰਹੀਆਂ ਹਨ। ਉਤਪਾਦਕ ਸ਼ਕਤੀਆਂ ਦੇ ਵਿਕਾਸ਼ ਦੇ ਰੂਪਾਂ ਤੋਂ ਬਦਲਕੇ, ਇਹ ਸੰਬੰਧ ਉਹਨਾਂ ਦੀਆਂ ਬੇੜੀਆਂ ਬਣ ਜਾਂਦੇ ਹਨ। ਫੇਰ ਸਮਾਜਕ ਇਨਕਲਾਬ ਦਾ ਯੁਗ ਸ਼ੁਰੂ ਹੁੰਦਾ ਹੈ ਆਰਥਕ ਬੁਨਿਆਦ ਦੇ ਬਦਲਣ ਨਾਲ ਸਮੁੱਚੀ ਅਸੀਮ ਪਰਾ-ਬਣਤਰ ਘੱਟ ਜਾਂ ਵੱਧ ਤੇਜ਼ੀ ਨਾਲ ਬਦਲ ਜਾਂਦੀ ਹੈ। ਕੋਈ ਸਮਾਜਕ ਵਿਵਸਥਾ ਉਨਾਂ ਚਿਰ ਕਦੇ ਖਤਮ ਨਹੀਂ ਹੁੰਦੀ ਜਿਨਾਂ ਚਿਰ ਸਾਰੀਆਂ ਉਤਪਾਦਕ ਸ਼ਕਤੀਆਂ ਜਿਨਾਂ ਵਾਸਤੇ ਇਹਦੇ ਵਿੱਚ ਥਾਂ ਹੁੰਦੀ ਹੈ ਵਿਕਸਤ ਨਹੀਂ ਹੋ ਜਾਂਦੀਆਂ, ਅਤੇ ਉਤਪਾਦਨ ਦੇ ਨਵੇਂ ਉਚੇਰੇ ਸੰਬੰਧ ਉਨਾਂ ਚਿਰ ਕਦੇ ਪਰਗਟ ਨਹੀਂ ਹੁੰਦੇ ਜਿਨ੍ਹਾਂ ਚਿਰ ਉਹਨਾਂ ਦੇ ਅਸਤਿਤਵ ਦੀਆਂ ਪਦਾਰਥਕ ਹਾਲਤਾਂ ਖੁਦ ਪੁਰਾਣੇ ਸਮਾਜ ਦੀ ਕੁੱਖ ਵਿੱਚ ਪਰਪੱਕ ਨਹੀਂ ਹੋ ਜਾਂਦੀਆਂ।"

ਮਾਰਕਸ ਦੀ ਇਸ ਟੂਕ ਤੋਂ ਸਾਫ ਪਤਾ ਚਲਦਾ ਹੈ ਕਿ ਸਮਾਜ ਅੰਦਰ ਵਾਪਰਨ ਵਾਲੀਆਂ ਮਿਕਦਾਰੀ ਅਤੇ ਸਿਫਤੀ ਤਬਦੀਲੀਆਂ ਨੂੰ ਸਮਾਜ ਦੀਆਂ ਪਦਾਰਥਕ ਉਤ-ਪਾਦਕ ਸ਼ਕਤੀਆਂ ਦਾ ਵਿਕਾਸ ਨਿਰਧਾਰਤ ਕਰਦਾ ਹੈ। ਸਮਾਜ ਦੀਆਂ ਪਦਾਰਥਕ ਉਤਪਾਦਕ ਸ਼ਕਤੀਆਂ, ਮਨੁੱਖਾਂ ਵਲੋਂ ਕੁਦਰਤ ਅੰਦਰ ਕਿਰਤ ਕਰਨ ਦੇ ਸਿਟੇ ਵਜੋਂ ਲਗਾ-ਤਾਰ ਵਿਕਸਤ ਹੁੰਦੀਆਂ ਰਹਿੰਦੀਆਂ ਹਨ।

ਸਮਾਜਕ ਉਤਪਾਦਨ ਵਿਚ, ਮਨੁੱਖਾਂ ਦੇ ਸਥਾਪਤ ਹੋਏ ਸੰਬੰਧ, ਇਹਨਾਂ ਸੰਬੰਧਾਂ ਦਾ ਕੁਲ ਜਮਾਂ ਜੋੜ ਸਮਾਜ ਦਾ ਆਰਥਕ ਢਾਂਚਾ ਅਤੇ ਇਸ ਆਰਥਕ ਢਾਂਚੇ ਦੀ ਬੁਨਿਆਦ ਉਪਰ ਖੜੀ ਕਾਨੂੰਨੀ ਤੇ ਰਾਜਸੀ ਪਰਾ-ਬਣਤਰ, ਸਮਾਜ ਦੀਆਂ ਪਦਾਰਥਕ ਉਤਪਾਦਕ ਸ਼ਕਤੀਆਂ ਦੇ ਵਿਕਾਸ ਦੇ ਨਿਸਚਿਤ ਪੱਧਰ ਦੇ ਅਨੁਸਾਰੀ ਹੁੰਦੀ ਹੈ। ਜਿਉਂ ਜਿਉਂ ਪੈਦਾਵਾਰੀ ਸ਼ਕਤੀਆਂ, ਸਮਾਜ ਦੀਆਂ ਪਦਾਰਥਕ ਉਤਪਾਦਕ ਸ਼ਕਤੀਆਂ ਵਿਕਾਸ ਕਰਦੀਆਂ ਹਨ ਤਿਉਂ ਤਿਉਂ ਸਮਾਜਕ ਢਾਂਚੇ ਅੰਦਰ ਤਬਦੀਲੀਆਂ ਆਉਂਦੀਆਂ ਰਹਿੰਦੀਆਂ ਹਨ। ਸਮਾਜਕ ਢਾਂਚੇ ਅੰਦਰ ਸਿਫਤੀ ਤਬਦੀਲੀ ਉਦੋਂ ਵਾਪਰਦੀ ਹੈ ਜਦੋਂ ਪਦਾਰਥਕ ਉਤਪਾਦਕ ਸ਼ਕਤੀਆਂ ਦੀ ਉਤਪਾਦਨ ਦੇ ਸੰਬੰਧਾਂ ਨਾਲ ਟੱਕਰ ਹੋ ਜਾਂਦੀ ਹੈ। ਕਿਸੇ ਸਮਾਜਕ ਪ੍ਰਬੰਧ ਅੰਦਰ ਜਦੋਂ

ਤੱਕ ਇਹ ਟੱਕਰ ਵਿਕਸਤ ਨਹੀਂ ਹੋ ਜਾਂਦੀ, ਜਦੋਂ ਤੱਕ ਉਸ ਪ੍ਰਬੰਧ ਅੰਦਰ ਸਿਫਤੀ ਤਬਦੀਲੀ ਲਈ ਪਦਾਰਥਕ ਅਧਾਰ ਤਿਆਰ ਨਹੀਂ ਹੋ ਜਾਂਦਾ ਉਦੋਂ ਤੱਕ ਉਸ ਸਮਾਜਕ ਪ੍ਰਬੰਧ ਅੰਦਰ ਉਤਪਾਦਕ ਸ਼ਕਤੀਆਂ ਦੇ ਲਗਾਤਾਰ ਵਿਕਾਸ ਕਾਰਨ ਮਿਕਦਾਰੀ ਤਬਦੀਲੀਆਂ ਆਉਂਦੀਆਂ ਰਹਿੰਦੀਆਂ ਹਨ ਅਤੇ ਇਹ ਮਿਕਦਾਰੀ ਤਬਦੀਲੀਆਂ ਸਮਾਜ ਅੰਦਰ ਸਿਫਤੀ ਤਬਦੀਲੀ ਵਾਪਰਣ ਲਈ ਪਦਾਰਥਕ ਅਧਾਰ ਸਿਰਜਦੀਆਂ ਹਨ।

ਕਮਿਊਨਿਸਟ ਲਹਿਰ ਨੂੰ ਆਪਣੇ ਫੌਰੀ ਕਾਰਜ ਤਹਿ ਕਰਨ ਲਈ ਜਿਸ ਬਾਹਰਮੁੱਖੀ ਹਕੀਕਤ ਦਾ ਸਭ ਤੋਂ ਪਹਿਲਾਂ ਨਿਰਣਾ ਕਰਨਾ ਪੈਣਾ ਹੈ, ਉਹ ਹੈ, ਕਿ ਸੰਸਾਰ ਸਮਾਜਕ ਵਿਕਾਸ ਦੀ ਪ੍ਰਕਿਰਿਆ ਕਿਸ ਦੌਰ'ਚੋਂ ਲਘ ਰਹੀ ਹੈ? ਸਭ ਤੋਂ ਪਹਿਲਾਂ ਸਾਨੂੰ ਇਹ ਜਾਨਣਾ ਪਵੇਗਾ ਕਿ ਕੀ ਸਮਾਜ ਅੰਦਰ ਸਿਫਤੀ ਤਬਦੀਲੀ ਵਾਪਰਣ ਲਈ ਪਦਾਰਥਕ ਅਧਾਰ ਤਿਆਰ ਹੋ ਗਿਆ ਹੈ? ਜੇ ਇਹ ਤਿਆਰ ਹੈ ਤਾਂ ਸਾਨੂੰ ਆਪਣੇ ਫੌਰੀ ਕਾਰਜ ਹਥਿਆਰਬੰਦ ਇਨਕਲਾਬ ਰਾਹੀਂ, ਰਾਜਸਤਾ ਖੋਹਣ ਦੀ ਨੀਤੀ ਦੇ ਅਨੁਸਾਰ ਤਹਿ ਕਰਨੇ ਚਾਹੀਦੇ ਹਨ। ਪਰ ਜੇ ਅਜੇ ਪਦਾਰਥਕ ਅਧਾਰ ਤਿਆਰ ਨਾ ਹੋਵੇ, ਜੇ ਅਜੇ ਸਮਾਜਿਕ ਵਿਕਾਸ ਦੀ ਪ੍ਰਕਿਰਿਆ ਮਿਕਦਾਰੀ ਤਬਦੀਲੀਆਂ ਦੇ ਦੌਰ ਵਿਚੋਂ ਲੰਘ ਰਹੀ ਹੋਵੇ ਤਾਂ ਸਾਨੂੰ ਆਪਣੇ ਕਾਰਜ—ਸਮਾਜ ਅੰਦਰ ਸਿਫਤੀ ਤਬਦੀਲੀ ਦੇ ਪਦਾਰਥਕ ਅਧਾਰ ਦੀ ਤਿਆਰੀ ਵਜੋਂ—ਮਿਕਦਾਰੀ ਤਬਦੀਲੀਆਂ ਲਈ ਸੰਘਰਸ਼ ਕਰਨ ਦੀ ਨੀਤੀ ਦੇ ਅਨੁਸਾਰ ਤਹਿ ਕਰਨੇ ਚਾਹੀਦੇ ਹਨ।

ਅੱਜ ਸਾਰੇ ਸੰਸਾਰ ਅੰਦਰ ਬੁਰਜੂਆ ਪ੍ਰਬੰਧ ਮੌਜੂਦ ਹੈ। ਪੈਦਾਵਾਰੀ ਸ਼ਕਤੀਆਂ ਦਾ ਵਿਕਾਸ ਇਸ ਪੱਧਰ ਤੱਕ ਹੋ ਗਿਆ ਹੈ ਕਿ ਇਸਨੇ ਕੌਮਾਂਤਰੀ ਮਿਹਨਤ ਵੰਡ ਪੈਦਾ ਕਰ ਦਿੱਤੀ ਹੈ ਹੁਣ ਸੰਸਾਰ ਦੇ ਵੱਖ ਵੱਖ ਦੇਸ਼ਾਂ ਦੀ ਆਰਥਕਤਾ ਇਕ ਦੂਜੇ ਤੇ ਨਿਰਭਰ ਹੈ। ਸੰਸਾਰ ਦੇ ਸਾਰੇ ਦੇਸ਼ਾਂ ਅੰਦਰ ਇੱਕ ਕੌਮਾਂਤਰੀ ਮੰਡੀ ਵਾਲਾ ਇਕਰੂਪ ਪ੍ਰਬੰਧ ਮੌਜੂਦ ਹੈ। ਅਤੇ ਇਹ ਬੁਰਜੂਆ ਪ੍ਰਬੰਧ ਅਜੇ ਮਿਕਦਾਰੀ ਤਬਦੀਲੀਆਂ ਦੇ ਦੌਰ ਵਿਚੋਂ ਲੰਘ ਰਿਹਾ ਹੈ, ਅਜੇ ਸੰਸਾਰ ਸਮਾਜ ਅੰਦਰ ਸਿਫਤੀ ਤਬਦੀਲੀ—ਕਮਿਊਨਿਸਟ ਇਨਕਲਾਬ ਦੇ ਸਫਲ ਹੋਣ ਲਈ ਪਦਾਰਥਕ ਅਧਾਰ ਤਿਆਰ ਨਹੀਂ ਹੋਇਆ। ਅਜੇ ਸੰਸਾਰ ਅੰਦਰ ਮੌਜੂਦ ਬੁਰਜੂਆ ਪ੍ਰਬੰਧ ਵਿੱਚ ਪਦਾਰਥਕ ਉਤਪਾਦਕ ਸ਼ਕਤੀਆਂ ਦਾ ਵਿਕਾਸ ਲਗਾਤਾਰ ਚਲ ਰਿਹਾ ਹੈ, ਅਜੇ ਸੰਸਾਰ ਸਮਾਜ ਅੰਦਰ ਮੌਜੂਦ ਬੁਰਜੂਆ ਸਬੰਧਾਂ ਅਤੇ ਪੈਦਾਵਾਰੀ ਸ਼ਕਤੀਆਂ ਵਿਚਕਾਰ ਟੱਕਰ ਵਿਕਸਤ ਨਹੀਂ ਹੋਈ। ਤਾਂ ਫਿਰ ਸਾਡੀ ਲਹਿਰ ਦੇ ਫੌਰੀ ਕਾਰਜ ਕੀ ਹੋਣੇ ਚਾਹੀਦੇ ਹਨ? ਕਿਉਂਕਿ ਅਜੇ ਸੰਸਾਰ ਸਮਾਜ ਅੰਦਰ ਮਿਕਦਾਰੀ ਤਬਦੀਲੀਆਂ ਦਾ ਦੌਰ ਚੱਲ ਰਿਹਾ ਹੈ ਇਸ ਲਈ ਸਾਨੂੰ ਇਹਨਾਂ ਮਿਕਦਾਰੀ ਤਬਦੀਲੀਆਂ ਨੂੰ ਜਿੰਨਾ ਤੇਜ ਕੀਤਾ ਜਾ ਸਕਦਾ ਹੈ ਉਨਾਂ ਤੇਜ਼ ਕਰਨ ਲਈ ਸੰਘਰਸ਼ ਕਰਨਾ ਚਾਹੀਦਾ ਹੈ। ਸਾਨੂੰ ਅਜਿਹਾ ਆਰਥਕ ਤੇ ਰਾਜਨੀਤਕ ਪ੍ਰੋਗਰਾਮ ਅਪਣਾਉਣਾ ਚਾਹੀਦਾ ਹੈ ਜਿਹੜਾ ਸਮਾਜ ਅੰਦਰ ਰਹੀਆਂ ਮਿਕਦਾਰੀ ਤਬਦੀਲੀਆਂ ਦੀ ਗਤੀ ਨੂੰ ਤੇਜ਼ ਕਰੇ।

ਸਮਾਜ ਅੰਦਰ ਮਿਕਦਾਰੀ ਤਬਦੀਲੀਆਂ ਲਈ ਸੰਘਰਸ਼ ਮੁੱਖ ਤੌਰ ਤੇ ਕਾਨੂੰਨੀ ਪਾਰਟੀ ਦੀ ਅਗਵਾਈ 'ਚ ਹੀ ਚਲਾਇਆ ਜਾ ਸਕਦਾ ਹੈ ਜਿਹੜੀ ਪਾਰਲੀਮੈਂਟ ਸਮੇਤ ਸਾਰੀਆਂ ਕਾਨੂੰਨੀ ਰਾਜਸੀ, ਆਰਥਕ, ਸਭਿਆਚਾਰਕ ਸੰਸਥਾਵਾਂ 'ਚ ਹਿੱਸਾ ਲਵੇ। ਵੱਖ ਵੱਖ ਦੇਸ਼ਾਂ ਅੰਦਰ ਜਿਹੜੀਆਂ ਬੁਰਜੂਆ ਪਾਰਟੀਆਂ ਸਨਅਤ ਅਤੇ ਹੋਰ ਪ੍ਰਾਈਵੇਟ ਜਮੀਂਦਾਰ ਨੂੰ ਰਾਜਕੀ ਖੇਤਰ ਅਧੀਨ ਲਿਆਉਣ ਦੇ ਹੱਕ 'ਚ ਹੋਣ, ਕਮਿਊਨਿਸਟਾਂ ਨੂੰ ਇਹਨਾਂ ਪਾਰਟੀਆਂ ਨਾਲ ਇਸ ਖਾਸ ਮਸਲੇ ਉਪਰ ਸਾਂਝਾ ਮੋਰਚਾ ਬਣਾ ਕੇ ਸੰਘਰਸ਼ ਕਰਨਾ ਚਾਹੀਦਾ ਹੈ। ○

---

ਨਾਟਕ

## ਹੋਰ ਵੀ ਉਠਸੀ ਮਰਦ ਕਾ ਚੇਲਾ

ਗੁਰਸ਼ਰਨ ਸਿੰਘ

---

ਪਾਤਰ : ਥਾਨੇਦਾਰ, ਸਿਪਾਹੀ, ਨੌਜਵਾਨ, ਐਮ. ਐਲ. ਏ, ਅਤੇ ਇਕ ਪਿੰਡ ਦਾ ਬਜ਼ੁਰਗ,

ਨਾਟਕ ਇਕ ਥਾਣੇ ਵਿਚ ਸ਼ੁਰੂ ਹੁੰਦਾ ਹੈ।
ਥਾਨੇਦਾਰ ਸਿਪਾਹੀ ਦਾਖਲ ਹੁੰਦੇ ਹਨ।

ਥਾਨੇਦਾਰ : ਰਾਮ ਸਿੰਘ ਸ਼ਹਿਰ ਦਾ ਕੀ ਹਾਲ ਏ?

ਸਿਪਾਹੀ : ਜੋ ਹੁੰਦਾ ਹੁੰਦਾ ਏ ਜਨਾਬ,

ਥਾਨੇਦਾਰ : ਕੀ ਮਤਲਬ?

ਸਿਪਾਹੀ : ਲੋਕ ਸਵੇਰੇ ਉੱਠਦੇ ਨੇ, ਰਾਤੀ ਸੌਂ ਜਾਂਦੇ ਨੇ ਜਨਾਬ, ਹਿੰਦੂ ਰਾਮ ਦਾ ਨਾਮ ਲੈਂਦੇ ਨੇ, ਮੁਸਲਮਾਨ ਅੱਲਾਹ ਦਾ ਤੇ, ਸਿੱਖ ਵਾਹਿਗੁਰੂ ਦਾ ਜਾਪ ਕਰਦੇ ਨੇ ਜਨਾਬ, ਕੁਝ ਲੋਕ ਤੰਦਰੁਸਤ ਨੇ ਤੇ ਕੁਝ ਬਿਮਾਰ ਨੇ ਜਨਾਬ ਬੱਚੇ ਪੈਦਾ ਹੋ ਰਹੇ ਨੇ ਤੇ ਬੁੱਢੇ ਮਰ ਰਹੇ ਨੇ ਜਨਾਬ।

ਥਾਨੇਦਾਰ : ਓਏ, ਮੈਂ ਤੈਨੂੰ ਇਹ ਪੁੱਛਣ ਲਈ ਨਹੀਂ ਬੁਲਾਇਆ।

ਸਿਪਾਹੀ : ਜੋ ਪੁੱਛਣ ਲਈ ਬੁਲਾਇਆ ਏ, ਉਹ ਵੀ ਦੱਸ ਦਿਓ ਜਨਾਬ।

ਥਾਨੇਦਾਰ : ਇਹ ਦੱਸ ਸ਼ਹਿਰ ਵਿਚ ਹੋਰ ਠੱਗ, ਉਠਾਈ-

ਗੀਰ ਤੇ ਬਦਮਾਸ਼ਾਂ ਦਾ ਕੀ ਹਾਲ ਏ ?

ਸਿਪਾਹੀ : ਚੋਰ ਚੋਰੀਆਂ ਕਰ ਰਹੇ ਨੇ ਜਨਾਬ ਉਠਾਈ-ਗੀਰ ਆਪਣੇ ਧੰਦਿਆਂ ਵਿਚ ਲੱਗੇ ਹੋਏ ਨੇ, ਠੱਗ ਠੱਗੀਆਂ ਕਰਨ ਦੇ ਨਵੇਂ ਗੁਰ ਲੱਭ ਰਹੇ ਨੇ ਤੇ ਬਦਮਾਸ਼ ਬਦਮਾਸ਼ੀਆਂ ਕਰ ਰਹੇ ਨੇ ਜਨਾਬ, ਪਰ ਵੱਡੀ ਗੱਲ ਇਹ ਹੈ ਕਿ ਸਾਡੇ ਹਿਸੇ ਦੀ ਰਕਮ ਬਾਕਾਇਦਾ ਥਾਨੇ ਪੁੱਚਾ ਰਹੇ ਨੇ ਜਨਾਬ ।

ਥਾਨੇਦਾਰ : ਇਲਾਕੇ ਵਿਚ ਸ਼ਰਾਬ ਕੱਢਣ ਵਾਲਿਆਂ ਦਾ ਕੀ ਹਾਲ ਏ ?

ਸਿਪਾਹੀ : ਸ਼ਰਾਬ ਕੱਢਣ ਵਾਲੇ ਸ਼ਰਾਬ ਕੱਢ ਰਹੇ ਨੇ ਤੇ ਸਾਡੇ ਹਿੱਸੇ ਦੀਆਂ ਬੋਤਲਾਂ ਬਕਾਇਦਾ ਥਾਨੇ ਪੁੱਚਾ ਰਹੇ ਨੇ ਜਨਾਬ ।

ਥਾਨੇਦਾਰ : ਗੋਇਆ ਸਭ ਕੁਝ ਠੀਕ ਠਾਕ ਏ ।

ਸਿਪਾਹੀ : ਜੀ ਸਭ ਠੀਕ ਠਾਕ ਨੇ ਅਮਨ ਅਮਾਨ ਏ । ਥਾਨੇਦਾਰ ਦਾ ਰੁਅਬ ਏ ਕੋਈ ਕੁੱਸਕਦਾ ਨਹੀਂ । ਜਿਹੜਾ ਕੁੱਸਕਦਾ ਏ, ਉਹ ਨੱਪ ਦਿਤਾ ਜਾਂਦਾ ਏ, ਤੇ ਜਿਹੜਾ ਨੱਪ ਦਿਤਾ ਜਾਂਦਾ ਏ ਉਹ ਕੁੱਸਕਦਾ ਨਹੀਂ ਜਨਾਬ ।

ਥਾਨੇਦਾਰ : ਇਹ ਦਸ ਵਪਾਰ ਦਾ ਕੀ ਹਾਲ ਏ,

ਸਿਪਾਹੀ : ਜੋ ਹੁੰਦਾ ਹੁੰਦਾ ਏ ਜਨਾਬ । ਨਕਲੀ ਚੀਜ਼ਾਂ ਬਣਾਈਆਂ ਜਾਂਦੀਆਂ ਨੇ ਤੇ ਅੱਸਲੀ ਕਹਿ ਕੇ ਵੇਚੀਆਂ ਜਾਂਦੀਆਂ ਨੇ ਝੂਠ ਦਾ ਬਾਜ਼ਾਰ ਏ, ਗਾਂਹਕਾਂ ਦੀ ਭਰਮਾਰ ਏ । ਲੋਕ ਥਾਨੇਦਾਰ ਤੋਂ ਡਰਦੇ ਨੇ, ਇਸੇ ਲਈ ਮਹੀਨਾ ਬਾਕਾਇਦਾ ਭਰਦੇ ਨੇ ।

ਥਾਨੇਦਾਰ : ਕੋਈ ਹੋਰ ਮਸਲਾ ਤਾਂ ਨਹੀਂ

ਸਿਪਾਹੀ : ਮਸਲਾ ਹੈ ਵੀ ਤੇ ਨਹੀਂ ਵੀ ।

ਥਾਨੇਦਾਰ : ਕੀ ਮੱਤਲਬ ?

ਸਿਪਾਹੀ : ਮਸਲਾ ਇਕ ਬੰਦੇ ਦਾ ਏ, ਜੋ ਹੈ ਛੋਟਾ ਪਰ ਗਲ ਵੱਡੀ ਕਰਦਾ ਏ ।

ਥਾਨੇਦਾਰ : ਕੌਣ ਏ ਉਹ ?

ਸਿਪਾਹੀ : ਲਾਲੀ ਉਹਦਾ ਨਾਂ ਏ ਤੇ ਉਮਰ ਦਾ ਨੌਜਵਾਨ ਏ ।

ਥਾਨੇਦਾਰ : ਕੀ ਕਹਿੰਦਾ ਏ ਉਹ ?

ਸਿਪਾਹੀ : ਉਹ ਕਹਿੰਦਾ ਏ, ਅਸੀਂ ਹਰਾਮ ਦੀਆਂ ਖਾਂਦੇ ਹਾਂ । ਸਾਡੀਆਂ ਗੋਗੜਾਂ ਮੋਟੀਆਂ ਨੇ, ਉਹ ਬਾਹਰ ਥਾਨੇ ਵਿਚ ਤੁਹਾਨੂੰ ਮਿਲਣ ਆਇਆ ਏ,

ਥਾਨੇਦਾਰ : ਬੁਲਾ ਉਸ ਨੂੰ ਵੇਖ ਲੈਂਦੇ ਹਾਂ !

(ਸਿਪਾਹੀ ਲਾਲੀ ਨੂੰ ਬੁਲਾਉਣ ਜਾਂਦਾ ਹੈ)

ਥਾਨੇਦਾਰ : (ਆਪਣੇ ਆਪ ਵਿਚ) ਮਸਾਂ ਮਸਾਂ ਸ਼ਹਿਰ ਵਿਚ ਆਪਣਾ 'ਰੁਅੱਬ' ਜਮਾਇਆ ਸੀ । ਲੋਕ ਬਾਕਇਦਾ ਮਹੀਨਾ ਪੁਚਾਣ ਲੱਗ ਪਏ ਸੀ ਇਹ ਕੋਈ ਨਵਾਂ ਹੀ ਜੰਮ ਪਿਆ ਹੈ ।

(ਸਿਪਾਹੀ ਲਾਲੀ ਨੂੰ ਲੈ ਕੇ ਆਉਂਦਾ ਹੈ)

ਲਾਲੀ : ਸਤਿ ਸ੍ਰੀ ਅਕਾਲ ਥਾਨੇਦਾਰ ਸਾਹਬ,

ਥਾਨੇਦਾਰ : (ਬੇ-ਪ੍ਰਵਾਹੀ ਨਾਲ) ਸਤਿ ਸ੍ਰੀ ਅਕਾਲ, ਕਿਸ ਤਰ੍ਹਾਂ ਆਇਆ ਏਂ ?

ਲਾਲੀ : ਜੀ ਮੈਂ ਜਮਾਲ ਪੁਰ ਤੋਂ ਆਇਆ ਹਾਂ ।

ਥਾਨੇਦਾਰ : ਅੱਛਾ ਉਹ ਪਿੰਡ, ਜਿਥੋਂ ਦੇ ਐਮ. ਐਲ. ਏ. ਸਾਹਬ ਨੇ ।

ਲਾਲੀ : ਐਮ. ਐਲ. ਏ. ਸਾਹਬ ਨੇ ਕੁਝ ਗੁੰਡੇ ਪਾਲ ਰਖੇ ਨੇ, ਜੋ ਰਾਹ ਜਾਂਦੇ ਲੋਕਾਂ ਨੂੰ ਤੰਗ ਕਰਦੇ ਨੇ। ਜੇ ਉਹਨਾਂ ਨੂੰ ਕੋਈ ਕਹੇ ਤਾਂ ਅਗੋਂ ਮਾਂਵਾਂ ਭੈਣਾ ਦੀਆਂ ਗਾਹਲਾਂ ਕੱਢਦੇ ਨੇ । ਸ਼ਰਾਬਾਂ ਪੀ ਕੇ ਪਿੰਡ ਦੀਆਂ ਗਲੀਆਂ ਵਿਚ ਚਾਂਘਰਾਂ ਮਾਰਦੇ ਨੇ । ਇਲਾਕੇ ਦੀ ਧੀਆਂ ਭੈਣਾਂ ਦੀ ਇਜ਼ਤ ਉਹਨਾਂ ਦੇ ਹਥਾਂ ਵਿਚ ਮਹਿਫ਼ੂਜ਼ ਨਹੀਂ ।

ਥਾਨੇਦਾਰ : ਕੌਣ ਨੇ ਉਹ ਗੁੰਡੇ ? ਤੂੰ ਉਹਨਾਂ ਦੇ ਨਾਂ ਲੈ ਸਕਦਾ ਏਂ ?

ਲਾਲੀ : ਹਾਂ ਜੀ

ਥਾਨੇਦਾਰ : (ਸਿਪਾਹੀ ਨੂੰ) ਨੋਟ ਕਰ ਲੈ ਰਾਮ ਸਿੰਘ

ਲਾਲੀ : ਜੀਤ, ਨੇਕਾ, ਕੇਲਾ ਅਤੇ ਛਿੰਦਾ

ਥਾਨੇਦਾਰ : ਓਏ ਤੈਨੂੰ ਕਿਸ ਤਰਾਂ ਪਤਾ ਏ ਕਿ ਉਹ ਗੁੰਡੇ ਐਮ. ਐਲ. ਏ. ਸਾਹਬ ਨੇ ਪਾਲੇ ਹੋਏ ਨੇ

ਲਾਲੀ : ਜਨਾਬ ਉਹੀ ਇਹਨਾ ਦੇ ਘਰ ਰਾਸ਼ਣ ਪੁਚਾਂਦਾ ਉਹਨਾਂ ਦੇ ਦਾਨੇ ਪਾਣੀ ਦਾ ਬੰਦੋਬਸਤ ਕਰਦਾ ਹੈ

ਥਾਨੇਦਾਰ : ਓਏ ਉਹ ਤਾਂ ਕਈਆਂ ਦੇ ਘਰ ਦਾਨਾ ਪਾਣੀ ਪੁਚਾਂਦੇ ਨੇ ਆ ਜਾਂਦੇ ਨੇ ਥਾਨੇ ਮੂੰਹ ਚੁੱਕਕੇ ਕਿਸੇ ਸ਼ਿਕਾ-ਇਤ ਦਾ ਕੋਈ ਮੂੰਹ ਸਿਰ ਤਾਂ ਹੋਣਾ ਚਾਹੀਦੈ

ਲਾਲੀ : ਜਨਾਬ ਧਿਆਨ ਨਾਲ ਗਲ ਕਰੋ, ਮੈਂ ਪਿੰਡ ਦੇ ਗ਼ਰੀਬ ਲੋਕਾ ਵਲੋਂ ਆਇਆਂ ਹਾਂ

ਥਾਨੇਦਾਰ : ਓਏ ਇਥੇ ਕਈ ਆਏ ਨੇ, ਆਪਣੇ ਪਿੰਡ ਦੇ ਗਰੀਬ ਲੋਕਾਂ ਵਲੋਂ ਆਇਆ ਹੈ

ਲਾਲੀ : ਆਉਂਦੇ ਹੋਣਗੇ ਪਰ ਮੈਂ ਤੁਹਾਨੂੰ ਕਹਿਣ ਆਇਆ ਹਾਂ ਕਿ ਤੁਸੀਂ ਉਹਨਾਂ ਦਾ ਕੁਝ ਬੰਦੋਬਸਤ ਕਰੋ, ਜੇ ਤੁਸੀਂ ਨਾ ਕੀਤਾ ਤਾਂ ਅਸੀ ਕੁਝ ਕਾਰਵਾਈ ਕਰਾਂਗੇ ਜੇ ਕੋਈ ਉਤੇ ਥੱਲੇ ਹੋ ਗਈ ਤਾਂ ਫੇਰ ਨਾ ਕਹਿਣਾ ।

ਥਾਨੇਦਾਰ : ਓਏ ਜੇ ਸਾਡੇ ਕੋਲੋਂ ਕੋਈ ਉਤੇ ਥੱਲੇ ਹੋ ਗਈ ਤਾਂ ਫਿਰ ਤੁਸੀਂ ਵੀ ਨਾ ਕਹਿਣਾ, ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਪੁਲਸ ਦੇ ਹੱਥ ਕਿਨੇਂ ਲੰਮੇ ਹੁੰਦੇ ਨੇ ।

ਲਾਲੀ : ਸਾਨੂੰ ਪਤਾ ਏ ਕਿ ਪੁਲਸ ਦੇ ਹੱਥ ਕਿਨੇ ਲੰਮੇ ਹੁੰਦੇ ਨੇ ਤੇ ਇਹ ਵੀ ਪਤਾ ਏ ਕਿ ਉਹ ਛੋਟੇ ਕਦੋਂ ਹੋ ਜਾਂਦੇ ਨੇ

ਥਾਨੇਦਾਰ : ਕੀ ਮਤਲਬ ?

ਲਾਲੀ : ਪਿਛਲੇ ਸਾਲ ਗ਼ਰੀਬਾਂ ਦੀ ਕੁੜੀ ਨਹਾਮੋ ਦੀ ਪਹਿਲੇ ਇਜ਼ਤ ਲੁੱਟੀ ਗਈ ਤੇ ਫੇਰ ਉਸਨੂੰ ਮਾਰਕੇ ਛੱਪੜ ਦੇ ਕਿਨਾਰੇ ਸੁੱਟ ਦਿਤਾ ਗਿਆ, ਉਦੋਂ ਇਹ ਹੱਥ ਕਿਥੇ ਸਨ ?

ਥਾਨੇਦਾਰ : ਉਦੋਂ ਤਪਤੀਸ਼ ਤਾਂ ਕੀਤੀ ਸੀ ।

ਲਾਲੀ : ਬਸ ਤਪਤੀਸ਼ ਹੀ ਕੀਤੀ ਸੀ, ਕੋਈ ਨਤੀਜਾ ਤਾਂ ਨਹੀ ਨਿਕਲਿਆ ।

ਥਾਨੇਦਾਰ : ਨਤੀਜਾ ਕੀ ਨਿਕਲਦਾ ? ਜੇ ਕੋਈ ਕਾਬੂ ਆ ਗਿਆ ਤਾਂ ਠੀਕ ਏ, ਨਹੀਂ ਕਾਬੂ ਆਇਆ ਤਾਂ ਵੀ ਠੀਕ ਏ

ਲਾਲੀ : ਨਹੀਂ ਕਾਬੂ ਆਇਆ ਤਾਂ ਵੀ ਠੀਕ ਏ । ਥਾਨੇ-ਦਾਰ ਸਾਹਬ ਇਥੇ ਬੈਠੇ ਹੋ ਤਾਂ ਕੁਝ ਆਪਣਾ ਫਰਜ਼ ਪਛਾਣੋ । ਨਿਰੀਆਂ ਗੋਗੜਾਂ ਮੋਟੀਆਂ ਕਰਨਾ ਤੁਹਾਡਾ ਕੰਮ ਨਹੀਂ । ਬਸ ਏਨਾਂ ਹੀ ਸੁਨਣਾ ਚਾਹੁੰਦੇ ਸੌਂ । ਸਤਿ ਸ੍ਰੀ ਅਕਾਲ

(ਕਹਿਕੇ ਕਾਹਲੀ ਨਾਲ ਬਾਹਰ ਨਿਕਲ ਜਾਂਦਾ ਹੈ

ਥਾਨੇਦਾਰ : (ਸਦਮੇ ਦੀ ਹਾਲਤ ਵਿਚ) ਦੇਖ ਓਏ ਰਾਮ ਸਿੰਘ ਕਿਹੋ ਜਿਹਾ ਵਕਤ ਆ ਗਿਆ ਏ । ਇਹ ਮੁੰਡਾ ਸਾਡੇ ਮੂੰਹ ਤੇ ਕਹਿ ਗਿਆ ਏ ਕਿ ਅਸੀਂ ਹਰਾਮ ਦੀਆਂ ਖਾਂਦੇ ਹਾਂ, ਸਾਡੀਆਂ ਗੋਗੜਾਂ ਮੋਟੀਆਂ ਨੇ ।

ਸਿਪਾਹੀ : ਜਨਾਬ ਤੁਸੀਂ ਤਾਂ ਇਥੇ ਕੋਤਵਾਲੀ ਵਿਚ ਬੈਠੇ ਰਹਿੰਦੇ ਹੋ, ਸਾਨੂੰ ਰੋਜ਼ ਇਹੋ ਜਿਹੀਆਂ ਗਲਾਂ ਸੁਣਨੀਆਂ ਪੈਂਦੀਆਂ ਨੇ, ਕਿਸੇ ਮਾੜੇ ਜਿਹੇ ਰੇੜੀ ਵਾਲੇ ਕੋਲੋਂ ਕੇਲਾ ਚੁੱਕ ਲਈਏ ਤਾਂ ਹੱਥ ਜੋੜ ਕੇ ਕਹੇਗਾ 'ਖਾਓ ਬਾਦਸ਼ਾਓ ਤੁਹਾਡਾ ਹੀ ਮਾਲ ਏ' ਤੇ ਜ਼ਰਾ ਜਿਹੀ ਪਿੱਠ ਕਰੀਏ ਤਾਂ ਪਿਛੋਂ ਕਹੇਗਾ 'ਕੁੱਤਾ ਕੇਲਾ ਖਾ ਗਿਆ' ਬਸ ਸੁਣ ਕੇ ਕੰਨ ਲਪੇਟ ਲਈਦੇ ਨੇ,

ਥਾਨੇਦਾਰ : ਅਛਾ ਅਛਾ ਠੀਕ ਏ । ਜਦੋਂ ਇਹ ਖਾਕੀ ਵਰਦੀਆਂ ਪਾ ਲਈਏ ਤਾਂ ਬਹੁਤ ਕੁਝ ਲਪੇਟਨਾਂ ਪੈਂਦਾ ਏ । ਤੂੰ ਥਾਨੇ ਦਾ ਖਿਆਲ ਰਖੀਂ, ਸੈਨੂੰ ਐਮ. ਐਲ ਏ. ਸਾਹਬ ਦਾ ਸੁਨਿਹਾ ਆਇਆ ਏ, ਮੈਂ ਉਥੇ ਜਾਣਾ ਏ ।

ਸਿਪਾਹੀ : ਜੀ ਜਨਾਬ (ਪਹਿਲੇ ਥਾਨੇਦਾਰ ਤੇ ਫੇਰ ਸਿਪਾਹੀ ਜਾਂਦੇ ਹਨ ਤੇ ਨਾਟਕ ਐਮ. ਐਲ. ਏ, ਦੇ ਘਰ ਪੁਜਦਾ ਹੈ । ਐਮ. ਐਲ. ਏ. ਦਾ ਘਰ, ਉਹ ਇਕ ਪਾਸੇ ਤੋਂ ਟੈਲੀਫੂਨ ਹੱਥ ਪਕੜੇ ਦਾਖ਼ਲ ਹੁੰਦਾ ਹੈ ।

ਐਮ: ਐਲ. ਏ. : (ਟੈਲੀਫੂਨ ਤੇ) ਹਾਂ, ਮੈਂ ਆਪ ਹੀ ਬੋਲ ਰਿਹਾ ਹਾਂ, ਸਰਦਾਰ ਬਹਾਦਰ ਕੋਠੀ ਤੋਂ... ਸੁਨਾਓ ਲਾਲਾ ਜੀ ਰਾਜ਼ੀ ਹੋ...ਤੁਸੀਂ ਹੁਕਮ ਕਰੋ... ਕੀ ਪ੍ਰੋਗਰਾਮ ਰਖਣਾ ਏ, ਰਖ ਲਵੋ ਰਖ ਲਵੋ... ਪਰ ਇਹ ਪ੍ਰੋਗਰਾਮ ਪਿਛਲੀ ਵਾਰੀ ਵਰਗਾ ਹੋਏ, ਰੁੜਕੀ ਵਾਲੀਆਂ ਦਾ ਸੱਚ ਮੰਨੋ ਉਹਨਾਂ ਲਹੌਰ ਵਾਦੀਆਂ ਦੀ ਯਾਦ ਤਾਜ਼ਾ ਕਰਵਾ ਦਿੱਤੀ ਸੀ... ਕੀ ਕਿਹਾ ਜਗ੍ਹਾ ਜਗ੍ਹਾ ਦੀ ਤੁਸੀਂ ਪਰਵਾਹ ਨਾ ਕਰੋ, ਮੈਂ ਐਸ. ਈ. ਸਾਹਬ ਨੂੰ ਕਹਿ ਕੇ ਕੋਈ ਨਹਿਰ ਦਾ ਰੈਸਟ ਹਾਊਸ ਰੀਜ਼ਰਵ ਕਰਵਾ ਲਵਾਂਗਾ ...ਇਹੋ ਜਹੀਆਂ ਮਹਿਫ਼ਲਾਂ ਸ਼ਹਿਰ ਤੋਂ ਬਾਹਰ ਹੀ ਹੋਣ ਚੰਗਾ ਹੁੰਦਾ ਹੈ...ਕੀ ਕਿਹਾ ਵਕਤ ਸ਼ਾਮ ਦਾ... ਨਹੀਂ ਲਾਲਾ ਜੀ ਵਕਤ ਰੱਖਾਂਗੇ ਰਾਤ ਦੇ ਯਾਰਾਂ ਵਜੇ ਤੋਂ ਬਾਅਦ ਦਾ, ਤੁਹਾਨੂੰ ਪਤਾ ਹੀ ਏ ਹਾਕਮਾਂ ਦੇ ਕੰਮ ਰਾਤ ਦੇ ਹਨ੍ਹੇਰੇ ਵਿਚ ਹੀ ਹੁੰਦੇ ਨੇ...ਹੀ ...ਹੀ...ਹੀ

(ਟੈਲੀਫੂਨ ਰੱਖਦਾ ਹੈ)

(ਆਪਣੇ ਵਿਚ) ਦਰਸ਼ਨ ਸਿੰਘ ਥ਼ਾਨੇਦਾਰ ਹਾਲੀ ਤਕ ਨਹੀਂ ਆਇਆ, ਜਦੋਂ ਦਾ ਥਾਨੇ ਵਿਚ ਲਗਵਾਇਆ ਏ, ਉਹਦਾ ਮਿਜ਼ਾਜ ਵੀ ਉੱਤੇ ਹੋ ਗਿਆ ਏ । ਦਰਸ਼ਨ ਸਿੰਘ ਇਕ ਪਾਸਿਉਂ ਆਉਂਦਾ ਹੈ ।

ਥਾਨੇਦਾਰ : ਸਤਿ ਸ੍ਰੀ ਅਕਾਲ ਸਰਦਾਰ ਸਾਹਿਬ

ਐਮ. ਐਲ. ਏ. : ਸਤਿ ਸ੍ਰੀ ਅਕਾਲ ਤਾਂ ਤੂੰ ਆ ਗਿਐਂ ?

ਥਾਨੇਦਾਰ : ਜਨਾਬ ਨੇ ਯਾਦ ਕੀਤਾ, ਤਾਂ ਇਹ ਕਿਸ ਤਰ੍ਹਾਂ ਹੋ ਸਕਦਾ ਸੀ ਕਿ ਨਾ ਆਉਂਦਾ ।

ਐਮ. ਐਲ. ਏ. : ਦਰਸ਼ਨ ਸਿੰਘ, ਸਾਨੂੰ ਤੇਰੇ ਨਾਲ ਇਕ ਕੰਮ ਏ ।

ਥਾਨੇਦਾਰ : ਹੁਕਮ ਕਰੋ ਜਨਾਬ ।

ਐਮ. ਐਲ. ਏ. : ਪਰ ਇਹ ਦਸਣ ਤੋਂ ਪਹਿਲਾਂ ਅਸੀਂ ਤੈਨੂੰ ਕੁਝ ਯਾਦ ਦਿਵਾਣਾ ਚਾਹੁੰਦੇ ਹਾਂ । ...ਅੱਜ ਤੋਂ ਕੁਝ ਸਾਲ ਹੀ ਪਹਿਲਾਂ ਤੂੰ ਇਕ ਬੇਕਾਰ ਬੰਦਾ ਸੀ ਤੇ ਤੇਰਾ ਬਾਪੂ ਮੇਰੇ ਕੋਲ ਆਇਆ ਸੀ, ਦੱਸ ਆਇਆ ਸੀ ਕਿ ਨਹੀਂ ? (ਜ਼ੋਰ ਦੇ ਕੇ) ਆਇਆ ਸੀ ।

ਥਾਨੇਦਾਰ : ਹਾਂ ਬਾਪੂ ਜੀ ਮੇਰੇ ਲਈ ਨੌਕਰੀ ਦੀ ਬੇਨਤੀ ਕਰਨ ਆਏ ਸੀ ।

ਐਮ. ਐਲ. ਏ. : ਉਹ ਬੇਨਤੀ ਕਰਨ ਆਏ ਸੀ ਤੇ ਅਸੀ ਉਹ ਬੇਨਤੀ ਮੰਨ ਲਈ ਸੀ ।

ਥਾਨੇਦਾਰ : ਤੇ ਇਹਦੇ ਬਦਲੇ ਬਾਪੂ ਜੀ ਨੇ ਜ਼ਮੀਨ ਗਹਿਨੇ ਰੱਖ ਕੇ ਜਨਾਬ ਨੂੰ ਦੱਸ ਹਜ਼ਾਰ ਰੁਪਿਆ ਵੀ ਪੁੱਚਾ ਦਿੱਤਾ ਸੀ ।

ਐਮ. ਐਲ. ਏ. : ਉਹ ਤੇ ਦਰਸ਼ਨ ਸਿੰਘ ਜਲ-ਪਾਣੀ ਤੇ ਹੀ ਖ਼ਰਚ ਹੋ ਗਿਆ ਸੀ, ਤੈਨੂੰ ਪਤਾ ਏ ਕਿ ਤੇਰੀ ਸਫ਼ਾਰਸ਼ ਲਈ ਸਾਨੂੰ ਦੂਰ ਦੂਰ ਜਾਣਾ ਪਿਆ. ਦਸ ਜਾਣਾ ਪਿਆ ਕਿ ਨਹੀਂ ? (ਜ਼ੋਰ ਦੇ ਕੇ)

ਜਾਣਾ ਪਿਆ।

ਥਾਨੇਦਾਰ : ਹਾਂ ਜਨਾਬ ਆਪ ਨੂੰ ਬਹੁਤ ਖੇਚਲ ਕਰਨੀ ਪਈ ਸੀ।

ਐਮ. ਐਲ, ਏ. : ਤੇ ਫੇਰ ਜਦੋਂ ਤੈਨੂੰ ਇਸ ਥਾਣੇ ਤੇ ਲਗਵਾਉਣਾ ਸੀ ਤਾਂ ਥੋੜੀ ਤਕਲੀਫ ਹੋਈ। ਮਨਿਸਟਰ ਸਾਹਿਬ ਆਪਣਾ ਬੰਦਾ ਇੱਥੇ ਲਗਾਉਣਾ ਚਾਹੁੰਦੇ ਸੀ, ਪਰ ਮੈਂ ਅੜ ਗਿਆ, ਮੈਂ ਕਿਹਾ ਜੇ ਇੱਥੇ ਲੱਗੇਗਾਂ ਤਾਂ ਦਰਸ਼ਨ ਸਿੰਘ ਹੀ ਲੱਗੇਗਾ। ਮਨਿਸਟਰ ਸਾਹਿਬ ਅੜ ਗਏ, ਪਰ ਅਸੀਂ ਵੀ ਕੋਈ ਕੱਚੀਆਂ ਗੋਲੀਆਂ ਨਹੀਂ ਖੇਡੇ, ਅਸੀਂ ਮੁੱਖ ਮੰਤਰੀ ਨੂੰ ਸਾਫ ਕਹਿ ਦਿੱਤਾ ਕਿ ਜੇਕਰ ਉਹ ਆਪਣੀ ਵਜ਼ਾਰਤ ਬਚਾਉਣਾ ਚਾਹੁੰਦਾ ਏ ਤਾਂ ਦਰਸ਼ਨ ਸਿੰਘ ਹੀ ਇਸ ਥਾਣੇ ਵਿਚ ਲੱਗੇਗਾ। ਤੇ ਫੇਰ ਤੂੰ ਲੱਗਿਆ ਕਿ ਨਾਂ ਲੱਗਾ ? (ਜ਼ੋਰ ਦੇ ਕੇ) ਲੱਗਾ।

ਥਾਨੇਦਾਰ : ਜਨਾਬ ਲੱਗਿਆ, ਭਾਂਵੇਂ ਮੈਨੂੰ ਇਸ ਸਾਰੇ ਕੰਮ ਵਿਚ 20 ਹਜ਼ਾਰ ਖਰਚਣਾ ਪਿਆ।

ਐਮ. ਐਲ, ਏ. : ਜੇ ਤੂੰ 20 ਹਜ਼ਾਰ ਖਰਚਿਆ ਤਾਂ ਹੁਣ ਤਕ 40 ਹਜ਼ਾਰ ਬਣਾ ਲਿਆ ਹੋਣਾ ਏ। ਬਣਾਇਆ ਕਿ ਨਹੀਂ ਬਣਾਇਆ (ਜ਼ੋਰ ਦੇ ਕੇ) ਬਣਾਇਆ। ਪਰ ਛੱਡ ਇਸ ਗਲ ਨੂੰ, ਹੁਣ ਅੱਸਲੀ ਗੱਲ ਵੱਲ ਆਈਏ।

ਥਾਨੇਦਾਰ : ਹੁਕਮ ਕਰੋ।

ਐਮ. ਐਲ. ਏ. : ਤੈਨੂੰ ਪਤਾ ਏ ਕਿ ਪਿਛਲੇ ਸਾਲ ਸਾਡੇ ਪਿੰਡ ਇਕ ਗਰੀਬ ਕੁੜੀ ਨਾਹਮੋ ਦਾ ਕਤਲ ਹੋ ਗਿਆ ਸੀ। ਕੁਝ ਗੁੰਡਿਆਂ ਨੇ ਪਹਿਲੇ ਉਸਦੀ ਇਜ਼ਤ ਲੁੱਟੀ ਤੇ ਫੇਰ ਮਾਰਕੇ ਛੱਪੜ ਦੇ ਕੰਢੇ ਸੁੱਟ ਦਿਤੀ।

ਥਾਨੇਦਾਰ : ਹਾਂ ਜਨਾਬ ਪੋਸਟ ਮਾਰਟਮ ਦੀ ਰੀਪੋਰਟ ਵੀ ਇਹੋ ਕਹਿੰਦੀ ਸੀ।

ਐਮ. ਐਲ. ਏ. : ਓਏ ਪੋਸਟ ਮਾਰਟਮ ਦੀ ਰੀਪੋਰਟ ਤਾਂ ਇਹੋ ਕਹਿੰਦੀ ਸੀ ਪਰ ਹੁਣ ਕੁਝ ਲੋਕ ਐਸੇ ਉਠੇ ਨੇ, ਜਿਹੜੇ ਪਰਚਾਰ ਕਰ ਰਹੇ ਨੇ ਕਿ ਇਹ ਸਾਰਾ ਕਾਰਾ ਐਮ. ਐਲ. ਏ. ਦੀ ਕੋਠੀ ਵਿਚ ਹੋਇਆ ਯਾਨੀ ਮੇਰੇ ਬਾਰੇ ਅਫਵਾਹਾਂ ਬੋਲ ਰਹੇ ਨੇ।

ਥਾਨੇਦਾਰ : ਜਨਾਬ ਸੁਣਿਐ ਤਾਂ ਮੈਂ ਵੀ ਇਹੋ ਸੀ, ਪਰ ਮੈਂ ਕੁਝ ਬੰਦਿਆਂ ਨੂੰ ਛਿੱਤਰ ਲਗਾਕੇ ਗਲ ਠਪਾ ਦਿਤੀ ਸੀ

ਐਮ. ਐਲ. ਏ. : ਜੇ ਤੂੰ ਗਲ ਠਪਾ ਦਿਤੀ ਸੀ ਤਾਂ ਇਹਦੇ ਬਦਲੇ ਮੇਰੇ ਬੰਦਿਆ ਨੇ ਤੈਨੂੰ ਰਕਮ ਵੀ ਪੁਚਾ ਦਿਤੀ ਦਿਤੀ ਸੀ। ਦਸ ਪੁਚਾਈ ਸੀ ਕਿ ਨਹੀਂ ਪੁਚਾਈ ? (ਜ਼ੋਰ ਦੇਕੇ) ਪੁਚਾਈ ਸੀ।

ਥਾਨੇਦਾਚ : ਹਾਂ ਜਨਾਬ ਰਕਮ ਪਹੁੰਚ ਗਈ ਸੀ। ਹੁਕਮ ਕਰੋ ਅਗੇ ਕੀ ਕਰਨਾ ਏ ?

ਐਮ. ਐਲ, ਏ. : ਹੁਣ ਸੁਣਿਐ ਉਸ ਕੁੜੀ ਦਾ ਮੰਗੇਤਰ ਪਿੰਡ ਆਇਆ ਏ, ਉਹ ਕਹਿੰਦਾ ਫਿਰਦਾ ਏ ਕਿ ਸਰਦਾਰ ਬਹਾਦਰ ਦੇਸ਼ ਦੇ ਕਾਨੂੰਨ ਦੀਆਂ ਅਖਾਂ ਵਿਚ ਘੱਟਾ ਪਾ ਸਕਦੇ ਪਰ ਇਸ ਤੋਂ ਉਤੇ ਮਨੁੱਖੀ ਭਾਈਚਾਰੇ ਦਾ ਵੀ ਕੋਈ ਕਾਨੂੰਨ ਏ, ਮੇਰਾ ਮਤਲਬ ਏ ਕਿ ਉਹ ਬਾਵਰਾ ਹੋਈ ਫਿਰਦਾ ਏ। ਤੇ ਇਸ ਬਾਵਰੇਪਨ ਵਿਚ ਕੋਈ ਵੀ ਗਲਤ ਕੱਦਮ ਚੁੱਕ ਸਕਦਾ ਏ, ਇਸ ਲਈ ਉਹਨੂੰ ਠੱਪਨਾ ਬੜਾ ਜ਼ਰੂਰੀ ਏ ਮੇਰੇ ਬੰਦੇ ਉਹਦੇ ਤੇ ਪੂਰੀ ਨਜ਼ਰ ਰਖਣਗੇ ਪਰ ਤੂੰ ਵੀ ਕੋਈ ਕਦਮ ਚੁੱਕ, ਥਾਣੇ ਬੁਲਾ ਤੇ ਉਸ ਉਤੇ ਕੋਈ ਕੇਸ ਪਾ ਚੋਰੀ ਦਾ, ਡਾਕੇ ਦਾ, ਫੀਮ ਦਾ, ਜਿਸ ਤਰ੍ਹਾਂ ਦੇ ਕੇਸ ਤੂੰ ਪਾਉਂਦਾ ਹੁੰਨਾ ਏ। ਦਸ ਪਾਉਂਦਾ ਏ ਕਿ ਨਹੀਂ, (ਜ਼ੋਰ ਦੇ ਕੇ) ਪਾਉਂਦਾ ਏ।...ਤੇ ਹੋਰ ਸੁਣ ਅਪਣੇ ਪਿੰਡ ਦਾ ਕਰਨੈਲ ਸਿੰਘ ਏ ਨਾਂ ?

ਥਾਨੇਦਾਰ—ਹਾਂ ਜਨਾਬ।

ਐਮ. ਐਲ. ਏ. ਉਹਦਾ ਮੁੰਡਾ ਏ ਲਾਲੀ, ਜਿਨੂੰ ਹੁਣ ਲੋਕ ਪਿਆਰ ਨਾਲ ਲਾਲੋ, ਲਾਲੋ ਕਹਿਣ ਲਗ ਪਏ ਨੇ, ਉਹਨੂੰ ਵੀ ਬੜੇ ਖੰਭ ਲਗ ਰਹੇ ਨੇ। ਮੇਰੇ ਤੇ ਸਰਕਾਰ ਵਿਰੁਧ ਬੜਾ ਪਰਚਾਰ ਕਰ ਰਿਹਾ ਏ। ਉਹਦਾ ਵੀ ਘੱਟਾ ਮਿੱਟੀ ਝਾੜ।

ਥਾਨੇਦਾਰ : ਮੈਨੂੰ ਵੀ ਉਹਦੇ ਬਾਰੇ ਇਤਲਾਹ ਹੈ ਜਨਾਬ ! ਅਜ ਥਾਣੇ ਵਿਚ ਵੀ ਆਇਆ ਸੀ ਕਿ ਮੈਂ ਪਿੰਡ ਦੇ ਗ਼ਰੀਬ ਲੋਕਾਂ ਵੱਲੋਂ ਆਇਆ ਹਾਂ...ਪਰ ਹੱਡੀ ਦਾ ਸਖ਼ਤ ਲੱਗਦੈ।

ਐਮ. ਐਲ. ਏ.: ਓਏ ਇਹ ਸਖ਼ਤ ਹੱਡੀਆਂ ਨਰਮ ਕਿਸਨੇ ਕਰਨੀਆਂ ਨੇਂ ? ਤੁਸੀਂ ਦਸ ਕਰਨੀਆਂ ਨੇਂ ਕਿ ਨਹੀਂ ਕਰਨੀਆਂ ? (ਜ਼ੋਰ ਦੇ ਕੇ) ਕਰਨੀਆਂ।

ਥਾਨੇਦਾਰ : ਕਰਨੀਆਂ ਨੇ ਜਨਾਬ ਬਸ ਤੁਹਾਡਾ ਇਸ਼ਾਰਾ ਚਾਹੀਦਾ ਸੀ। ਕੋਈ ਹੋਰ ਹੁਕਮ।

ਐਮ. ਐਲ. ਏ : ਬਸ ਹੋਰ ਸਭ ਕੁਝ ਠੀਕ ਏ ਮੇਰੇ ਬੰਦੇ ਤੈਨੂੰ ਮਿਲਦੇ ਰਹਿਣਗੇ। ਕਿਸੇ ਚੀਜ਼ ਦੀ ਲੋੜ ਹੋਵੇ ਦਸ ਦੇਵੀਂ।

ਥਾਨੇਦਾਰ : ਅੱਛਾ ਜਨਾਬ ਸਤਿ ਸ੍ਰੀ ਅਕਾਲ।

ਐਮ. ਐਲ. ਏ: ਸਤਿ ਸ੍ਰੀ ਅਕਾਲ (ਥਾਨੇਦਾਰ ਜਾਂਦਾ ਹੈ)

ਐਮ. ਐਲ ਏ: (ਆਪਣੇ ਵਿੱਚ) ਹੁਣ ਇਹਦੀ ਵੀ ਆਕੜ ਹੋ ਗਈ ਏ। ਦੱਸ ਹਜ਼ਾਰ,ਵੀਹ ਹਜ਼ਾਰ ਸੁਣਾਂਦਾ ਏ... ਆਖੇ ਪੋਸਟ ਮਾਰਟਮ ਦੀ ਰੀਪੋਰਟ ਵੀ ਇਹ ਕਹਿੰਦੀ ਸੀ। ਜਦੋਂ ਇਹਨੂੰ ਥਾਨੇ ਲਗਵਾਇਆ ਸੀ ਤੇ ਤੀਲੇ ਵਰਗੇ ਹੁੰਦਾ ਸੀ, ਹੁਣ ਸੁੱਖ ਨਾਲ ਮੇਰੀ ਬਰੋਬਰ ਦਾ ਹੋ ਗਿਆ ਏ।

ਪਿਛੇ ਤੋਂ ਆਵਾਜ਼ਾਂ ਆਂਦੀਆਂ ਹਨ—'ਫੜ

ਲਓ, ਫੜ ਲਓ । 'ਹੁਣ ਬਚ ਕੇ ਨਾ ਜਾਏ ।' ਆ ਗਿਆ ਕਾਬੂ, । 'ਇਧਰੋਂ ਘੇਰੋ', ਹਾਂ ਮਾਰੋ ਸੂ ਗੋਲੀ। ਸਰਦਾਰ ਕਾਫੀ ਭੌਂਚਲੀ ਵਿਚ ਇਧਰ.ਉਧਰ ਨੱਸਦਾ ਹੈ । ਇਕ ਪਾਸੇ ਤੋਂ ਬਾਹਰ ਨਿਕਲਦਾ ਹੈ । ਗੋਲੀ ਦੀ ਆਵਾਜ਼ ਤੇ ਫੇਰ ਸਰਦਾਰ ਦੀ 'ਆਹ' ਦੀ ਆਵਾਜ਼, ਕੁਝ ਚਿਰ ਮੰਚ ਤੇ ਸਨਾਟਾ ਰਹਿੰਦਾ ਹੈ। ਸਿਪਾਹੀ ਬੜੀ ਉਕਸਾਹਟ ਵਿਚ ਮੰਚ ਤੇ ਆਂਦਾ ਹੈ ।

ਸਿਪਾਹੀ : ਰੇੜ ਦਿਤਾ—ਰੇੜ ਦਿਤਾ, ਵਡਾ ਪਤੰਦਰ, ਐਮ. ਐਲ. ਏ. ਬਣਿਆ ਫਿਰਦਾ ਸੀ...ਰੇੜ ਦਿਤਾ। ਲੋਕਾਂ ਦੀਆਂ ਧੀਆਂ ਭੈਣਾਂ ਦੀ ਇਜ਼ਤ ਤੇ ਹੱਥ ਪਾਉਂਦਾ ਸੀ। ਦਰਸ਼ਕਾਂ ਵਲ) ਦਸੋ ਪਾਉਂਦਾ ਸੀ ਕਿ ਨਹੀਂ ? (ਜ਼ੋਰ ਦੇ) ਕੇ ਪਾਉਂਦਾ ਸੀ । ਜੇ ਕੋਈ ਕਿਸੇ ਦੀ ਧੀ ਭੈਣ ਦੀ ਇਜ਼ਤ ਨਾਲ ਖੇਡੇ ਤਾਂ ਅਗਲਿਆਂ ਨੇ ਰੇੜਣਾ ਹੀ ਸੀ ਦਸੋ ਰੇੜਣਾ ਸੀ ਕਿ ਨਹੀਂ, (ਜ਼ੋਰ ਦੇਕੇ) ਰੇੜਣਾ ਸੀ। ਹੁਣ ਤੁਸੀਂ ਪੁਛੋਗੇ ਕਿ ਮੈਂ ਇਤਨਾ ਖੁਸ਼ ਕਿਉਂ ਹਾਂ ? ਜਦ ਸਾਰੀ ਦੁਨੀਆ ਖੁਸ਼ ਏ ਤਾਂ ਮੈਂ ਵੀ ਖੁਸ਼ ਹਾਂ। ਕੀ ਹੋਇਆ ਜੇ ਅਸੀਂ ਖਾਕੀ ਵਰਦੀ ਪਾਈ ਏ : ਅਸੀਂ ਵੀ ਧੀਆਂ ਭੈਣਾਂ ਵਾਲੇ ਹਾਂ । ਸਾਡੀ ਵੀ ਕੋਈ ਜ਼ਮੀਰ ਹੈ । ਦਸੋ ਹੈ ਕਿ ਨਹੀਂ ? (ਜ਼ੋਰ ਦੇ ਕੇ) ਹੈ । ਰੇੜ ਦਿਤਾ, ਪਤੰਦਰ ਰੇੜ ਦਿਤਾ ।

(ਥਾਨੇਦਾਰ ਗੁਸੇ ਨਾਲ ਆਂਦਾ ਹੈ)

ਥਾਨੇਦਾਰ : ਓਏ ਰਾਮ ਸਿੰਘ, ਤੂੰ ਕੀ ਥਾਨੇ ਵਿਚ ਖੱਪ ਪਾਈ ਏ । ਜਾ ਉਸ ਮੁੰਡੇ ਦੀ ਫਾਈਲ ਲਿਆ ।

ਸਿਪਾਹੀ : ਫਾਈਲ ਵਾਲੀ ਹੁਣ ਕੋਈ ਕਸਰ ਏ ਜਨਾਬ ?

ਥਾਨੇਦਾਰ : ਓਏ ਤੈਨੂੰ ਜੋ ਕਿਹਾ ਏ, ਉਹ ਕਰ

ਸਿਪਾਹੀ : ਜੀ ਜਨਾਬ (ਸਿਪਾਹੀ ਜਾਂਦਾ ਹੈ)

ਥਾਨੇਦਾਰ : (ਆਪਣੇ ਆਪ ਵਿਚ) ਉਤੋਂ ਡੀ. ਐਸ ਪੀ. ਸਾਹਬ ਦੇ ਟੈਲੀਫੂਨ ਤੇ ਟੈਲੀਫੂਨ ਆ ਰਹੇ ਨੇ ਕਿ ਐਮ. ਐਲ. ਏ. ਸਾਹਬ ਦੇ ਕਤਲ ਦਾ ਸੁਰਾਗ਼ ਲਗਾਇਆ ਜਾਏ । ਜੇ ਨਹੀਂ ਸੁਰਾਗ਼ ਲਗਦੈ ਤਾਂ ਕਿਸੇ ਨੌਜਵਾਨ ਨੂੰ ਫੜਕੇ ਨਹਿਰ ਦੇ ਕੰਢੇ ਲਿਜਾ ਕੇ ਗੋਲੀ ਮਾਰ ਦਿਓ । ਸਵੇਰੇ ਅਖ਼ਬਾਰਾਂ ਵਿਚ ਬਿਆਨ ਦੇ ਦੇਵੋ ਕਿ ਸਰਦਾਰ ਸਾਹਿਬ ਦਾ ਕਾਤਲ ਪੁਲੀਸ ਮੁਕਾਬਲੇ ਵਿਚ ਮਾਰਿਆ ਗਿਆ ਹੈ, ਇਸ ਤਰ੍ਹਾਂ ਮਾਮਲਾ ਰਫਾਦਫਾ ਹੋ ਜਾਏਗਾ ।

(ਸਿਪਾਹੀ ਫਾਈਲ ਲਿਆਂਦਾ ਹੈ)

ਰਾਮ ਸਿੰਘ : ਜਨਾਬ ਇਹ ਲਾਲੀ ਦੀ ਫਾਈਲ ਏ।

ਥਾਨੇਦਾਰ : ਪੜ੍ਹ ਕੇ ਸੁਣਾ,

ਰਾਮ ਸਿੰਘ : ਲਾਲੀ ਜਿਸ ਨੂੰ ਪਿੰਡ ਵਿਚ ਪਿਆਰ ਨਾਲ ਲਾਲੋ ਕਹਿੰਦੇ ਨੇ, ਪੁਤਰ ਕਰਨੈਲ ਸਿੰਘ, ਸਕਨਾ ਪਿੰਡ ਜਮਾਲਪੁਰ ਇਲਾਕੇ ਵਿਚ ਨੌਜਵਾਨਾਂ ਦਾ ਆਗੂ ਹੈ। ਪਿੰਡ ਦੀਆਂ ਸਥਾਂ ਵਿਚ ਉਹ ਆਮ ਗੱਲਾਂ ਕਰਦਾ ਸੁਣਿਆ ਗਿਆ ਹੈ ਕਿ ਪਿਛਲੇ ਸਾਲ ਜਿਹੜਾ ਕੁੜੀ ਨਾਹਮੋ ਦਾ ਕਤਲ ਹੋਇਆ ਉਸ ਵਿਚ ਸਰਦਾਰ ਬਹਾਦੁਰ ਐਮ. ਐਲ. ਏ. ਦਾ ਹੱਥ ਏ ਤੇ ਇਹ ਕਤਲ ਹੋਇਆ ਵੀ ਸਰਦਾਰ ਬਹਾਦੁਰ ਦੀ ਕੋਠੀ ਵਿਚ।

ਥਾਨੇਦਾਰ : ਅਗੋਂ ਪੜ੍ਹ ।

(ਰੁੱਕ ਜਾਂਦਾ ਹੈ)

ਰਾਮ ਸਿੰਘ : ਮੰਡੀ ਵਿਚ ਕਿਸਾਨਾਂ ਦੀ ਜੋ ਰੈਲੀ ਹੋਈ, ਉਸ ਵਿਰ ਲਾਲੀ ਨੇ ਸਰਕਾਰ ਦੇ ਖ਼ਿਲਾਫ਼ ਧੂਆ ਧਾਰ ਤਕਰੀਰ ਕੀਤੀ ।

ਥਾਨੇਦਾਰ : (ਦੁਹਰਾ ਕੇ) ਧੂਆ ਧਾਰ ਤਕਰੀਰ ਕੀਤੀ । ਅਗੋਂ ਪੜ੍ਹ ।

ਰਾਮ ਸਿੰਘ : ਮੁਖ਼ਬਰ ਦੀ ਇਤਲਾਹ ਦੇ ਮੁਤਾਬਿਕ ਮੌਰਿਖਾ 6 ਫਰਵਰੀ ਨੂੰ ਕੁਝ ਨੌਜਵਾਨਾਂ ਨੇ ਪਿੰਡ ਦੇ ਬਾਹਰ ਖੇਤਾਂ ਵਿਚ ਟਿਊਬਵੈਲ ਦੀ ਕੋਠੜੀ ਵਿਚ ਕਿਸੇ ਐਕਸ਼ਨ ਦੀ ਵਿਉਂਤ ਬਣਾਈ ਇਹ ਐਕਸ਼ਨ ਕੀ ਸੀ ਇਹਦਾ ਪਤਾ ਨਹੀਂ ਲੱਗ ਸਕਿਆ ।

ਥਾਨੇਦਾਰ : ਲੈ ਪਤਾ ਕਿਉਂ ਨਹੀਂ ਲੱਗ ਸਕਿਆ, 6 ਫਰਵਰੀ ਨੂੰ ਐਕਸ਼ਨ ਦੀ ਵਿਉਂਤ ਬਣਾਈ ਤੇ 8 ਫਰਵਰੀ ਸਰਦਾਰ ਸਾਹਿਬ ਦਾ ਕੱਤਲ ਹੋ ਗਿਆ, ਹੋਰ ਕੀ ਵਿਉਂਤ ਹੋਣੀ ਏ ? ਲਿਆ ਉਸ ਮੁੰਡੇ ਨੂੰ, ਵੇਖਦਾ ਹਾਂ ਕਿ ਬਕਦਾ ਏ ਕਿ ਨਹੀਂ। ਅਸੀਂ ਵਡਿਆਂ ਵਡਿਆਂ ਨੂੰ ਮੰਨਾ ਲਿਆ, ਇਹ ਕਿਹੜੇ ਖੇਤ ਦੀ ਮੂਲੀ ਏ ? ਜਾ ਲਿਆ ਉਸ ਨੂੰ ।

(ਸਿਪਾਹੀ ਲਾਲੀ ਨੂੰ ਲੈਕੇ ਆਉਂਦਾ ਹੈ)

ਥਾਨੇਦਾਰ : (ਨੌਜਵਾਨ ਨੂੰ ਉੱਤੋਂ ਥੱਲੇ ਵੇਖਦਿਆਂ ਹੋਇਆਂ) ਕੀ ਵਿਚਾਰ ਹੈ ਤੇਰਾ ?

ਲਾਲੀ : ਕਿਸ ਗੱਲ ਦਾ ?

ਥਾਨੇਦਾਰ : ਤੈਥੋਂ ਕੋਈ ਗੱਲ ਭੁੱਲੀ ਹੋਈ ਏ ?

ਲਾਲੀ : ਵਿਚਾਰ ਤਾਂ ਇੱਥੇ ਤੁਹਾਡੇ ਹੀ ਚੱਲਣੇ ਨੇ, ਫੇਰ ਮੇਰੇ ਕੋਲੋਂ ਕਿਉ ਪੁੱਛਦੇ ਹੋ ?

ਥਾਨੇਦਾਰ . ਤੈਨੂੰ ਪਤਾ ਏ, ਤੈਨੂੰ ਇੱਥੇ ਕਿਸ ਲਈ ਲਿਆਂਦਾ ਗਿਆ ਏ ?

ਲਾਲੀ : ਬੱਕਰੇ ਨੂੰ ਕਸਾਈ ਅੱਗੇ ਕਿਸ ਲਈ ਲਿਆਂਦਾ ਜਾਂਦਾ ਏ ?

ਥਾਨੇਦਾਰ : ਤੂੰ ਸਾਡੀ ਹਰ ਗੱਲ ਦਾ ਜਵਾਬ ਪੁੱਠਾ ਹੀ ਦੇਨਾ ਏਂ ?

ਲਾਲੀ : ਕਿਉਂਕਿ ਮੇਟਾ ਵਾਹ ਪੁੱਠੇ ਬੰਦਿਆਂ ਨਾਲ

ਪਿਆ ਏ !

ਥਾਣੇਦਾਰ : ਪੁੱਠੇ ਬੰਦੇ ?

ਲਾਲੀ : ਸੁਣਿਆ ਕਰਦੇ ਸਾਂ ਪੰਪਿਆਈ ਨਾਂ ਦੇ ਰੋਮਨ ਸ਼ਹਿਰ ਵਿਚ ਰੋਮਨ ਅਮੀਰ ਗੁਲਾਮਾਂ ਨੂੰ ਭੁੱਖੇ ਸ਼ੇਰਾਂ ਅੱਗੇ ਪਾ ਕੇ ਤਮਾਸ਼ਾ ਵੇਖਿਆ ਕਰਦੇ ਸਨ। ਪੰਪਿਆਈ ਗਰਕ ਹੋ ਗਿਆ। ਲੋਕਾਂ ਨੇ ਸਮਝਿਆ ਉਹਦੇ ਪੁੱਠੇ ਬੰਦੇ ਵੀ ਗਰਕ ਹੋ ਗਏ ਨੇ, ਪਰ ਨਹੀਂ, ਉਹ ਤੁਹਾਡੀਆਂ ਸ਼ਕਲਾਂ ਵਿਚ ਫੇਰ ਪੈਦਾ ਹੋ ਗਏ ਨੇ ।

ਥਾਣੇਦਾਰ : ਤੂੰ ਇਤਿਹਾਸ ਤੋਂ ਕਾਫ਼ੀ ਜਾਣੂ ਲਗਦੈਂ ?

ਲਾਲੀ : ਇਤਿਹਾਸ ਹੀ ਮੈਨੂੰ ਇਸ ਰਾਹ ਤੇ ਲਿਆਇਆ ਹੈ।

ਥਾਣੇਦਾਰ : ਤੇਰੀ ਭੁੱਖੇ ਸ਼ੇਰਾਂ ਵਾਲੀ ਗੱਲ ਕਾਫ਼ੀ ਦਿਲਚੱਸਪ ਏ,

ਲਾਲੀ : ਪਰ ਤੁਸੀਂ ਤਾਂ ਚੂਹਿਆਂ ਤੇ ਆ ਗਏ ।

ਥਾਣੇਦਾਰ : ਚੂਹਿਆਂ ਤੇ ?

ਲਾਲੀ : ਰਾਤੀਂ ਮੇਰੇ ਕਪੜਿਆਂ ਨੂੰ ਉੱਤੋਂ ਤੋਂ ਥੱਲੇ ਬੰਨ ਕੇ ਵਿਚ ਚੂਹੇ ਛੱਡੇ ਗਏ, ਉਹ ਹੋਰ ਕੀ ਸੀ ?

ਥਾਣੇਦਾਰ : ਅੱਛਾ ਅਸੀਂ ਤੈਨੂੰ ਨਾ ਭੁੱਖੇ ਸ਼ੇਰਾਂ ਅੱਗੇ ਪਾਂਦੇ ਹਾਂ ਤੇ ਨਾਂ ਹੀ ਚੂਹਿਆਂ ਅੱਗੇ, ਜੇ ਤੂੰ ਸਾਨੂੰ ਦਸ ਦੇਵੇਂ ਕਿ ਐਮ. ਐਲ. ਏ. ਸਾਹਬ ਦੇ ਕਤਲ ਦੀ ਵਿਉਂਤ ਕਿੱਥੇ ਬਣੀ ?

ਲਾਲੀ : ਇਸ ਵਿਉਂਤ ਦਾ ਮੁੱਢ ਤਾਂ ਉਸ ਦਿਨ ਹੀ ਬੱਝ ਗਿਆ ਸੀ ਜਦੋਂ ਗਰੀਬਾਂ ਦੀ ਕੁੜੀ ਨਾਹਮੋਂ ਦਾ ਕਤਲ ਹੋਇਆ ਸੀ।

ਥਾਣੇਦਾਰ : ਉਸ ਤੋਂ ਬਾਅਦ ਕੀ ਹੋਇਆ ?

ਲਾਲੀ : ਮੈਨੂੰ ਨਹੀਂ ਪਤਾ

ਥਾਣੇਦਾਰ : ਤੈਨੂੰ ਪਤਾ ਏ

ਲਾਲੀ : (ਜ਼ੋਰ ਦੇ ਕੇ) ਮੈਨੂੰ ਨਹੀਂ ਪਤਾ ।

ਥਾਣੇਦਾਰ : ਓਏ ਪੁਠਾ ਟੰਗ ਦਿਤਾ ਜਾਏਗਾ।

ਲਾਲੀ : ਫੇਰ ?

ਥਾਣੇਦਾਰ : ਜੰਮੂਰਾਂ ਨਾਲ ਤੇਰੇ ਨਹੁੰਆਂ ਦਾ ਮਾਸ ਨੋਚ ਲਿਆ ਜਾਏਗਾ।

ਲਾਲੀ : ਫੇਰ ?

ਥਾਣੇਦਾਰ : ਸਰੀਰ ਤੇ ਮਿੱਠਾ ਮਲਕੇ ਕੀੜਿਆਂ ਦੇ ਭੌਂ ਤੇ ਬਿਨਾ ਦਿੱਤਾ ਜਾਏਗਾ।

ਲਾਲੀ। ਫੇਰ ?

ਥਾਣੇਦਾਰ : ਗੋਲੀ ਨਾਲ ਉਡਾ ਦਿੱਤਾ ਜਾਏਗਾ।

ਲਾਲੀ : ਫੇਰ ?,

ਥਾਣੇਦਾਰ : ਫੇਰ...ਫੇਰ...ਫੇਰ... ਤੈਨੂੰ ਸਾਡੀ ਕੋਈ ਪ੍ਰਵਾਹ ਨਹੀਂ ?

ਲਾਲੀ : ਨਹੀਂ।

ਥਾਣੇਦਾਰ : ਕਿਉਂ ?

ਲਾਲੀ : ਕਿਉਂਕਿ ਜਦੋਂ ਅਸੀਂ ਇਸ ਰਾਹ ਤੇ ਚਲੇ ਸਾਂ ਤਾਂ ਸਾਨੂੰ ਪਤਾ ਸੀ ਕਿ ਸਾਨੂੰ ਇਕ ਨਾ ਇਕ ਦਿਨ ਇਹ ਭੁਗਤਣ ਹੀ ਪਵੇਗਾ।

ਥਾਣੇਦਾਰ : ਤੇਰੀ ਜਾਨ ਬਖਸ਼ੀ ਹੋ ਸਕਦੀ ਏ, ਜੇ ਤੂੰ ਸਾਨੂੰ ਦਸ ਦੇਵੇਂ ਕਿ ਕਤਲ ਵਾਲੇ ਦਿਨ ਤੋਂ ਬਾਅਦ ਉਹ ਲੋਕੀ ਕਿਥੇ ਨੱਸ ਗਿਆ ਏ।

ਲਾਲੀ : ਮੈਨੂੰ ਨਹੀਂ ਪਤਾ।

ਥਾਣੇਦਾਰ : ਇਹਦਾ ਮਤਲਬ ਏ ਕਿ ਤੂੰ ਸਾਨੂੰ ਕਸਾਈ ਬਣਾਕੇ ਹੀ ਛਡੇਂਗਾ।

ਲਾਲੀ : ਥਾਣੇਦਾਰ ਸਾਹਬ, ਬਿੱਲੀ ਲੱਖ ਮਾਸੀ ਬਣੇ, ਚੂਹਾ ਆਪਣਾ ਰਿਸ਼ਤਾ ਜਾਣਦਾ ਹੀ ਹੁੰਦਾ ਏ।

ਥਾਣੇਦਾਰ : ਤਾਂ ਤੈਨੂੰ ਸਾਡਾ ਕੋਈ ਡਰ ਨਹੀਂ।

ਲਾਲੀ : ਡਰ ਤੇ ਖੌਫ ਇਨਕਲਾਬ ਦੇ ਰਸਤੇ ਤੇ ਚਲਣ ਵਾਲਿਆਂ ਨੂੰ ਨਹੀਂ। ਨਾ ਤਾਂ ਇਹ ਡਰ ਸੀ ਬਾਬੇ ਨਾਨਕ ਨੂੰ ਜੋ ਘਰੋਂ ਚਲਿਆ ਸੀ ਤਾਂ ਉਹਦਾ ਵਾਹ ਕੌਡੇ ਰਾਕਸ਼ ਵਰਗਿਆਂ ਨਾਲ ਪਿਆ ਸੀ। ਨਾ ਹੀ ਇਹ ਡਰ ਗੁਰੂ ਗੋਬਿੰਦ ਸਿੰਘ ਨੂੰ ਸੀ, ਜਿਸਨੇ ਮੁਗਲ ਲਸ਼ਕਰਾਂ ਨਾਲ ਟੱਕਰ ਲਈ ਤੇ ਨਾਂ ਹੀ ਇਹ ਡਰ ਸ਼ਹੀਦ ਭਗਤ ਸਿੰਘ ਨੂੰ ਸੀ, ਜੋ ਹੱਸਕੇ ਫਾਂਸੀ ਦਾ ਰੱਸਾ ਚੁੰਮ ਗਿਆ।

ਥਾਣੇਦਾਰ : ਉਏ, ਇਹ ਇਨਕਬਾਬ ਤਾਂ ਐਵੇਂ ਮਨ ਦਾ ਭਰਮ ਏ। ਇਨਕਲਾਬ ਨਾਂ ਤਾਂ ਬਾਬੇ ਨਾਨਕ ਵੇਲੇ ਆਇਆ ਸੀ, ਨਾਂ ਗੁਰੂ ਗੋਬਿੰਦ ਸਿੰਘ ਵੇਲੇ ਤੇ ਨਾਂ ਹੀ ਭਗਤ ਸਿੰਘ ਵੇਲੇ ।

ਲਾਲੀ ; ਇਹ ਤੁਹਾਡੇ ਮਨ ਦਾ ਭੁਲੇਖਾ ਏ ਥਾਣੇਦਾਰ ਸਾਹਬ, ਇਨਕਲਾਬ ਦਾ ਇਤਹਾਸ ਹਰ ਯੁੱਗ ਵਿਚ ਲਿਖਿਆ ਗਿਆ ਹੈ। ਇਨਕਲਾਬ ਬਾਬੇ ਨਾਨਕ ਵੇਲੇ ਵੀ ਆਇਆ ਸੀ, ਗੁਰੂ ਗੋਬਿੰਦ ਸਿੰਘ ਵੇਲੇ ਵੀ ਤੇ ਭਗਤ ਸਿੰਘ ਵੇਲੇ ਵੀ ਤੇ ਇਹ ਇਨਕਲਾਬ ਦੀ ਹੀ ਦੇਣ ਹੈ ਕਿ ਅਜ ਮੈਂ ਇਥੇ ਤੁਹਾਡੇ ਸਾਹਮਣੇ ਖੜਾ ਹਾਂ।

ਥਾਣੇਦਾਰ : ਓਏ ਕਿਉਂ ਆਪਣੇ ਆਪ ਨੂੰ ਤਸੀਹਿਆਂ ਦੀ ਅੱਗ ਵਿਚ ਸਾੜਦਾ ਏਂ, ਸਾੜਕੇ ਸੁਆਹ ਕਰ ਦਿਤਾ ਜਾਏਂਗਾ

ਲਾਲੀ : ਅੱਗ ਦਾ ਅਸਰ ਵੀ ਥਾਣੇਦਾਰ ਸਾਹਿਬ ਦੋ ਤਰਾਂ ਦਾ ਹੁੰਦਾ ਏ। ਇਹ ਕੱਖ ਤੀਲਿਆਂ ਨੂੰ ਤਾਂ ਸਾੜਕੇ ਸੁਆਹ ਕਰ ਸਕਦੀ ਏ, ਪਰ ਲੋਹਾ ਜਦੋਂ ਇਸ ਅੱਗ ਵਿਚ ਜਾਂਦਾ ਹੈ ਤਾਂ ਫੌਲਾਦ ਬਣਕੇ ਨਿਕਲਦਾ ਏ, ਤੇ ਤੁਹਾਡੇ ਤਸੀਹਿਆਂ ਦੀ ਅੱਗ ਵਿਚੋਂ ਵੀ ਅਸੀਂ ਫੌਲਾਦ ਬਣਕੇ ਨਿਕਲਾਂਗੇ।

ਥਾਣੇਦਾਰ : ਓਏ ਰਾਮ ਸਿੰਘ, ਲੈ ਜਾ ਇਸਨੂੰ, ਇਹਦੇ ਨਾਲ ਹੋਰ ਸਿਰ ਖੱਪਾਈ ਦਾ ਫਾਇਦਾ ਨਹੀਂ, ਇਹਦੇ

ਨਾਲੇ ਆਪੇ ਰਾਤ ਨੂੰ ਨਿਬੜਾਂਗੇ।

ਲਾਲੀ : ਥਾਨੇਦਾਰ ਸਾਹਬ ਕਰਨਾ ਤਾਂ ਤੁਸੀਂ ਉਹੋ ਸੀ ਜੋ ਉਤੋਂ ਹਦੈਤਾਂ ਆਈਆਂ ਨੇ, ਸ਼ੁਕਰੀਆ

ਥਾਨੇਦਾਰ : ਗੁੱਸੇ ਨਾਲ, ਉਏ ਲੈ ਜਾ

ਬਾਹਰੋਂ ਭੀੜ ਦੀਆਂ ਆਵਾਜ਼ਾਂ ਆਂਦੀਆਂ ਹਨ

1. ਲਾਲੀ ਨੂੰ ਰਿਹਾ ਕਰੋ—ਰਿਹਾ ਕਰੋ,ਰਿਹਾ ਕਰੋ

2. ਇਨਕਲਾਬ ਜ਼ਿੰਦਾਬਾਦ—ਜ਼ਿੰਦਾਬਾਦ,ਜ਼ਿੰਦਾਬਾਦ

3. ਲੋਕ ਏਕਤਾ ਜ਼ਿੰਦਾਬਾਦ— ਜ਼ਿੰਦਾਬਾਦ ਜ਼ਿੰਦਾਦਾਦ ਥਾਨੇਦਾਰ ਤੇ ਸਿਪਾਹੀ ਘਬਰਾਂਦੇ ਹਨ। ਲਾਲੀ ਦੇ ਚਿਹਰੇ ਤੇ ਮੁਸਕਰਾਹਟ ਆਂਦੀ ਹੈ

ਥਾਨੇਦਾਰ : ਓਏ ਰਾਮ ਸਿੰਘ ਦੇਖ ਬਾਹਰ ਕੌਣ ਲੋਕ ਨੇ

ਰਾਮ ਸਿੰਘ : (ਬਾਹਰ ਜਾਂਦਾ ਹੈ ਤੇ ਫੇਰ ਘਬਰਾਹਟ ਵਿਚ ਆਂਦਾ ਹੈ ਹੈ) ਬਹੁਤ- ਸਾਰੇ ਲੋਕ ਨੇ ਥਾਨੇ ਨੂੰ ਘੇਰ ਲਿਆ ਏ।

ਥਾਨੇਦਾਰ : ਓਏ ਕੌਣ ਲੋਕ ਨੇ ਉਹ ?

ਰਾਮ ਸਿੰਘ : ਜੀ ਕੁਝ ਤਾਂ ਸਤਿ ਸ੍ਰੀ ਅਕਾਲ ਵਾਲੇ ਨੇ, ਕੁਝ ਇਨਕਲਾਬ ਵਾਲੇ ਨੇ, ਕੱਠਿਆਂ ਦਾ ਜਹਾਦ ਏ, ਇਸੇ ਲਈ ਲੋਕ ਏਕਤਾ ਜ਼ਿੰਦਾਬਾਦ ਏ।

ਥਾਨੇਦਾਰ : ਓਏ ਕੀ ਕਹਿੰਦੇ ਨੇ ?

ਰਾਮ ਸਿੰਘ : ਜੀ ਲਾਲੀ ਦੀ ਰਿਹਾਈ ਮੰਗਦੇ ਨੇ।

ਥਾਨੇਦਾਰ : ਓਏ ਜੇ ਏਨੂੰ ਰਿਹਾ ਕਰ ਦੇਈਏ ਤਾਂ ਫੇਰ ਫੜਾਂਗੇ ਕਿਸਨੂੰ ?

ਰਾਮ ਸਿੰਘ : ਜੀ ਦੇਖ ਲਵੋ, ਉਹ ਅੰਦਰ ਆ ਰਹੇ ਨੇ।

ਥਾਨੇਦਾਰ : ਕੁਝ ਨਹੀਂ ਹੁੰਦਾ, ਤੂੰ ਖਲੋਤਾ ਰਹਿ।

(ਇਕ ਬਜ਼ੁਰਗ ਅੰਦਰ ਆਂਦਾ ਹੈ)

ਬਜ਼ੁਰਗ : ਥਾਨੇਦਾਰ ਸਾਹਿਬ, ਤੁਸੀਂ ਇਸ ਮੁੰਡੇ ਨੂੰ ਕਿਉਂ ਫੜਿਆ ਏ ?

ਥਾਨੇਦਾਰ : ਇਹਨੇ ਇਲਾਕੇ ਦੇ ਪਤਵੰਤੇ ਐਮ. ਐਲ. ਏ. ਦਾ ਕਤਲ ਕੀਤਾ ਏ।

ਬਜ਼ੁਰਗ : ਤੁਹਾਨੂੰ ਕਿੰਝ ਪਤਾ ਏ ਕਿ ਇਹਨੇ ਐਮ. ਐਲ. ਏ. ਦਾ ਕਤਲ ਕੀਤਾ ਏ।

ਥਾਨੇਦਾਰ : ਸਾਨੂੰ ਮੁਖਬਰ ਨੇ ਇਤਲਾਹ ਦਿੱਤੀ ਹੈ।

ਬਜ਼ੁਰਗ : ਤੁਹਾਡਾ ਕੀ ਹੱਕ ਬਣਦੈ ਕਿ ਮੁਖ਼ਬਰ ਦੀਆਂ ਗ਼ਲਤ ਇਤਲਾਵਾਂ ਦੇ ਮੁਤਾਬਿਕ ਇਹਨਾਂ ਮੁੰਡਿਆ ਨੂੰ ਇਸ ਤਰ੍ਹਾਂ ਥਾਨਿਆਂ ਵਿਚ ਲਿਆਕੇ ਤਸੀਹੇ ਦੇਵੋ। ਤੇ ਮੱਤ ਭੁੱਲੋ ਜਿਸ ਐਮ. ਐਲ. ਏ. ਪਤਵੰਤੇ ਦੇ ਕਤਲ ਦੇ ਇਲਜ਼ਾਮ ਵਿਚ ਇਸ ਮੁੰਡੇ ਨੂੰ ਇਥੇ ਲਿਆਏ ਹੋ, ਉਹਦੇ ਆਪਣੇ ਹੱਥ ਪਤਾ ਨਹੀਂ ਕਿੰਨੇ ਬੇਗੁਨਾਹਾਂ ਦੇ ਖੂਨ ਨਾਲ ਰੰਗੇ ਹੋਏ ਸਨ। ਕਿੰਨੀਆਂ ਅਬਲਾਵਾਂ ਦੀ ਇਜ਼ਤ ਉਹਨੇ ਲੁੱਟੀ ਸੀ,

ਥਾਨੇਦਾਰ : ਲੁੱਟੀ ਹੋਵੇ, ਸਾਨੂੰ ਇਸ ਨਾਲ ਕੋਈ ਫੇਰਕ ਨਹੀਂ ਪੈਂਦਾ,

ਬਜ਼ੁਰਗ : ਤੁਹਾਨੂੰ ਨਹੀਂ ਪੈਂਦਾ, ਪਰ ਸਾਨੂੰ ਪੈਂਦਾ ਏ। ਤੁਹਾਡਾ ਥਾਨਾ ਪਿੰਡ ਵਾਲਿਆਂ ਨੇ ਘੇਰਿਆ ਹੋਇਆ ਹੈ। ਮੇਰੀ ਬੇਨਤੀ ਹੈ ਕਿ ਇਸ ਮੁੰਡੇ ਨੂੰ ਛੱਡ ਦੇਵੋ। ਇਹ ਨਾ ਹੋਵੇ ਕਿ ਕੋਈ ਨੁਕਸਾਨ ਹੋ ਜਾਵੇ।

ਥਾਨੇਦਾਰ : ਇਹਨੂੰ ਕਿਸ ਤਰ੍ਹਾਂ ਛੱਡ ਦੇਈਏ ?

ਰਾਮ ਸਿੰਘ : ਜਨਾਬ ਛੱਡ ਦੇਵੋ, ਇਹ ਨਾ ਹੋਵੇ ਕਿ ਐਮ. ਐਲ. ਏ ਸਾਹਬ ਵਾਕੁਨ ਸਾਨੂੰ ਵੀ ਰੋੜ ਦੇਣ।

ਥਾਨੇਦਾਰ : ਓਏ ਰਾਮ ਸਿੰਘ ਤੂੰ ਚੁੱਪ ਕਰਕੇ ਖਲੋਤਾ ਰਹਿ

ਬਜ਼ੁਰਗ : ਥਾਨੇਦਾਰ ਸਾਹਿਬ, ਮੈਂ ਬੜੀ ਮੁਸ਼ਕਲ ਨਾਲ ਭੀੜ ਨੂੰ ਕਾਬੂ ਰਖਿਆ ਹੈ, ਤੁਸੀ ਲਾਲੀ ਨੂੰ ਫੌਰਨ ਛੱਡ ਦੇਵੋ।

ਰਾਮ ਸਿੰਘ : ਜਨਾਬ ਛੱਡ ਦੇਵੋ।

ਥਾਨੇਦਾਰ : (ਢਿੱਲਾ ਪੈ ਕੇ) ਛੱਡਦੇ ਰਾਮ ਸਿੰਘ ਇਹਨੂੰ ਇਹਦੀ ਜਵਾਨੀ ਤੇ ਮੈਨੂੰ ਤਰਸ ਆ ਗਿਆ ਏ।

(ਰਾਮ ਸਿੰਘ ਲਾਲੀ ਦੀਆਂ ਮੁਸ਼ਕਾਂ ਖੋਲ੍ਹਦਾ ਹੈ)

ਲੈ ਜਾ ਇਹਨੂੰ ਬਜ਼ੁਰਗਾ ਇਹਦਾ ਥਾਨੇ ਵਿਚ ਅਸੀਂ ਅਚਾਰ ਪਾਉਣਾ ਏ।

ਬਜ਼ੁਰਗ : ਹੁਣ ਤੇ ਮੈਂ ਲੈ ਹੀ ਜਾਵਾਂਗਾ। ਪਰ ਥਾਨੇਦਾਰ ਸਾਹਿਬ ਤੁਸੀਂ ਵੀ ਸੁਣ ਲਵੋ ਇਹ ਖਾਕੀ ਵਰਦੀ ਪਾਈ ਏ ਇਹਦਾ ਇਹ ਮਤਲਬ ਨਹੀਂ ਕਿ ਤੁਸੀਂ ਇਲਾਕੇ ਦੇ ਖੁਦਾ ਲਗੋ ਹੋ। ਨਾਲੇ ਅਸੀਂ ਵੀ ਪਿੰਡ ਦੇ ਬਜ਼ੁਰਗਾਂ ਨੇ ਇਹ ਇਰਾਦਾ ਬਣਾ ਲਿਆ ਏ ਕਿ ਅਸੀਂ ਆਪਣੇ ਨੌਜਵਾਨਾਂ ਦੀ ਰਾਖੀ ਕਰਾਂਗੇ। (ਲਾਲੀ ਨੂੰ) ਚਲ ਲਾਲੀ ਮੇਰੇ ਨਾਲ

(ਤੁਰਨ ਤੋਂ ਪਹਿਲਾਂ ਇਹ ਨਾਅਰੇ ਲਗਾਂਦੇ ਹਨ

1. ਲੋਕ ਏਕਤਾ ਜ਼ਿੰਦਾਬਾਦ—ਜ਼ਿੰਦਾਬਾਦ,ਜ਼ਿੰਦਾਬਾਦ

2. ਇਨਕਲਾਲ ਜ਼ਿੰਦਾਬਾਦ—ਜ਼ਿੰਦਾਬਾਦ,ਜ਼ਿੰਦਾਬਾਦ

ਇਸ ਦੌਰਾਨ ਸਿਪਾਹੀ ਵੀ ਨਾਲ ਸ਼ਾਮਿਲ ਹੋ ਜਾਂਦਾ ਹੈ ਉਸ ਵੇਲੇ ਨਾਅਰਾ ਲਗਦਾ ਹੈ—ਗਰੀਬ ਗਰੀਬ ਭਾਈ ਭਾਈ, ਭਾਈ ਭਾਈ

ਥਾਨੇਦਾਰ ਘਬਰਾਕੇ ਬਾਹਰ ਨਿਕਲਣ ਵਾਲੀ ਮੁਦਰਾ ਵਿਚ ਮੂਕ ਹੁੰਦਾ ਹੈ। ਸਿਪਾਹੀ ਤੇ ਹੋਰ ਪਾਤਰ ਬਾਹਵਾਂ ਉੱਚੀਆਂ ਕਰਦੇ ਹਨ ਤੇ ਪਿੱਠ ਭੂਮੀ ਤੇ ਇਹ ਅਵਾਜ਼ ਉੱਚੀ ਹੁੰਦੀ ਹੈ। ਆਵਨ ਅੱਠਤਰੇ, ਜਾਣ ਸਤਾਨਵੇਂ, ਹੋਰ ਵੀ ਉਠਸੀ ਮਰਦ ਕਾ ਚੇਲਾ ਤੇ ਨਾਟਕ ਸਮਾਪਤ ਹੁੰਦਾ ਹੈ

* * *

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ, ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ, ਹਰਮੁੱਖ ਪ੍ਰਿੰਟਰਜ਼; 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਤੋਂ ਛਪਵਾਇਆ ਅਤੇ ਗੁਰੂ ਖ਼ਾਲਸਾ ਨਿਵਾਸ, ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ-143002 ਤੋਂ ਪ੍ਰਕਾਸ਼ਤ ਕੀਤਾ।

ਵਾਰਸ਼ਿਕ ਚੰਦਾ 15 ਰੁਪਏ, ਵਿਦੇਸ਼ ਹਵਾਈ ਡਾਕ ਰਾਹੀਂ 100 ਰੁਪਏ

ਹਿੰਦੀ ਕਹਾਣੀ

# ਬੇਘਰ

—ਸੁਧਾਕਰ

ਮਾਲੀਆ-ਵਿਭਾਗ ਦੇ ਦਫ਼ਤਰ ਦੇ ਸਾਹਮਣੇ ਜ਼ਮੀਨ ਉਪਰ ਫੈਲੇ ਪਲਾਸ਼ ਦੇ ਕਿੰਨੇ ਸਾਰੇ ਲਾਲ-ਲਾਲ ਫੁੱਲਾਂ ਨੂੰ ਵੇਖ ਕੇ ਓਹਨੂੰ ਬਹੁਤ ਹੈਰਾਨੀ ਹੋਈ। ਵਾਹ ! ਇੰਨੇ ਫੁੱਲ ! ਇਥੇ ਜੋ ਇੰਨੇ ਲੋਕ ਆ ਜਾ ਰਹੇ ਹਨ, ਕੋਈ ਵੀ ਇਹਨਾਂ ਫੁੱਲਾਂ ਵਲ ਨਹੀਂ ਵੇਖਦਾ ? ਜਾਂ ਤਾਂ ਕਿਸੇ ਨੂੰ ਇਹ ਭੇਦ ਪਤਾ ਨਹੀਂ ਕਿ ਇਨ੍ਹਾਂ ਫੁੱਲਾਂ ਨਾਲ ਹੋਲੀ ਲਈ ਰੰਗ ਵੀ ਬਣਾਇਆ ਜਾਂਦਾ ਹੈ। ਜਾਂ ਇਥੇ ਆਉਣ ਜਾਣ-ਵਾਲੇ ਲੋਕ ਆਪਣੇ ਆਪਣੇ ਕੰਮਾਂ ਵਿਚ ਇਸ ਤਰ੍ਹਾਂ ਰੁੱਝੇ ਰਹਿੰਦੇ ਹਨ ਕਿ ਉਨ੍ਹਾਂ ਨੂੰ ਪਲਾਸ਼ ਦੇ ਫੁੱਲ ਚੁਗਣ ਵਰਗੇ ਹੋਛੇ ਅਤੇ ਬੇਕਾਰ-ਕੰਮ ਦੇ ਲਈ ਸਮਾਂ ਹੀ ਨਹੀਂ ਮਿਲਦਾ। ਪਰ ਅਜ ਜਦੋਂ ਸਿਰਫ ਵੀਹ ਤੀਹ ਪੈਸੇ ਵਿਚ ਬਾਲਟੀ ਦੋ ਬਾਲਟੀ ਰੰਗ ਤਿਆਰ ਹੋ ਜਾਂਦਾ ਹੈ, ਤਾਂ ਪਲਾਸ਼ ਦੇ ਫੁੱਲਾਂ ਦਾ ਰੰਗ ਬਣਾਉਣ ਦੀ ਗੱਲ ਕੌਣ ਸੋਚਦਾ ਹੈ ?

ਉਸ ਨੂੰ ਯਾਦ ਆਇਆ, ਜਦ ਉਹ ਛੋਟਾ ਜਿਹਾ ਸੀ ਅਤੇ ਆਪਣੇ ਪਿਤਾ ਦੇ ਨਾਲ ਰੋਜ਼ ਸਵੇਰ ਨੂੰ ਗੰਗਾ 'ਚ ਨਹਾਉਣ ਜਾਇਆ ਕਰਦਾ ਸੀ ਤਾ ਘਰ ਮੁੜਦੇ ਸਮੇਂ ਉਹ ਮੰਦਰ ਦੇ ਪਿੱਛੇ ਵਾਲੇ ਪਲਾਸ਼ ਦੇ ਖਿੜੇ ਢੇਰ ਸਾਰੇ ਫੁੱਲ ਚੁਣ ਕੇ ਰੱਖ ਲੈਂਦਾ ਸੀ ਅਤੇ ਉਨਾਂ ਨੂੰ ਘਰ ਲਿਆਕੇ ਕਈ ਕਈ ਦਿਨਾਂ ਤੱਕ ਧੁੱਪ ਵਿਚ ਖੂਬ ਸੁਕਾਉਂਦਾ ਸੀ ਅਤੇ ਫਿਰ ਉਨ੍ਹਾ ਨੂੰ ਮਲ ਮਲ ਕੇ ਹੋਲੀ ਵਿਚ ਰੰਗ ਬਣਾਉਣ ਲਈ ਰੱਖ ਲੈਂਦਾ ਸੀ।

ਉਸ ਨੇ ਝੁਕ ਕੇ ਪੰਜ ਛੇ ਫੁੱਲ ਚੁੱਗ ਲਏ ਅਤੇ ਕੁੜਤੇ ਦੀ ਜੇਬ ਵਿਚ ਰਖ ਲਏ। ਇਨਾਂ ਫੁੱਲਾਂ ਨੂੰ ਵੇਖ ਕੇ ਉਸ ਦੀ ਬੱਚੀ ਮਨੂ ਕਿੰਨੀ ਖੁਸ਼ ਹੋਵੇਗੀ, ਉਸ ਨੇ ਸੋਚਿਆ। ਹਾਲੀ ਉਸ ਦੇ ਕੋਲ ਝੋਲਾ ਹੁੰਦਾ ਤਾਂ ਉਹ ਖੂਬ ਢੇਰ ਸਾਰੇ ਫੁੱਲ ਤੋੜ ਕੇ ਘਰ ਲੈ ਜਾਂਦਾ। ਪਰ ਕੁੜਤੇ ਦੀ ਜੇਬ ਵਿਚ ਪੰਜ ਛੇ ਤੋਂ ਵੱਧ ਫੁੱਲਾਂ ਨੂੰ ਪਾਇਆ ਨਹੀਂ ਜਾ ਸਕਦਾ ਸੀ। ਉਸ ਨੇ ਦੂਜੀ ਜੇਬ ਵਿਚੋਂ ਮਾਲੀਆ ਵਿਭਾਗ ਦੇ ਦਫ਼ਤਰ ਦੇ ਲਈ ਲਿਆਂਦਾ ਹੋਇਆ ਪ੍ਰਾਥਨਾ ਪੱਤਰ ਕੱਢ ਕੇ ਹੱਥ ਵਿਚ ਰੱਖ ਲਿਆ ਅਤੇ ਉਸ ਨੇ ਖ਼ਾਲੀ ਜੇਬ ਵਿਚ ਵੀ ਪੰਜ ਛੇ ਫੁੱਲ ਭਰ ਲਏ।

× × ×

ਸਕੱਤਰੇਤ ਦੀਆਂ ਪੌੜੀਆਂ ਉੱਤੇ ਚੜ੍ਹਦੇ ਸਮੇਂ ਉਸ ਨੇ ਮਨ ਹੀ ਮਨ ਭਗਵਾਨ ਨੂੰ ਅਰਦਾਸ ਕੀਤੀ ਕਿ ਅੱਜ ਉਸ ਦਾ ਕੰਮ ਆਸਾਨੀ ਨਾਲ ਹੋ ਜਾਵੇ। ਸਕੱਤਰੇਤ ਵਿਚ ਵੜਨ ਉੱਤੇ ਇਹ ਵੇਖ ਕੇ ਉਹ ਕੁਝ ਆਸਵੰਦ ਹੋਇਆ ਕਿ ਅੱਜ ਉੱਥੇ ਕੱਲ ਵਾਂਗ ਲੋਕਾਂ ਦੀ ਭੀੜ ਨਹੀਂ ਲੱਗੀ ਹੋਈ ਸੀ। ਸਿਰਫ ਤਿੰਨ ਚਾਰ ਆਦਮੀ ਇੱਥੇ ਉੱਥੇ ਮੇਜ਼ਾਂ ਦੇ ਕੋਲ ਖੜੇ ਸਨ ਅਤੇ ਬਾਬੂਆਂ ਨਾਲ ਗੱਲਾਂ ਕਰ ਰਹੇ ਸਨ। ਇਹ ਵੇਖ ਕੇ ਉਸ਼ ਨੂੰ ਬੜੀ ਖ਼ੁਸ਼ੀ ਹੋਈ ਕਿ ਉਸ ਸਮੇਂ ਸਕੱਤਰੇਤ ਦੇ ਵੱਡੇ ਬਾਬੂ ਬਿਲਕੁਲ ਵਿਹਲੇ ਸਨ ਅਤੇ ਇਕੱਲੇ ਬੈਠੇ ਚਾਹ ਪੀ ਰਹੇ ਸਨ। ਉਸ ਨੇ ਸੋਚਿਆ ਵੱਡੇ ਬਾਬੂ ਚਾਹ ਪੀ ਚੁੱਕਣਗੇ ਉਹ ਤਦੇ ਹੀ ਉਨ੍ਹਾਂ ਕੋਲ ਜਾਵੇਗਾ। ਪਰ ਇਸ ਸ਼ੰਕੇ ਨਾਲ ਕਿ ਇਸ ਵਿਚਕਾਰ ਉਨ੍ਹਾਂ ਦੇ ਕੋਲ ਕਿਧਰੇ ਕੋਈ ਦੂਜਾ ਆਦਮੀ ਨਾ ਆ ਜਾਵ ਜਾਂ ਚਾਹ ਪੀਣ ਦੇ ਬਾਅਦ ਉੱਠ ਕੇ ਕਿਤੇ ਚਲੇ ਨਾ ਜਾਣ, ਉਸ ਨੇ ਅਵਸਰ ਤੋਂ ਫੌਰਨ ਹੀ ਲਾਭ ਉਠਾਉਣ ਦਾ ਨਿਸ਼ਚਾ ਕੀਤਾ ਅਤੇ ਉਨ੍ਹਾਂ ਦੇ ਕੋਲ ਜਾ ਕੇ ਚੁੱਪ ਚਾਪ ਖੜਾ ਹੋ ਗਿਆ ਹੈ।

ਬੜੇ ਬਾਬੂ ਨੇ ਚਾਹ ਦੀ ਚੁਸਕੀ ਲੈ ਕੇ ਇਕ ਵਾਰ ਉਸ ਵੱਲ ਵੇਖਿਆ ਤਾਂ ਉਸ ਨੇ ਦੋਵੇਂ ਹੱਥ ਜੋੜ ਕੇ ਉਨ੍ਹਾਂ ਨੂੰ ਪ੍ਰਣਾਮ ਕੀਤਾ। ਜਵਾਬ ਵਿਚ ਬਿਨਾਂ ਕੁਝ ਬੋਲਿਆਂ ਹੀ ਉਨ੍ਹਾਂ ਨੇ ਆਪਣੇ ਸਿਰ ਨੂੰ ਥੋੜਾ ਜਿਹਾ ਝੁਕਾਇਆ ਅਤੇ ਨਿਰਵਿਘਨ ਹਾਲਤ ਵਿਚ ਚਾਹ ਦੀਆਂ ਚੁਸਕੀਆਂ ਲੈਂਦੇ ਰਹੇ। ਉਹ ਆਪਣੀ ਥਾਂ ਉਤੇ ਚੁੱਪ-ਚਾਪ ਖੜਾ ਚਾਹ ਖਤਮ ਹੋਣ ਦੀ ਉਡੀਕ ਕਰਨ ਲਗਾ।

ਇਕ ਵਾਰ ਉਸ ਦੀ ਇੱਛਾ ਹੋਈ ਕਿ ਉਹ ਕੋਲ ਪਈ ਖਾਲੀ ਕੁਰਸੀ ਤੇ ਬੈਠ ਜਾਵੇ। ਪਰ ਇਹ ਸੋਚ ਕੇ ਕਿ ਵੱਡੇ ਬਾਬੂ ਨੇ ਵੀਹ ਵਿਸਵੇ ਉਸ ਦੇ ਗਏ ਗੁਜ਼ਰੇ ਕਪੜਿਆਂ ਨੂੰ ਵੇਖ ਕੇ ਜੋ ਉਸਨੂੰ ਉਸ ਸੰਨਮਾਨ ਦਾ ਪਾਤਰ ਨਹੀਂ ਸਮਝਿਆ, ਤਾਂ ਉਹ ਹੀ ਆਪਣੀ ਯੋਗਤਾ ਸਿੱਧ ਕਰਨ ਲਈ ਉਤਾਵਲਾ ਕਿਉਂ ਹੋਵੇ। ਉਹ ਖੜਾ ਹੀ ਰਿਹਾ ਅਤੇ ਖੜੇ ਖੜੇ ਉਸ ਕਮਰੇ ਦੇ ਹੋਰ ਰੁੱਝੇ ਬਾਬੂਆਂ ਨੂੰ ਵੇਖਣ ਲੱਗਿਆ। ਉਸ ਦੇ ਕੋਲ ਹੀ ਇਕ ਆਦਮੀ ਤੇਜ਼ੀ ਨਾਲ ਕੁੱਝ ਟਾਈਪ ਕਰ ਰਿਹਾ ਸੀ। ਟਾਈਪ-ਰਾਈਟਰ ਉਪਰ ਤੇਜ਼ੀ ਨਾਲ ਉਂਗਲੀਆਂ ਚਲਾਉਂਦਾ ਹੋਇਆ ਆਦਮੀ ਉਸ ਨੂੰ ਸਦਾ ਬਹੁਤ ਚੰਗਾ ਲਗਿਆ ਹੈ। ਇਕ ਚੰਗਾ ਅਤੇ ਤੇਜ਼ ਟਾਈਪਿਸਟ ਬਣਨ ਦੀ ਉਹ ਕਿੰਨੀ ਹੀ ਵਾਰ ਕਲਪਨਾ ਕਰ ਚੁੱਕਿਆ ਸੀ ਪਰ ਉਸਦੀ ਇਹ ਕਲਪਨਾ ਵੀ ਦੂਜੀਆਂ ਕਿੰਨੀਆਂ ਸਾਰੀਆਂ ਸੁਖਾਵੀਆਂ ਕਲਪਨਾਵਾਂ ਦੀ ਤਰ੍ਹਾਂ ਸਿਰਫ ਕਲਪਨਾ ਹੀ ਬਣੀ ਰਹਿ ਗਈ ਸੀ।

—ਕਹੋ, ਕੀ ਗੱਲ ਹੈ ? ਵਡੇ ਬਾਬੂ ਜੀ ਨੇ ਉਸ ਨੂੰ ਟੋਕਿਆ।

—ਜੀ, ਆਪਨੂੰ ਇਕ ਬੇਨਤੀ ਹੈ, ਉਸ ਨੇ ਕਿਹਾ ਅਤੇ ਆਪਣਾ ਅਰਜ਼ੀ-ਫਾਰਮ ਵੱਡੇ ਬਾਬੂ ਦੇ ਅੱਗੇ ਰੱਖ ਦਿੱਤਾ।

—ਇਸ ਵਿਚ ਕੀ ਹੈ ? ਮੂੰਹ ਤੋਂ ਕਹੋ ਨਾ ! ਇਸ ਨੂੰ ਪੜ੍ਹਨ ਦੀ ਇਥੇ ਕਿਸ ਨੂੰ ਫੁਰਸਤ ਹੈ ?-ਅਰਜ਼ੀ-ਫਾਰਮ ਨੂੰ ਬਿਨਾਂ ਪੜ੍ਹਿਆਂ ਹੀ ਵੱਡੇ ਬਾਬੂ ਬੁੜ ਬੁੜਾਏ।

—ਜੀ ਮੈਂ ਆਮਦਨ ਦਾ ਪ੍ਰਮਾਣ-ਪੱਤਰ ਚਾਹੁੰਦਾ ਹਾਂ। ਉਸ ਨੇ ਥੋੜਾ ਸਹਿਮਦਿਆਂ ਕਿਹਾ।

—ਕਿਸ ਦੀ ਆਮਦਨ ਦਾ ? ਵੱਡੇ ਬਾਬੂ ਨੇ ਪੁੱਛਿਆ।

—ਆਪਣੀ। ਉਸ ਨੇ ਉੱਤਰ ਦਿੱਤਾ।

—ਤੁਸਾਂ ਕੌਣ ਹੋ ?

—ਮੈਂ ਸੁਰਿੰਦਰ ਸ਼ਾਮ ਹਾਂ। ਇਥੇ ਨਗਰ ਪਾਲਿਕਾ ਵਿਚ ਛੋਟਾ ਜਿਹਾ ਕਲਰਕ ਹਾਂ।

—ਆਮਦਨ ਦਾ ਪ੍ਰਮਾਣ-ਪੱਤਰ ਕਾਹਦੇ ਲਈ ਚਾਹੀਦਾ ਹੈ ?

—ਮੇਰੀ ਬੱਚੀ ਗਰੀਬ ਤੇ ਹੁਸ਼ਿਆਰ ਵਿਦਿਆਰਥੀ ਵਜ਼ੀਫ਼ਾਂ ਲੈਣ ਲਈ ਅਰਜ਼ੀ ਦੇਣੀ ਚਾਹੁੰਦੀ ਹੈ। ਉਹਦੇ ਲਈ ਮੇਰੀ ਆਮਦਨ ਦਾ ਪ੍ਰਮਾਣ-ਪੱਤਰ ਜ਼ਰੂਰੀ ਹੈ।

—ਕਿਹੜੀ ਜਮਾਤ ਵਿਚ ਪੜ੍ਹਦੀ ਹੈ ?

—ਸਤਵੀਂ ਵਿਚ।

—ਵੱਡੇ ਬਾਬੂ ਨੇ ਟੇਬਲ ਤੇ ਰੱਖਿਆ ਬਿਨੈ-ਪੱਤਰ ਉਠਾ ਲਿਆ ਅਤੇ ਉਸ ਨੂੰ ਧਿਆਨ ਨਾਲ ਪੜ੍ਹਨ ਲਗੇ।

—ਤੁਸੀਂ ਇਕ ਵਾਰ ਪਹਿਲਾਂ ਵੀ ਆਏ ਸੀ ਨਾ ? ਉਹਨਾਂ ਨੇ ਸਵਾਲ ਕੀਤਾ।

—ਜੀ ਹਾਂ। ਉਸ ਦਿਨ ਤੁਸੀਂ ਮੈਨੂੰ ਕਿਸੇ ਦੂਜੇ ਦਿਨ ਆਉਣ ਲਈ ਕਿਹਾ ਸੀ। ਬੜੀ ਕ੍ਰਿਪਾ ਹੋਵੇਗੀ ਵੱਡੇ ਬਾਬੂ ! ਕ੍ਰਿਪਾ ਕਰਕੇ ਅੱਜ ਮੈਨੂੰ ਆਪਣੇ ਸਾਹਬ ਤੋਂ ਆਮਦਨ ਸਰਟੀਫਿਕੇਟ ਦਿਵਾ ਦਿਉ। ਉਸ ਨੇ ਵੱਡੇ ਬਾਬੂ ਦੇ ਅਪਣੱਤ ਵਾਲੇ ਵਤੀਰੇ ਤੋਂ ਉਤਸ਼ਾਹਤ ਹੋ ਕੇ ਮਿੰਨਤ ਕੀਤੀ। ਉਸ ਨੇ ਮਨ ਹੀ ਮਨ ਇਕ ਵਾਰ ਫਿਰ ਭਗਵਾਨ ਨੂੰ ਅਰਦਾਸ ਕੀਤੀ ਕਿ ਅਜ ਵੱਡੇ ਬਾਬੂ ਤੋਂ ਉਸ ਦਾ ਕੰਮ ਜ਼ਰੂਰ ਕਰਵਾ ਦੇਵੇ। ਪਰ ਦੂਜੇ ਹੀ ਪਲ ਜਦੋਂ ਵਡੇ ਬਾਬੂ ਉਸ ਤੋਂ ਇਕ ਅਜੀਬ ਸਵਾਲ ਪੁੱਛ ਬੈਠੇ ਤਾਂ ਉਹ ਇਕ ਦਮ ਫੈਸਲਾ ਨਾ ਕਰ ਸਕਿਆ ਕਿ ਰੱਬ ਉਸ ਦੀ ਬਹੁੜੀ ਸੁਣਦਾ ਹੈ ਜਾਂ ਨਹੀਂ।

—ਤੁਸੀਂ ਕਿੰਨਾ ਕੁ ਪੜ੍ਹੇ ਹੋ ? ਉਨ੍ਹਾਂ ਪੁਛਿਆ।

—ਜੀ, ਮੈਂ ਬੀ. ਏ. ਹਾਂ। ਉਸ ਨੇ ਸੰਕੋਚ ਨਾਲ ਕਿਹਾ।

—ਤੁਸੀਂ ਬੀ. ਏ. ਪਾਸ ਹੋ, ਫ਼ਿਰ ਵੀ ਆਪਣੀ ਅਕਲ ਤੋਂ ਕੰਮ ਨਹੀਂ ਲੈਂਦੇ ? ਵੱਡੇ ਬਾਬੂ ਨੇ ਵਿਅੰਗ ਕਸਿਆ। ਇਸ ਫ਼ਾਰਮ ਵਿਚ ਤਾਂ ਸਾਫ਼ ਸਾਫ਼ ਲਿਖਿਆ ਹੋਇਆ ਹੈ ਕਿ ਆਪਣੇ ਪਿੰਡ ਦੇ ਸਰਪੰਚ ਜਾਂ ਬਲਾਕ ਦੇ ਵਿਕਾਸ ਅਫਸਰ ਤੋਂ ਆਪਣੀ ਆਮਦਨ ਦਾ ਪ੍ਰਮਾਣ-ਪੱਤਰ ਲਉ। ਫਿਰ ਤੁਸੀਂ ਸਿੱਧੇ ਜ਼ਿਲ੍ਹਾ ਮਾਲੀਆ ਅਫਸਰ ਦੇ ਦਫ਼ਤਰ ਵਿਚ ਕਿਵੇਂ ਪਧਾਰੇ ਹੋ ? ਤੁਸੀਂ ਇਸ ਵਿਚ ਲਿਖਿਆ ਹੈ ਕਿ ਤੁਹਾਡੇ ਵਾਰਸ਼ਿਕ ਆਮਦਨ ਤਿੰਨ ਹਜ਼ਾਰ ਰੁਪਏ ਹੈ। ਭਲਾ ਮਾਲ ਅਫ਼ਸਰ ਤੁਹਾਨੂੰ ਜਾਣਦੇ ਹਨ ? ਉਹ ਤੁਹਾਨੂੰ ਉਹੋ ਜਿਹਾ ਪ੍ਰਮਾਣ-ਪੱਤਰ ਕਿਉਂ ਦੇਣਗੇ ?

—ਲਗ ਪਗ ਢਾਈ ਸੌ ਰੁਪਏ ਮੈਨੂੰ ਤਨਖਾਹ ਦੇ ਰੂਪ ਵਿਚ ਮਿਲਦੇ ਹਨ। ਇਸ ਹਿਸਾਬ ਨਾਲ ਮੇਰੀ ਵਾਰਸ਼ਿਕ ਆਮਦਨ ਤਿੰਨ ਹਜ਼ਾਰ ਰੁਪਏ ਤੋਂ ਜ਼ਿਆਦਾ ਨਹੀਂ ਹੈ, ਉਸ ਨੇ ਕਿਹਾ।

—ਇਸ ਗੱਲ ਦਾ ਕੀ ਸਬੂਤ ਹੈ ਕਿ ਤੁਹਾਨੂੰ ਇੰਨੀ ਹੀ ਤਨਖਾਹ ਮਿਲਦੀ ਹੈ ?

—ਨਗਰ ਪਾਲਿਕਾ ਦੇ ਪ੍ਰਧਾਨ ਨੇ ਮੈਨੂੰ ਇਸ ਗੱਲ ਦਾ ਪ੍ਰਮਾਣ-ਪੱਤਰ ਦਿੱਤਾ ਹੈ। ਇਸ ਪ੍ਰਾਰਥਨਾ ਪੱਤਰ ਦੇ ਨਾਲ ਨੱਥੀ ਹੈ। ਦੇਖੋ ਨਾ। ਉਸਨੇ ਬਹੁਤ ਨਰਮ ਹੋ ਕੇ ਕਿਹਾ ਅਤੇ ਪ੍ਰਾਰਥਨਾ ਪੱਤਰ ਨਾਲ ਨੱਥੀ ਕਾਗਜ਼ ਵੱਡੇ ਬਾਬੂ ਨੂੰ ਦਿਖਾਉਣਾ ਚਾਹਿਆ।

—ਫਿਰ ਤੁਸੀਂ ਇਥੇ ਕਿਉਂ ਆਏ ਹੋ ? ਵੱਡੇ ਬਾਬੂ ਇਕ ਦਮ ਵਿਗੜ ਗਏ। ਜਾਉ ਇਸ ਪ੍ਰਮਾਣ-ਪੱਤਰ ਨਾਲ ਕੰਮ ਚਲ ਜਾਊਗਾ।

—ਇਸ ਨਾਲ ਕੰਮ ਨਹੀਂ ਚਲੂਗਾ ਵੱਡੇ ਬਾਬੂ ਉਸ ਦੇ ਲਈ ਪਿੰਡ ਦੇ ਸਰਪੰਚ ਬਲਾਕ ਵਿਕਾਸ ਅਫ਼ਸਰ ਜਾਂ ਅਫਸਰ ਦਵਾਰਾ ਦਿੱਤਾ ਗਿਆ ਪ੍ਰਮਾਣ ਪੱਤਰ ਲਾਜ਼ਮੀ ਹੈ। ਆਪ ਜੀ ਕ੍ਰਿਪਾ ਕਰ ਦੇਵੋ—

—ਤਾਂ ਫਿਰ ਜਾਓ। ਵੱਡੇ ਬਾਬੂ ਵਿਚੋਂ ਹੀ ਗਰਜ ਪਏ। ਜਾਂ ਕੇ ਆਪਣੇ ਸਰਪੰਚ ਤੋਂ ਲਿਖਵਾ ਲਉ। ਮੇਰਾ ਸਮਾਂ ਕਿਉਂ ਬਰਬਾਦ ਕਰਦੇ ਹੋ ? ਉਨ੍ਹਾਂ ਨੇ ਪ੍ਰਾਰਥਨਾ-ਪੱਤਰ ਟੇਬਲ ਦੇ ਇਕ ਖੂੰਜੇ 'ਚ ਵਗਾਹ ਕੇ ਮਾਰਿਆ। ਟੇਬਲ ਤੋਂ ਫਿਸਲ ਕੇ ਉਹ ਜ਼ਮੀਨ 'ਤੇ ਡਿਗ ਪਿਆ।

—ਪਰ ਬੜੇ ਬਾਬੂ, ਮੇਰਾ ਤਾਂ ਕੋਈ ਸਰਪੰਚ ਨਹੀਂ, ਜਿਸ ਤੋਂ ਲਿਖਵਾ ਲਿਆਵਾਂ। ਉਸ ਨੇ ਜ਼ਮੀਨ ਤੋਂ ਆਪਣਾ ਪ੍ਰਾਰਥਨਾ-ਪੱਤਰ ਉਠਾਉਂਦਿਆਂ ਕਿਹਾ।

—ਤੁਸੀਂ ਅਜੀਬ ਆਦਮੀ ਹੋ, ਸਾਹਬ ਵੱਡੇ ਬਾਬੂ ਕੜਕ ਕੇ ਕਹਿੰਦੇ ਨੇ ਮੇਰਾ ਕੋਈ ਸਰਪੰਚ ਨਹੀਂ। ਕਿਤੇ ਤਾਂ ਆਪਦਾ ਘਰ ਹੋਏਗਾ ? ਪਿੰਡੇ ਜਾਂ ਸ਼ਹਿਰ ਜਿਥੇ ਵੀ ਘਰ ਹੋਵੇ, ਉਥੋਂ ਦੇ ਸਰਪੰਚ ਜਾਂ ਬੀ. ਡੀ. ਓ. ਤੋਂ

ਲਿਖਵਾ ਲਉ, ਨਹੀਂ ਲਿਖਵਾ ਸਕਦੇ ਤਾਂ ਘਰ ਜਾ ਕੇ ਅਰਾਮ ਨਾਲ ਸੌਂਵੋ। ਮੇਰਾ ਸਿਰ ਕਿਉਂ ਖਾ ਰਹੇ ਹੋ? ਵੱਡੇ ਬਾਬੂ ਨੇ ਇਸ ਵਾਰ ਆਪਣੀ ਵੱਲੋਂ ਜਿਵੇਂ ਗਲਬਾਤ ਖ਼ਤਮ ਕਰਦਿਆਂ ਕਿਹਾ ਅਤੇ ਜ਼ੋਰ ਨਾਲ ਕਰਸੀ ਪਿੱਛੇ ਖਿਸਕ ਕੇ ਖੜੇ ਹੋ ਗਏ—ਸੀਤਾ ਰਾਮ ਉਨ੍ਹਾਂ ਨੇ ਹਵਾ ਵਿਚ ਇਕ ਨਾਂ ਜ਼ੋਰ ਨਾਲ ਉਛਾਲਿਆ

—ਪਰ ਮੇਰਾ ਤੇ ਕੋਈ ਘਰ ਨਹੀਂ ਹੈ। ਸ਼ਹਿਹ ਜਾਂ ਪਿੰਡ ਕਿਤੇ ਵੀ ਨਹੀਂ। ਮੈਂ ਕਿਥੋਂ ਦੇ ਸਰਪੰਚ ਜਾਂ ਬੀ. ਡੀ. ਓ ਤੋਂ ਲਿਖਵਾਵਾਂ? ਬਹੁਤ ਦਿਨਾਂ ਤੋਂ ਇਸੇ ਸ਼ਹਿਰ ਵਿਚ ਰਹਿੰਦਾ ਹਾਂ ਇਸੇ ਲਈ ਇਥੋਂ ਦੇ ਮਾਲੀਆਂ ਅਫ਼ਸਰ ਤੋਂ ਲਿਖਵਾਉਣਾ ਚਾਹੁੰਦਾ ਹਾਂ। ਨਰਾਜ਼ ਨਾ ਹੋਵੇ, ਵੱਡੇ ਬਾਬੂ! ਮੈਂ ਝੂਠ ਨਹੀਂ ਬੋਲ ਰਿਹਾ।

ਉਸ ਦੀ ਗੱਲ ਸੁਣ ਕੇ ਵੱਡੇ ਬਾਬੂ ਧੜੱਮ ਦੇਵੇ ਕੁਰਸੀ ਉੱਤੇ ਬੈਠ ਗਏ ਅਤੇ ਚੀਕ ਪਏ—ਕੀ ਕਿਹਾ? ਆਪ ਦਾ ਕੋਈ ਘਰ ਨਹੀਂ ਹੈ? ਮੈਨੂੰ ਬੇਵਕੂਫ਼ ਬਣਾਉਣ ਆਏ ਹੋ?

ਉਸ ਨੇ ਵੇਖਿਆ ਵੱਡੇ ਬਾਬੂ ਦਾ ਚੀਖਣਾ ਸੁਣ ਕੇ ਦਫ਼ਤਰ ਦੇ ਸਾਰੇ ਹੀ ਲੋਕ ਉਸ ਨੂੰ ਹੈਰਾਨੀ ਨਾਲ ਵੇਖ ਰਹੇ ਸਨ। ਵੱਡੇ ਬਾਬੂ ਬਲੀ ਜਾ ਰਿਹਾ ਸੀ। ਨਿਰਮਲ ਬਾਬੂ ਸ਼ਰਮਾ ਜੀ! ਜਰਾ ਆਪ ਲੋਕ ਵੀ ਸੁਣ ਲਉ ਇਹ ਬੀ. ਏ. ਪਾਸ ਨੇ। ਨਗਰ ਪਾਲਿਕ ਵਿਚ ਕਲਰਕ ਨੇ, ਕਹਿੰਦੇ ਨੇ ਮੇਰਾ ਕਿਤੇ ਘਰ ਨਹੀਂ ਹੈ। ਜਿਵੇਂ ਹਿੰਦੂਸਤਾਨ ਦਾ ਸਭ ਤੋਂ ਵੱਡਾ ਬੇਵਕੂਫ਼ ਮਾਲੀਆਂ ਦਫ਼ਤਾਰ ਦਾ ਇਹ ਹੈੱਡ ਕਲਰਕ ਹੀ ਹੋਵੇ! ਅਤੇ ਵੱਡੇ ਬਾਬੂ ਨੇ ਇਕ ਜ਼ੋਰਦਾਰ ਠਹਾਕਾ ਲਗਾਇਆ।

ਉਸ ਨੂੰ ਲੱਗਿਆ ਜਿਵੇਂ ਵੱਡੇ ਬਾਬੂ ਨੇ ਉਸ ਨੂੰ ਆਪਣੇ ਘਰ ਵਿਚ ਚੋਰੀ ਕਰਦਿਆ ਪਕੜ ਲਿਆ ਹੋਵੇ। ਅਤੇ ਉਨੇ ਲੋਕਾਂ ਦੇ ਵਿਚ ਉਸ ਨੂੰ ਨੰਗਾ ਕਰ ਦਿੱਤਾ ਹੋਵੇ ਅਤੇ ਆਪਣੇ ਵਲੋਂ ਦਿੱਤੀ ਹੋਈ ਉਸ ਸਜ਼ਾ ਉੱਤੇ ਹਾਕਾ ਲੱਗਾ ਕੇ ਹੱਸ ਰਹੇ ਹੋਣ।

—ਯਕੀਨ ਕਰੋ ਵੱਡੇ ਬਾਬੂ! ਮੈਂ ਸੱਚ ਕਹਿ ਰਿਹਾ ਹਾਂ। ਉਸ ਨੇ ਇਕ ਵਾਰ ਫਿਰ ਉਨ੍ਹਾਂ ਨੂੰ ਵਿਸ਼ਵਾਸ ਦਿਵਾਉਣ ਦੀ ਕੋਸ਼ਿਸ਼ ਕੀਤੀ।

—ਕੀ ਮਜ਼ਾਕ ਕਰਦੇ ਹੋ, ਸਾਹਬ! ਵੱਡੇ ਬਾਬੂ ਫਿਰ ਚਿਲਾਏ। ਬਈ ਕਿਤੇ ਤਾਂ ਘਰ ਹੋਵੇਗਾ ਹੀ। ਕੀ ਤੁਸੀਂ ਬਿਨਾਂ ਘਰ ਦੇ ਹੀ ਪੈਦਾ ਹੋਏ ਸੀ?

—ਹੁਣ ਮੈਂ ਤੁਹਾਨੂੰ ਕਿਵੇਂ ਸਮਝਾਵਾਂ?

—ਤੁਸੀਂ ਮੈਨੂੰ ਕੀ ਸਮਝਾਉਗੇ! ਮੈਟ੍ਰਿਕ ਪਾਸ ਹਾਂ, ਪਰ ਤੁਹਾਡੇ ਵਰਗੇ ਕਿੰਨੇ ਬੀ. ਏ. ਐਮ. ਏ. ਨੂੰ ਰੋਜ਼ ਚਰਾਉਂਦਾ ਹਾਂ। ਮੈਂ ਇਹ ਕਿਵੇਂ ਸਮਝ ਲਵਾਂ ਕਿ ਤੁਹਾਡਾ ਕੋਈ ਘਰ ਨਹੀਂ ਹੈ? ਤੁਸੀਂ ਨੌਕਰੀ ਦਾ ਫ਼ਾਰਮ ਭਰਿਆ ਹੋਵੇਗਾ, ਸਕੂਲ ਕਾਲਜ ਵਿਚ ਫ਼ਾਰਮ ਭਰੇ ਹੋਣਗੇ। ਕੀ ਤੁਸੀਂ ਇਨ੍ਹਾਂ ਵਿਚ ਘਰ ਦਾ ਕੋਈ ਸਥਾਈ ਪਤਾ ਨਹੀਂ ਲਿਖਿਆ ਸੀ? ਮੈਂ ਇਹ ਕਿਵੇਂ ਮੰਨ ਲਵਾਂ ਕਿ ਆਦਮੀ ਦਾ ਕੋਈ 'ਸਥਾਈ ਪਤਾ ਨਹੀਂ' ਹੁੰਦਾ? ਕੀ ਤੁਸੀਂ ਬਿਨਾਂ ਕਿਸੇ ਸਥਾਈ ਪਤੇ ਦੇ ਹੀ ਪੈਦਾ ਹੋਏ ਸੀ? ਦੁਨੀਆਂ ਦਾ ਸਭ ਤੋਂ ਵੱਡਾ ਮੂਰਖ ਕੀ ਮੈਨੂੰ ਹੀ ਸਮਝਦੇ ਹੋ ਤੁਸੀਂ? ਮੈਂ ਹੋਰ, ਕੁਝ ਨੀ ਸਮਝਣਾ ਜਾ ਕੇ ਮਾਲੀਆ ਅਫ਼ਸਰ ਨੂੰ ਹੀ ਆਪਣੀ ਗੱਲ ਸਮਝਾਉ। ਉਹ ਵੀ ਤੁਹਾਡੀ ਤਰਾਂ ਹੀ ਬੀ ਏ. ਪਾਸ ਨੇ। ਛੇਤੀ ਸਮਝ ਜਾਣਗੇ: ਸੀਤਾ ਰਾਮ... ਪਤਾ ਨਹੀਂ ਰਹਿ-ਰਹਿ ਕੇ ਇਹ ਕਿੱਥੇ ਭੱਜ ਜਾਂਦਾ ਹੈ।"

—ਠੀਕ ਹੈ. ਵੱਡੇ ਬਾਬੂ! ਮੈਂ ਆਪ ਚਲਾ ਜਾਂਦਾ ਹਾਂ ਪਰ ਆਦਮੀ ਬਿਨਾਂ ਘਰ ਤੋਂ ਵੀ ਹੋ ਸਕਦਾ ਹੈ ਇਹ ਸਮਝਣਾ ਜਿੰਨਾ ਮੁਸ਼ਕਲ ਹੈ, ਸਮਝਾਉਣਾ ਉਸ ਤੋਂ ਕੁਝ ਘਟ ਮੁਸ਼ਕਲ ਨਹੀਂ। ਉਸ ਨੇ ਕਿਹਾ ਅਤੇ ਉਥੋਂ ਮੁੜ ਪਿਆ। ਉਸ ਨੇ ਆਪਣੇ ਪਿੱਛੇ ਸੁਣਿਆ, ਵੱਡੇ ਬਾਬੂ ਨੇ ਕੋਈ ਭੱਦਾ ਜਿਹਾ ਸ਼ਬਦ ਕਿਹਾ ਸੀ ਅਤੇ ਠਹਾਕਾ ਮਾਰ ਕੇ ਹੱਸ ਪਏ ਸਨ।

× × ×

ਦਫ਼ਤਰ ਤੋਂ ਨਿਕਲ ਕੇ ਉਹ ਵਰਾਂਡੇ ਵਿਚ ਆ ਗਿਆ। ਵਰਾਂਡੇ ਦੇ ਆਖਰੀ ਕਮਰੇ ਦੇ ਦਰਵਾਜ਼ੇ ਉਤੇ ਉਸ ਨੇ ਮਾਲ-ਅਫ਼ਸਰ ਦਾ ਨਾਂ ਪੜ੍ਹਿਆ। ਦਰਵਾਜ਼ੇ ਉਤੇ ਹਥ-ਖੱਡੀ ਦਾ ਇਕ ਸੁੰਦਰ ਪਰਦਾ ਲਗਿਆ ਹੋਇਆ ਸੀ। ਸਟੂਲ 'ਤੇ ਇਕ ਚਪੜਾਸੀ ਜ਼ਰਦਾ ਮਸਲ ਰਿਹਾ ਸੀ।

—ਸਾਹਬ ਅੰਦਰ ਨੇ? ਓਸ ਨੇ ਚਪੜਾਸੀ ਨੂੰ ਪੁਛਿਆ।

—ਕੀ ਕੰਮ ਏ? ਚਪੜਾਸੀ ਨੇ ਰੁਖੇਪਣ ਨਾਲ ਸਵਾਲ ਕੀਤਾ ਅਤੇ ਪੱਟ ਪੱਟ ਕਰਕੇ ਜਰਦੇ 'ਤੇ ਦੋ ਧੱਫੇ ਜਮਾਏ।

ਇਕ ਜ਼ਰੂਰੀ ਕੰਮ ਹੈ, ਉਹ ਕਹਿਣ ਲਗਿਆ ਸੀ ਪਰ ਤਦੇ ਹੀ ਜ਼ਰਦੇ ਦੀ ਗਰਦ ਉਡ ਕੇ ਉਸ ਦੇ ਨੱਕ ਵਿਚ ਪੈ ਗਈ। ਉਸ ਨੂੰ ਬਹੁਤ ਜ਼ੋਰ ਦੀ ਛਿੱਕ ਆ ਗਈ। ਉਹ ਬੋਲ ਨਹੀਂ ਸਕਿਆ।

ਭਾਈ ਜ਼ਰਾ ਉਨ੍ਹਾਂ ਨੂੰ ਮਿਲਣਾ ਹੈ, ਉਸ ਨੇ ਛਿੱਕ ਵਾਲੇ ਅਫ਼ਸਰ ਤੋਂ ਲਾਭ ਉਠਾ ਕੇ ਆਪਣੀ ਭਾਸ਼ਾ ਨੂੰ ਸੁਧਾਰ ਕੇ ਕਿਹਾ। ਉਸ ਨੂੰ ਉਸ ਸਾਵਧਾਨੀ ਦਾ ਫ਼ੌਰਨ ਹੀ ਲਾਭ ਵੀ ਮਿਲਿਆ।

ਜ਼ਰਾ ਠਹਿਰ ਜਾਓ। ਤਿੰਨ ਚਾਰ ਬੰਦੇ ਅੰਦਰ ਬੈਠੇ ਨੇ। ਉਨ੍ਹਾਂ ਦੇ ਨਿਕਲਣ ਤੋਂ। ਚਪੜਾਸੀ ਨੇ ਕਿਹਾ ਅਤੇ ਜ਼ਰਦੇ ਨੂੰ ਚੁੱਟਕੀ ਵਿਚ ਰੱਖ ਕੇ ਬੁਲ ਦੇ ਅੰਦਰ ਰਖ ਲਿਆ

ਉਹ ਵਰਾਂਡੇ ਵਿਚ ਚਹਿਲ ਕਦਮੀ ਕਰਨ ਲਗਿਆ

ਇਕ ਵਾਰ ਇਸ ਖੂੰਜੇ ਤੋਂ ਉਸ ਖੂੰਜੇ ਤੱਕ ਟਹਿਲ ਲੈਣ ਦੇ ਬਾਦ ਉਹ ਪੌੜੀਆਂ ਦੇ ਕੋਲ ਜਾ ਕੇ ਖੜਾ ਹੋ ਗਿਆ। ਸਾਹਮਣੇ ਮੈਦਾਨ ਵਿਚ ਬਿਖਰੇ ਪਲਾਸ਼ ਦੇ ਫੁੱਲਾਂ ਨੂੰ ਵੇਖਕੇ ਉਸਨੇ ਇਕ ਵਾਰ ਫਿਰ ਨਿਸ਼ਚਾ ਕੀਤਾ ਕਿ ਇਕ ਦਿਨ ਉਹ ਜ਼ਰੂਰ ਇਥੋਂ ਇਕ ਝੋਲਾ ਫੁੱਲ ਚੁਗ ਕੇ ਲੈ ਜਾਏਗਾ। ਪਰ ਪਹਿਲਾਂ ਅੱਜ ਉਸ ਦਾ ਕੰਮ ਤਾਂ ਹੋ ਜਾਵੇ। ਉਸ ਨੇ ਅਨੇਕਾਂ ਵਾਰ ਕੀਤੀ ਹੋਈ ਕਲਪਨਾ ਇਕ ਵਾਰ ਫਿਰ ਮਨ ਵਿਚ ਦੁਹਰਾਈ। ਮਾਲੀਆ ਅਫਸਰ ਜੇ ਉਸ ਨੂੰ ਆਮਦਨ ਸਰਟੀਫੀਕੇਟ ਦੇ ਦਿੰਦੇ ਹਨ ਤਾਂ ਉਸ ਦੀ ਮਨੂ ਨੂੰ ਦਸ ਰੁਪਏ ਮਹੀਨੇ ਦਾ ਵਿਦਿਆਰਥੀ ਵਜ਼ੀਫਾ ਜ਼ਰੂਰ ਮਿਲ ਜਾਵੇਗਾ। ਮਹੀਨੇ ਵਿਚ ਦਸ ਰੁਪਏ ਉਸ ਦੇ ਲਈ ਕਿੰਨੀ ਵੱਡੀ ਚੀਜ਼ ਹੈ। ਉਨਾਂ ਪੈਸਿਆਂ ਨਾਲ ਉਹ ਮਨੂ ਦੀ ਪੜ੍ਹਾਈ ਲਈ ਬਹੁਤ ਕੁਝ ਕਰ ਸਕੇਗਾ। ਫਿਰ ਕਿਤਾਬਾਂ ਅਤੇ ਕਾਪੀਆਂ ਵਰਗੀਆਂ ਜ਼ਰੂਰੀ ਚੀਜ਼ਾਂ ਦੇ ਲਈ ਵੀ ਉਸ ਨੂੰ ਮਨੂ ਨੂੰ ਮਹੀਨਿਆਂ ਬੱਧੀ ਟਾਲਦੇ ਰਹਿਣਾ ਨਹੀਂ ਪਵੇਗਾ।

ਚਲੋ, ਬਾਬੂ ਸਾਹੇਬ! ਚਪੜਾਸੀ ਨੇ ਉਸ ਨੂੰ ਬੁਲਾਇਆ। ਉਸ ਨੇ ਘੁੰਮ ਕੇ ਵੇਖਿਆ। ਮਾਲ ਅਫਸਰ ਦੇ ਕਮਰੇ ਵਿਚੋਂ ਤਿੰਨ ਚਾਰ ਆਦਮੀ ਬਾਹਰ ਨਿਕਲ ਰਹੇ ਸਨ। ਉਹ ਮੁੜ ਕੇ ਚਪੜਾਸੀ ਦੇ ਕੋਲ ਚਲਿਆ ਗਿਆ।

—ਕੀ ਕੰਮ ਐ? ਚਪੜਾਸੀ ਨੇ ਪੁੱਛਿਆ।

ਉਸ ਨੇ ਪ੍ਰਾਰਥਨਾ-ਪੱਤਰ ਚਪੜਾਸੀ ਦੇ ਹੱਥ ਵਿਚ ਫੜਾਉਂਦਿਆਂ ਕਿਹਾ—ਇਸ ਨੂੰ ਸਾਹਬ ਦੇ ਕੋਲ ਪਹੁੰਚਾ ਦਿਉ।

ਪ੍ਰਾਰਥਨਾ-ਪੱਤਰ ਲੈ ਕੇ ਚਪੜਾਸੀ ਅੰਦਰ ਚਲਿਆ ਗਿਆ। ਉਹ ਬਾਹਰ ਖਲੋਤਿਆਂ ਮਾਲ ਅਫ਼ਸਰ ਨਾਲ ਹੋਣ ਵਾਲੇ ਸੰਭਾਵਤ ਵਾਰਤਾਲਾਪ ਵਿਚ ਆਪਣੇ ਵੱਲੋਂ ਕਹੇ ਜਾਣ ਵਾਲੇ ਵਾਕਾਂ ਨੂੰ ਮਨ ਹੀ ਮਨ ਦੁਹਰਾ ਗਿਆ।

—ਅੰਦਰ ਜਾਈਂ, ਚਪੜਾਸੀ ਨੇ ਬਾਹਰ ਆ ਕੇ ਉਸ ਨੂੰ ਕਿਹਾ ਤਾਂ ਉਹ ਪਰਦਾ ਹਟਾ ਕੇ ਅੰਦਰ ਚਲਾ ਗਿਆ।

ਅੰਦਰ ਜਾ ਕੇ ਉਹ ਅਚਾਨਕ ਠਠੰਬਰ ਗਿਆ। ਮਾਲ-ਅਫ਼ਸਰ ਦੀ ਰੋਹਬ ਵਾਲੀ ਸ਼ਖਸ਼ੀਅਤ ਅਤੇ ਉਸ ਦੇ ਲਿਬਾਸ ਦੀ ਭੜਕੀਲੀ ਪ੍ਰਭਤਾ ਨੇ ਜਿਵੇਂ ਉਸ ਦੀ ਹੋਂਦ ਨੂੰ ਇਕੋ ਵਾਰੀ ਹੀ ਨਿਗਲ ਲਿਆ ਉਸ ਨੇ ਹੱਥ ਜੋੜ ਕੇ ਉਨ੍ਹਾਂ ਨੂੰ ਪ੍ਰਣਾਮ ਕੀਤਾ। ਪਰ ਉਹ ਮੂੰਹ ਤੋਂ ਕੁਝ ਵੀ ਨਹੀਂ ਬੋਲ ਸਕਿਆ।

—ਬੈਠੋ! ਮਾਲ-ਅੰਫ਼ਸਰ ਨੇ ਇਕ ਕੁਰਸੀ ਵੱਲ ਇਸ਼ਾਰਾ ਕਰਕੇ ਕਿਹਾ।

—ਜੀ, ਠੀਕ ਐ, ਉਹ ਬਹੁਤ ਮੁਸ਼ਕਲ ਨਾਲ ਬੋਲਿਆ ਅਤੇ ਖੜਾ ਰਿਹਾ।

—ਬੈਠੋ ਨਾ, ਉਨ੍ਹਾਂ ਨੇ ਫਿਰ ਕਿਹਾ, ਤੁਸੀਂ ਨਗਰ ਪਾਲਿਕਾ ਵਿਚ ਕੰਮ ਕਰਦੇ ਹੋ?

—ਜੀ ਹਾਂ, ਉਸ ਨੇ ਉੱਤਰ ਦਿੱਤਾ। ਉਹ ਹੁਣ ਵੀ ਖੜਾ ਸੀ ਤੇ ਹੌਲੀ ਹੌਲੀ ਆਮ ਵਾਂਗ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ।

—ਕਿੰਨੇ ਚਿਰ ਤੋਂ?

—ਦਸ ਸਾਲਾਂ ਤੋਂ।

—ਕੀ ਤੁਸੀਂ ਚੇਅਰਮੈਨ ਝਾਅ ਸਾਹਬ ਦੇ ਆਦਮੀ ਹੋ? ਉਨ੍ਹਾਂ ਨੇ ਅਚਾਨਕ ਪੁੱਛਿਆ ਤਾਂ ਉਹ ਫਿਰ ਭੌਰ ਭੌਰ ਹੋ ਗਿਆ ਕਾਹਲੀ ਵਿਚ ਉਸ ਤੋਂ ਕੁਝ ਫੈਸਲਾ ਨਹੀਂ ਹੋ ਰਿਹਾ ਸੀ ਕਿ ਉਨ੍ਹਾਂ ਨੂੰ ਹਾਂ ਕਰੇ ਜਾਂ ਨਾਂਹ। ਇਸ ਤਰ੍ਹਾਂ ਦੇ ਸਵਾਲ ਦੀ ਤਾਂ ਉਸ ਨੇ ਕਲਪਣਾ ਹੀ ਨਹੀਂ ਕੀਤੀ ਸੀ।

—ਉਨ੍ਹਾਂ ਦਾ ਆਦਮੀ ਹਾਂ, ਅਜਿਹੀ ਕੋਈ ਖ਼ਾਸ ਗੱਲ ਤਾਂ ਨਹੀਂ ਹੈ। ਵੈਸੇ ਮੇਰੇ ਸਵਰਗੀ ਪਿਤਾ ਉਨ੍ਹਾਂ ਦੇ ਪੁਰੋਹਤ ਸਨ, ਉਨ੍ਹਾਂ ਕਿਹਾ।

ਅੱਛਾ, ਮੇਰੇ ਤਕ ਕੀ ਕੰਮ ਹੈ?

—ਸਰ, ਮੇਰੀ ਬੇਟੀ ਸਰਕਾਰੀ ਵਜ਼ੀਫੇ ਲਈ ਅਪਲਾਈ ਕਰਨਾ ਚਾਹੁੰਦੀ ਹੈ। ਉਸ ਦੇ ਪ੍ਰਾਰਥਨਾ-ਪੱਤਰ ਦੇ ਨਾਲ ਮਾਲ-ਅਫਸਰ ਵਲੋਂ ਸਰਪ੍ਰਸਤ ਨੂੰ ਦਿਤੇ ਗਏ ਆਮਦਨ ਸਰਟੀਫੀਕੇਟ ਦਾ ਹੋਣਾ ਜ਼ਰੂਰੀ ਹੈ। ਮੈਂ ਤੁਹਾਥੋਂ ਆਪਣੀ ਆਮਦਨ ਦਾ ਪ੍ਰਮਾਣ-ਪੱਤਰ ਚਾਹੁੰਦਾ ਹਾਂ। ਸਰ. ਹੁਣ ਉਹ ਕੁਝ ਆਪਣੀ ਗਰੀਬੀ ਦੀ ਗੱਲ ਕਰਨੀ ਚਾਹੁੰਦਾ ਸ਼ੀ ਪਰ ਉਸਨੂੰ ਲੱਗਿਆ ਜਿਵੇਂ ਉਸ ਦੇ ਗਲ ਵਿਚ ਅਚਾਨਕ ਖੰਘ ਫਸ ਗਈ ਹੋਵੇ। ਓਹ ਇਕ ਵਾਰ ਚੰਗੀ ਤਰ੍ਹਾਂ ਖੰਘ ਕੇ ਗਲਾ ਸਾਫ਼ ਕਰ ਲੈਣਾ ਚਾਹੁੰਦਾ ਸੀ, ਪਰ ਇਹ ਸੋਚ ਕੇ ਕਿ ਅਜਿਹਾ ਕਰਨਾ ਅਸਭਿਅਤਾ ਹੋਵੇਗੀ, ਉਹ ਚੁੱਪ ਰਿਹਾ।

—ਦੇਖੋ ਮਿਸਟਰ ਝਾਅ, ਮੈਂ ਤਾਂ ਤੁਹਾਨੂੰ ਬਿਲਕੁਲ ਨਹੀਂ ਜਾਣਦਾ। ਫਿਰ ਮੈਂ ਤੁਹਾਡੀ ਆਮਦਨ ਦੇ ਬਾਰੇ ਕੋਈ ਪ੍ਰਮਾਣ-ਪੱਤਰ ਕਿਵੇਂ ਦੇ ਸਕਦਾ ਹਾਂ। ਉਨ੍ਹਾਂ ਨੇ ਸਵਾਲ ਕੀਤਾ।

—ਸਰ ਨਗਰਪਾਲਿਕਾ ਦੇ ਪ੍ਰਧਾਨ ਨੇ ਮੈਨੂੰ ਮੇਰੀ ਸਾਲਾਨਾ ਤਨਖਾਹ ਦਾ ਪ੍ਰਮਾਣ-ਪੱਤਰ ਦਿੱਤਾ ਹੈ। ਇਸ ਦੇ ਨਾਲ ਨੱਥੀ ਹੈ। ਉਸ ਨੂੰ ਆਪਣੇ ਪ੍ਰਾਰਥਨਾ-ਪੱਤਰ ਵਲ ਇਸ਼ਾਰਾ ਕੀਤਾ।

—ਉਹ ਮੈਂ ਵੇਖਿਆ ਹੈ, ਪਰ ਇਹ ਤਾਂ ਸਿਰਫ ਤੁਹਾਡੀ ਤਨਖਾਹ ਦਾ ਪ੍ਰਮਾਣ-ਪੱਤਰ ਹੈ। ਤੁਹਾਡੀ ਖੇਤੀ-ਬਾੜੀ ਹੋ ਸਕਦੀ ਹੈ, ਤੁਹਾਡੀ ਕੋਈ ਹੋਰ ਆਮਦਨ ਹੋ ਸਕਦੀ ਹੈ।ਮੈਂ ਉਸ ਬਾਰੇ ਕੀ ਜਾਣਦਾ ਹਾਂ। ਤੁਸੀਂ ਆਪਣੇ ਪਿੰਡ ਦੇ ਸਰਪੰਚ ਤੋਂ ਲਿਖਵਾਕੇ ਲਿਆਉ, ਫਿਰ ਮੈਂ ਤੁਹਾਨੂੰ

ਪ੍ਰਮਾਣ-ਪਤਰ ਦੇ ਦਿਆਂਗਾ। ਸਾਹਬ ਨੇ ਕਿਹਾ ਅਤੇ ਪ੍ਰਰਥਨਾ ਪੱਤਰ ਉਸ ਵਲ ਵਧਾ ਦਿੱਤਾ।

—ਸਰ, ਮੈਂ ਤਾਂ ਇਥੇ ਹੀ ਰਹਿੰਦਾ ਹਾਂ। ਸਰਪੰਚ ਤੋਂ ਕਿੱਥੋਂ ਲਿਵਾਵਾਂ ? ਉਹ ਬੋਲਿਆ।

—ਤੁਸੀਂ ਇਥੇ ਹੀ ਰਹਿੰਦੇ ਹੋ ਤਾਂਕੀ ਮੈਂ ਤੁਹਾਡੀ ਥਾਂ ਤੁਹਾਡੇ ਪਿੰਡ ਜਾ ਕੇ ਲਿਖਵਾ ਲਿਆਵਾਂ ? ਉਨ੍ਹਾਂ ਨੇ ਉਸ ਨੂੰ ਝਿੜਕਿਆ।

—ਸਰ ਯਕੀਨ ਕਰੋ, ਮੇਰਾ ਕੋਈ ਪਿੰਡ ਨਹੀਂ, ਕੋਈ ਘਰ ਨਹੀਂ, ਮੈਂ ਬੇਘਰ ਤੇ ਬੇਜ਼ਮੀਨ ਹਾਂ।

—ਕੀ ? ਉਨ੍ਹਾਂ ਨੇ ਅੱਖਾਂ ਪਾੜ ਕੇ ਪੁੱਛਿਆ। ਤੁਹਾਡੇ ਬਾਪ-ਦਾਦਾ ਦਾ ਕਿਤੇ ਤਾਂ ਘਰ ਹੋਵੇਗਾ ਨਾ ?

—ਜੀ ਹਾਂ, ਸੀ। ਬਾਪ ਦਾ ਨਹੀਂ ਦਾਦੇ ਦਾ, ਜੋ ਅਜ ਤੋਂ ਪੰਜਤਾਲੀ ਸਾਲ ਪਹਿਲਾਂ ਪਿੰਡ ਵਿਚ ਪਏ ਕਾਲ ਵਿਚ ਪ੍ਰਵਾਰ ਦੀ ਜਾਨ ਬਚਾਉਣ ਦੇ ਕੰਮ ਆ ਗਿਆ। ਤਦ ਤੋਂ ਦਾਦੇ ਦੀਆਂ ਅਗਲੀਆਂ ਪੀੜੀਆਂ ਦੇ ਹਿੱਸੇ ਵਿਚ ਇਕ ਟੁੱਕੜਾ ਅਸਮਾਨ ਹੀ ਮਿਲਿਆ ਹੋਇਆ ਹੈ।

—ਮਾਲ-ਅਫਸਰ ਇਕ ਦਮ ਕੁਝ ਬੋਲ ਨਾ ਸਕੇ। ਉਨ੍ਹਾਂ ਨੇ ਪਲ ਭਰ ਕੁਝ ਸੋਚਿਆ, ਫਿਰ ਬੋਲੇ ਦੇਖੋ ਮਿਸਟਰ ਝਾਅ। ਮੈਨੂੰ ਤੁਹਾਡੇ ਨਾਲ ਪੂਰੀ ਹਮਦਰਦੀ ਹੈ। ਪਰ ਸਿਰਫ ਹਮਦਰਦੀ ਨਾਲ ਕੀ ਹੁੰਦਾ ਹੈ ! ਮੈਂ ਲਾਚਾਰ ਹਾਂ ਸਰਕਾਰੀ ਨਿਯਮ ਹੀ ਕੁਝ ਅਜਿਹਾ ਹੈ ਕਿ ਮੈਂ ਚਾਹੁੰਦਿਆਂ ਹੋਇਆਂ ਵੀ ਤੁਹਾਡੀ ਮਦਦ ਨਹੀਂ ਕਰ ਸਕਦਾ। ਤੁਸੀਂ ਇਉਂ ਕਰੋ ਕਿ ਆਪਣੇ ਬਾਬੇ ਵਾਲੇ ਪਿੰਡ ਵਿਚ ਜਾਉ ਅਤੇ ਉਥੇ ਦੇ ਸਰਪੰਚ ਤੋਂ ਜੋ ਕੁਝ ਆਪ ਨੇ ਕਿਹਾ ਹੈ, ਲਿਖਵਾ ਕੇ ਲੈ ਆਉ। ਫਿਰ ਮੈਂ ਤੁਹਾਡੀ ਮਦਦ ਕਰ ਦਿਆਂਗਾ।

—ਪਰ ਉਹ ਤਾਂ ਮੈਨੂੰ ਪਛਾਣਨਗੇ ਹੀ ਨਹੀਂ। ਮੈਂ ਤਾਂ ਉਸ ਪਿੰਡ ਦਾ ਸਿਰਫ ਨਾਂ ਹੀ ਸੁਣਿਆ ਹੈ। ਸਰ, ਮੇਰੇ ਪਿਤਾ ਪਿਛਲੇ ਚਾਲੀ ਸਾਲਾਂ ਤੋਂ ਇਸੇ ਸ਼ਹਿਰ ਵਿਚ ਰਹਿੰਦੇ ਆ ਰਹੇ ਹਨ। ਜੀਵਨ ਭਰ ਉਨ੍ਹਾਂ ਨੇ ਪੁਰੋਹਿਤੀ ਕੀਤੀ ਅਤੇ ਕ੍ਰਿਸ਼ਨ ਮੰਦਰ ਵਿਚ ਪ੍ਰਵਾਰ ਸਮੇਤ ਰਹੇ। ਉਹ ਸਵਰਗਵਾਸ ਹੋਏ ਤਾਂ ਮੇਰੀ ਮਾਂ ਅਤੇ ਮੇਰੇ ਪ੍ਰਵਾਰ ਨੂੰ ਮੰਦਰ ਵਾਲਿਆਂ ਨੇ ਉਥੋਂ ਕੱਢ ਦਿੱਤਾ। ਪਿਛਲੇ ਦੋ ਸਾਲਾਂ ਤੋਂ ਅਸੀਂ ਲੱਕ ਕਿਰਾਏ ਦੇ ਇਕ ਖੰਡਰ ਵਿਚ ਰਹਿ ਰਹੇ ਹਾਂ...

—ਫਿਰ ਤੁਸੀਂ ਇਉਂ ਕਰੋ। ਉਹ ਹਾਲੀ ਕੁਝ ਹੋਰ ਕਹਿੰਦਾ ਕਿ ਮਾਲੀਆਂ ਅਫ਼ਸਰ ਨੇ ਵਿਚੋਂ ਹੀ ਕਹਿਣਾ ਸ਼ੁਰੂ ਕੀਤਾ.. ਸ਼ਹਿਰੀ ਖੇਤਰ ਰਾਮ ਪੁਰ ਬਲਾਕ ਵਿਕਾਸ ਅਧਿਕਾਰੀ ਦੇ ਅਧੀਨ ਪੈਂਦਾ ਹੈ। ਤੁਸੀਂ ਉਨ੍ਹਾਂ ਤੋਂ ਲਿਖਵਾ ਕੇ ਲੈ ਆਉ।

—ਸਰ ਉਹ ਮੈਨੂੰ ਜਾਣਦੇ ਨਹੀਂ। ਉੱਥੇ ਵੀ ਮੈਨੂੰ ਇਹ ਹੀ ਸਾਰੀਆਂ ਗੱਲਾਂ ਸੁਣਨ ਨੂੰ ਮਿਲਣਗੀਆਂ। ਉੱਥੇ ਜਾਣ ਆਉਣ ਵਿਚ ਚਾਰ-ਪੰਜ ਰੁਪਏ ਵੀ ਖ਼ਰਚ ਹੋ ਜਾਣਗੇ। ਮੈਨੂੰ ਉੱਥੇ ਨਾ ਭੇਜੋ, ਆਪ. ਹੀ ਮੇਰੇ ਤੇ ਕਿਰਪਾਲਤਾ ਕਰੋ। ਸਰ, ਜਿਸਦਾ ਕਿਤੇ ਘਰ ਨਹੀਂ, ਉਹ ਕਿਹੜੇ ਸਰਪੰਚ ਜਾਂ ਬਲਾਕ ਵਿਕਾਸ ਅਧਿਕਾਰੀ ਦੇ ਕੋਲ ਜਾਏਗਾ, ਤੁਸੀਂ ਹੀ ਦਸੋ।

—ਤਾਂ ਫਿਰ ਤੁਸੀਂ ਭਾਰਤ ਸਰਕਾਰ ਦੇ ਪੁਨਰਵਾਸ ਵਿਭਾਗ ਵਿਚ ਜਾਉ ਜਾਂ ਫਿਰ ਜਹਨਮ ਵਿਚ। ਮੈਂ ਤੁਹਾਡੇ ਲਈ ਕੁਝ ਵੀ ਨਹੀਂ ਕਰ ਸਕਦਾ। ਮਾਲੀਆ ਅਫਸਰ ਨੇ ਵਿਗੜ ਕੇ ਕਿਹਾ ਪ੍ਰਾਰਥਨਾ-ਪੱਤਰ ਉਸ ਵੱਲ ਸੁੱਟ ਦਿੱਤਾ।

—ਸਰ ਇਨਸਾਫ਼ ਕਰੋ। ਜਿਸ ਦਾ ਕੋਈ ਘਰ ਨਹੀਂ, ਕੋਈ ਜ਼ਮੀਨ ਨਹੀਂ, ਜਿਸ ਦੀ ਤਨਖਾਹ ਬਹੁਤ ਘੱਟ ਹੋਵੇ, ਉਸ ਗ਼ਰੀਬ ਦੇ ਬੱਚੇ ਨੂੰ ਪੜਨ ਲਈ ਚਾਰ ਪੈਸੇ ਦੀ ਸਹਾਇਤਾ ਵੀ ਨਹੀਂ ਮਿਲ ਸਕਦੀ ? ਪਰ...

—ਤੁਸੀਂ ਹੁਣ ਤਕ ਬੱਕ ਬੱਕ ਕਰੀ ਜਾ ਰਹੇ ਹੋ ! ਇਸ ਥਾਂ ਨੂੰ ਯੂਨੀਅਨ ਦਾ ਪਲੇਟਫਾਰਮ ਸਮਝਦੇ ਹੋ ? ਤੁਸੀਂ ਚਾਹੁੰਦੇ ਹੋ ਮੈਂ ਤੁਹਾਨੂੰ ਬਿਨਾਂ ਜਾਣੇ ਹੀ ਪ੍ਰਮਾਣ-ਪੱਤਰ ਦੇ ਦਿਆਂ ? ਮੈਨੂੰ ਧੋਖਾ ਦੇਣ ਆਏ ਹੋ ? ਧਰਮ ਸਿੰਘ ! ਉਨ੍ਹਾਂ ਨੇ ਜ਼ੋਰ ਨਾਲ ਪੁਕਾਰਿਆ ਅਤੇ ਟੇਬਲ ਤੇ ਰੱਖੀ ਕਾਲ ਬੈੱਲ ਦਬਾ ਦਿੱਤੀ ਟ੍ਰਿਨ, ਉਨ੍ਹਾਂ ਦੇ ਛੋਹਦਿਆਂ ਹੀ ਘੰਟੀ ਪੂਰੇ ਕਮਰੇ ਵਿਚ ਚੀਖ ਪਈ।

—ਹਜ਼ੂਰ ! ਚਪੜਾਸੀ ਦੌੜ ਕੇ ਅੰਦਰ ਆ ਗਿਆ। ਮਾਲੀਆ ਅਫ਼ਸਰ ਨੇ ਤਿੱਖੀਆਂ ਨਜ਼ਰਾਂ ਨਾਲ ਧਰਮ ਸਿੰਘ ਨੂੰ ਵੇਖਿਆ...ਧਰਮ ਸਿੰਘ ਨੇ ਸਾਹਬ ਦਾ ਸੰਕੇਤ ਸਮਝਿਆ। ਉਹ ਜ਼ਮੀਨ ਤੇ ਡਿੱਗੇ ਆਪਣੇ ਪ੍ਰਾਰਥਨਾ-ਪੱਤਰ ਨੂੰ ਚੁੱਕ ਕੇ ਜਿਉਂ ਹੀ ਸਿੱਧਾ ਖੜਾ ਹੋਇਆ, ਧਰਮ ਸਿੰਘ ਨੇ ਉਸ ਦਾ ਹੱਥ ਫੜ ਲਿਆ। ਪਰ ਉਸ ਨਾਲ ਅੱਖਾਂ ਮਿਲਦਿਆਂ ਹੀ ਉਸ ਨੇ ਵੇਖਿਆ ਕਿ ਉਸ ਦੀਆਂ ਅੱਖਾਂ ਵਿਚ ਹੰਝੂ ਉਮੜ ਆਏ ਹਨ, ਤਾਂ ਉਸ ਦਾ ਹੱਥ ਤੁਰੰਤ ਛੱਡ ਦਿੱਤਾ। ਉਹ ਪ੍ਰਾਰਥਨਾ-ਪੱਤਰ ਲਈ ਹੌਲੀ ਹੌਲੀ ਕਮਰੇ ਤੋਂ ਬਾਹਰ ਹੋ ਗਿਆ।

... ... ...

ਪੌੜੀਆਂ ਉਤਰ ਕੇ ਉਹ ਗਰਾਉਂਡ ਵਿਚ ਪਲਾਸ਼ ਦੇ ਦਰਖ਼ਤ ਕੋਲ ਆਇਆ, ਤਾਂ ਉਸ ਨੂੰ ਖਿਆਲ ਆਇਆ ਕਿ ਉਸ ਨੇ ਆਪਣਾ ਪ੍ਰਾਰਥਨਾ-ਪੱਤਰ ਹੁਣ ਤੱਕ ਹੱਥ ਵਿਚ ਹੀ ਰੱਖਿਆ ਹੋਇਆ ਹੈ। ਉਸ ਨੇ ਉਸਨੂੰ ਕੁੜਤੇ ਦੀ ਜੇਬ ਵਿਚ ਰੱਖਣਾ ਚਾਹਿਆ ਤਾਂ ਮਸਿਸੂਸ ਕੀਤਾ ਕਿ ਉਹ ਪਹਿਲਾਂ ਤੋਂ ਹੀ ਪਲਾਸ਼ ਦੇ ਫੁੱਲਾਂ ਨਾਲ ਭਰੀ ਹੋਈ ਹੈ। ਅਚਾਨਕ ਹੀ ਉਸ ਪ੍ਰਾਰਥਨਾ

ਪੱਤਰ ਦੀ, ਪਲਾਸ਼ ਦੇ ਉਨ੍ਹਾਂ ਫੁੱਲਾਂ ਦੀ ਅਤੇ ਆਪਣੀ ਸਾਰੀ ਹੋਂਦ ਦੀ ਨਿਰਾਰਥਕਤਾ ਦਾ ਤਿੱਖਾ ਅਹਿਸਾਸ ਉਸ ਦੇ ਮਨ ਨੂੰ ਵਿੰਨ ਗਿਆ। ਉਸ ਨੇ ਉਸ ਪ੍ਰਾਰਥਨਾ-ਪੱਤਰ ਨੂੰ ਟੁਕੜੇ ਟੁਕੜੇ ਕਰਕੇ ਜ਼ਮੀਨ ਤੇ ਸੁੱਟ ਦਿੱਤਾ। ਉਸ ਨੇ ਆਪਣੀਆਂ ਦੋਹਾਂ ਜੇਬਾਂ ਤੋਂ ਪਲਾਸ਼ ਦੇ ਸਾਰੇ ਫੁੱਲ ਕੱਢ ਕੇ ਹਵਾ ਵਿਚ ਉਛਾਲ ਦੇਣੇ ਚਾਹੇ, ਪਰ ਫਿਰ ਕੁਝ ਸੋਚ ਕੇ ਉਸ ਨੇ ਉਨ੍ਹਾਂ ਨੂੰ ਜੇਬਾਂ ਵਿਚ ਰੱਖ ਲਿਆ। ਬੇਟੀ ਮਨੂ ਦੇ ਲਈ।

—ਅਨੁ. ਅਮਰ ਆਫਤਾਬ

ਕਹਾਣੀ

# ਅਸਲੀਅਤ ਦਾ ਨਕਸ਼ਾ

**ਮਹਿੰਦਰ ਸਿੰਘ ਪੰਜੂ**

ਧੱਕੇ ਖਾਕੇ, ਜਦੋਂ ਉਹ ਕਮਰੇ ਤੋਂ ਬਾਹਰ ਨਿਕਲ ਰਿਹਾ ਸੀ ਤਾਂ ਉਸਦੀ ਨਿਗ੍ਹਾ ਅਚਾਨਕ ਕੰਧ ਉਪਰ ਲਟਕ ਰਹੇ ਭਾਰਤ ਦੇ ਨਕਸ਼ੇ ਤੇ ਜਾ ਪਈ। ਭਾਵੇਂ ਵੱਡੇ ਨਗਰਾਂ ਆਦਿ ਦੇ ਨਾਂ ਵੀ ਨਕਸ਼ੇ ਤੇ ਸਨ ਪਰ ਨਿੱਕੇ ਨਿੱਕੇ ਨਿਸ਼ਾਨ ਉਸਨੂੰ ਆਪਣੇ ਵਰਗੇ ਕਰੋੜਾਂ ਦੇਸ਼-ਵਾਸੀ ਜਾਪ ਰਹੇ ਸਨ, ਜਿਨ੍ਹਾਂ ਦੀ ਮੁਰਝਾਈ ਰੌਣਕ ਵਿੱਚ ਉਹ ਆਪ ਵੀ ਗੁਆਚ ਰਿਹਾ ਸੀ। ਉਸਦੇ-ਮਨ ਵਿਚ ਉਕਰੇ ਨਕਸ਼ੇ ਦੀਆਂ ਰੰਗੀਨੀਆਂ ਨੂੰ ਅਸਲੀਅਤ ਦੇ ਨਕਸ਼ੇ ਨੇ ਫਿੱਕਾ ਪਾ ਦਿੱਤਾ ਸੀ। ਬਾਕੀਆਂ ਨਾਲੋਂ ਆਪਣੇ ਆਪ ਨੂੰ ਵੱਖ ਕਰਨ ਦੇ ਯਤਨ ਸਾਕਾਰ ਨਾ ਹੋਏ।

ਮਨ ਵਿੱਚ ਨਕਸ਼ਾ ਨਾਂ ਬਣਦਾ ਤਾਂ ਗੱਲ ਹੋਰ ਸੀ। ਪਰ ਇਸਨੂੰ ਟੋਟੇ ਟੋਟੇ ਹੋਇਆ ਦੇਖਕੇ ਉਸਦੇ ਅੰਦਰੋਂ ਚੀਸ ਨਿਕਲ ਰਹੀ ਸੀ। ਇਸ ਨਕਸ਼ੇ ਦੀ ਪੂਰਤੀ ਅਤੇ ਪ੍ਰਾਪਤੀ ਲਈ ਉਸਦੇ ਮਨ 'ਚ, ਉਸ ਮੁਟਿਆਰ ਲਈ ਜਿੰਨਾਂ ਚਾ ਸੀ ਜਿਹੜੀ ਆਪਣੇ ਹੋਣ ਵਾਲੇ ਪਤੀ ਲਈ, ਮਨ ਹੀ ਮਨ ਵਿੱਚ ਘੋੜੇ ਦੌੜਾਉਂਦੀ ਹੈ। ਸਿਰਜੀਆਂ ਆਸਾ ਦਾ ਖੂਨ ਬਰਦਾਸ਼ਤ ਕਰਨਾ ਔਖਾ ਸੀ। ਇਹ ਆਸਾਂ ਦੇ ਨਕਸ਼ ਨੂੰ ਉਹ ਉਦੋਂ ਤੋਂ ਪਾਲਦਾ ਚਲਿਆ ਆ ਰਿਹਾ ਸੀ ਜਦੋਂ ਦਸਵੀਂ ਪਾਸ ਕਰਨ ਤੋਂ ਪਿੱਛੋਂ ਉਸਦੇ ਕਈ ਸਥੀਆਂ ਨੇ ਇਹ ਸਲਾਹ ਦਿੱਤੀ ਸੀ, ਤੂੰ ਪੜ੍ਹਨ'ਚ ਚੰਗਾ ਐਂ......। ਬੀ ਏ. ਕਰ ਲੈ...। ਘੱਟ ਆਮਦਨੀ ਦਾ ਸਰਟੀਫਿਕੇਟ ਬਣਾਕੇ ਲਾਦੀਂ..। ਕੰਪੀਟੀਸ਼ਨ ਲੜਲੀਂ...। ਕੋਈ ਅਵ-ਸਰੀ ਮਿਲਜੂ...।"

ਉਸਦੇ ਬਾਪੂ ਨੂੰ ਵੀ ਕਿੰਨੀ ਖੁਸ਼ੀ ਹੋਈ ਸੀ ਜਦੋਂ ਉਸਨੇ ਸੁਣਿਆ ਸੀ ਕਿ ਉਸਦਾ ਪੁੱਤਰ, ਆਪਣੀ ਸ਼ਰੇਣੀ ਦੇ ਇੱਕੀ ਵਿਦਿਆਰਥੀਆਂ ਵਿੱਚੋਂ ਪਹਿਲੇ ਨੰਬਰ ਤੇ ਆਇਆ ਹੈ। ਉਸਨੇ ਵੀ ਪਰਵਿੰਦਰ ਦੀ ਖੁਸ਼ੀ ਤੇ ਹੌਸਲੇ ਨੂੰ ਕਾਇਮ ਰਖਣ ਲਈ ਕਹਿ ਦਿੱਤਾ ਸੀ, "ਕੋਈ ਨੀ ਪੁੱਤ..., ਆਪਣੀ ਭਮਾਂ ਚਾਰ ਬਿਘੇ ਭੋਇੰ ਟਿਕਜੇ, ਤੂੰ ਸੁੱਖ ਨਾਲ ਆਬਦੇ ਕਿਸੇ ਰੁਤਬੇ ਤੇ ਪੌਂਹਚ ਜੇਂ...। ਅਸੀਂ ਔਖੇ-ਸੌਖੇ ਹੋ ਕੇ...ਕਰਾਂਗੇ...। ਜਦੋਂ ਤੂੰ ਉਤਲੀ ਪੌੜੀ ਤੇ ਚੜ੍ਹ ਗਿਆ, ਫੇਰ ਭਾਈ ਆਬਦੇ ਛੋਟੇ ਬੀਰਾਂ ਨੂੰ ਬੀ ਤਾਹਾਂ ਖਿੱਚਲੀਂ...।" ਉਸ ਸੋਚਿਆ ਸੀ ਕਿ ਉਹ ਕੋਈ ਵੱਡਾ ਅਫ਼ਸਰ ਬਣਕੇ ਹੀ ਸਾਹ ਲਵੇਗਾ। ਤੇ ਫੇਰ ਜਦੋਂ ਉਹ ਕੁਝ ਬਣ ਗਿਆ ਤਾਂ ਲੋਕੀ ਪੁੱਛਿਆ ਕਰਨਗੇ, "ਬਰਾੜ ਸਾਹਬ ਦਾ ਪਿੰਡ ਕਿਹੜਾ ਐ ? ਮੈਂ ਆਪਣੇ ਘਰ ਅਤੇ ਪਿੰਡ ਦਾ ਹੁਣ ਵਾਲਾ ਨਕਸ਼ਾ ਹੀ ਬਦਲ ਦੇਵਾਂਗਾ...।"

ਪਰਵਿੰਦਰ ਦੇ ਪਿੰਡ ਤੋਂ ਸ਼ਹਿਰ ਕੋਈ ਸੱਤ-ਅੱਠ ਮੀਲ ਦੀ ਵਿੱਥ ਤੇ ਸੀ। ਉਹ ਸਾਈਕਲ ਤੇ ਹੀ ਕਾਲਜ ਜਾਣ ਲੱਗ ਪਿਆ ਸੀ। ਰੋਜ਼ ਦੇ ਸਫਰ ਦੀ ਮਾਰ ਵੀ ਉਸਦੇ ਹੌਸਲੇ ਨੂੰ ਢਾਹ ਨਾ ਸਕੀ। ਕਈ ਵਾਰ ਉਹ ਸਾਈਕਲ ਦੀ ਕਿਸੇ ਖਰਾਬੀ ਕਰਕੇ ਲੇਟ ਹੋ ਜਾਂਦਾ ਹੈ, ਪਹਿਲਾ ਪੀਰੀਅਡ ਅੰਗ੍ਰੇਜ਼ੀ ਦਾ ਮਿੱਸ ਹੋ ਜਾਂਦਾ। ਸਾਲ ਕੁ ਤਾਂ ਚਾਅ ਵਿਚ ਹੀ ਲੰਘ ਗਿਆ। ਛੋਟੇ ਅਜੇ ਨਿਆਣੇ ਸਨ। ਪਿੱਛੇ ਘਰ ਕੰਮ ਵਾਲਾ ਇਕੱਲਾ ਬਾਪੂ ਹੀ ਸੀ, ਜਿਸ ਕਰਕੇ ਛੁੱਟੀ ਵਾਲੇ ਦਿਨ ਉਸਨੂੰ ਖੇਤਾਂ ਵਿਚ ਹੱਥ ਵਟਾਉਣਾ ਪੈਂਦਾ। ਫਿਰ ਉਹ ਪਿੰਡੋਂ ਚਾਰ ਕਿਲੋ ਦੁੱਧ ਵੀ ਸ਼ਹਿਰ ਲੈ ਜਾਣ ਲੱਗ ਪਿਆ ਸੀ। ਇਸ ਤਰ੍ਹਾਂ ਉਹ ਆਪਣੀ ਪੜ੍ਹਾਈ ਦਾ ਕੁਝ ਖਰਚਾ ਕੱਢਣ ਲੱਗ ਪਿਆ ਸੀ।

ਨਾਲ ਦੇ ਜਮਾਤੀ ਮੁੰਡੇ ਪਰਵਿੰਦਰ ਨੂੰ ਵੀ ਫਿਲਮ ਦੇਖਣ ਜਾਣ ਲਈ ਬੜਾ ਜ਼ੋਰ ਲਾਉਂਦੇ, ਪਰ ਉਸ ਨੂੰ ਫਜ਼ੂਲ ਖਰਚੀ ਲਈ ਕਦੇ ਵੀ ਹੌਸਲਾ ਨਾ ਪਿਆ। ਉਸਨੇ ਤਾਂ ਸਗੋਂ ਮਨ ਵਿਚ ਪੱਕਾ ਵਿਚਾਰ ਬਣਾ ਲਿਆ ਸੀ ਕਿ ਜਦੋਂ ਉਹ ਕਿਸੇ ਅਹੁਦੇ ਤੇ ਲੱਗ ਵੀ ਗਿਆ ਤਾਂ ਸਾਦਾ ਰਿਹਾ ਕਰੇਗਾ। ਨਾ ਕਿਸੇ ਤੋਂ ਗਲਤ ਕੰਮ ਕਰਾਵੇਗਾ ਤੇ ਨਾਂ ਹੀ ਕਿਸੇ ਦੇ ਕਹੇ ਗਲਤ ਕੰਮ ਕਰੇਗਾ। ਉਸਦੇ ਨਾਲ ਦੇ ਵਿਦਿਆਰਥੀ ਗਲਤ ਸਰਟੀਫਿਕੇਟਾਂ ਦੇ ਆਧਾਰ ਤੇ ਮਿਲਣ ਵਾਲੀਆਂ ਕਈ ਰਿਆਇਤਾਂ ਲੈਂਦੇ, ਜਿਨ੍ਹਾਂ ਨੂੰ ਉਹ ਬੇਹੱਦ ਨਫ਼ਰਤ ਕਰਦਾ।

ਪਿੰਡ 'ਚ ਵਿਹਲੇ ਫਿਰ ਰਹੇ ਕਈ ਮੁੰਡੇ, ਜਿਹੜੇ ਅੱਠਵੀਂ-ਨੌਵੀਂ 'ਚੋਂ ਹੀ ਹਟ ਗਏ ਸਨ, ਉਸਦੀ ਸੋਚ ਦਾ ਕੇਂਦਰ ਬਣੇ ਰਹਿੰਦੇ। "ਜੇ ਕਿਤੇ ਸਹੁਰੇ ਦਸਵੀਂ ਕਰ ਜਾਂਦੇ, ਕਾਸੇ ਜੋਗੇ ਹੋ ਤਾਂ ਜਾਂਦੇ...। ਪਰ ਇਹ ਲੋਕ ਤਾਂ

ਭੁੱਖੇ ਹੀ ਮਰਕੇ ਰਾਜੀ ਹਨ । ਨਾਂ ਪੜ੍ਹਨ, ਨਾਂ ਘਰੇ ਕੰਮ ਕਰਨ । ਘਰ ਨੇ ਸੁਆਹ ਤਰੱਕੀ ਕਰਨੀ ਐਂ...। ਐਵੇਂ ਕੀਮਤੀ ਸਮਾਂ ਗੁਆਈ ਜਾਣਾ ਬੰਦੇ ਨੇ...।"

ਸੁੱਤਾ ਪਿਆ ਵੀ ਉਹ ਆਪਣੇ ਭਵਿੱਖ ਦੇ ਨਕਸ਼ੇ ਹੀ ਉਲੀਕਦਾ ਰਹਿੰਦਾ । ਉਸਨੂੰ ਹਰ ਰੋਜ਼ ਨਵੇਂ ਤੋਂ ਨਵਾਂ ਸੁਪਨਾ ਆਉਂਦਾ । ਬਹੁਤੇ ਖੁਸ਼ੀ ਵਾਲੇ ਸੁਪਨੇ ਬਾਰੇ ਉਹ ਤੜਕੇ ਉਠਣ ਸਾਰ ਹੀ ਦਸਦਾ । "ਕੋਈ ਬੱਡੀ ਗੱਲ ਨੀ ਹੁੰਦੀ ..। ਮਹਾਰਾਜ ਕਰੇ, ਅੰਬ੍ਰਿਤ ਬੇਲੇ ਦਾ ਸੁਫਨਾ ਕਈ ਬਾਰੀ ਸੱਚਾ ਬੀ ਹੋ ਜਾਂਦੇ ਪੁੱਤ...।" ਉਸਦੀ ਆਸ਼ਾਵੰਦ ਮਾਂ ਅੱਗੋਂ ਕਹਿੰਦੀ ।

ਕਾਲਜ ਦੀਆਂ ਵੱਡੀਆਂ ਸ਼੍ਰੇਣੀਆਂ ਦੇ ਵਿਦਿਆਰਥੀ ਕਈ ਵਾਰ, ਸਰਕਾਰ ਦੀ ਆਰਥਿਕ ਨੀਤੀ ਦੀ ਆਲੋਚਨਾ ਕਰਦੇ, ਜਿਸਦਾ ਪਰਵਿੰਦਰ ਨੂੰ ਬੇਹੱਦ ਦੁੱਖ ਹੁੰਦਾ । ਬੇਰੁਜ਼ਗਾਰੀ ਦੀ ਗੱਲ ਸੁਣਕੇ ਉਹ ਸੋਚਦਾ ਹੈ ਤੇ ਕਈ ਵਾਰ ਕਹਿ ਵੀ ਦਿੰਦਾ,—ਐਵੇਂ ਥਰਡ ਕਲਾਸ 'ਚ ਪਾਸ ਕਰ ਲੈਂਦੇ ਨੇ...। ਪੜ੍ਹਨਾ ਆਪ ਨੀ...। ਦੋਸ਼ ਸਰਕਾਰ ਨੂੰ...। ਏਨ੍ਹਾਂ ਰੌਲਾ ਪਾਉਣ ਵਾਲਿਆਂ ਦੀ ਹੈ ਕਿਸੇ ਦੀ ਸੈਂਕਿਡ ਜਾਂ ਫਸਟ ਕਲਾਸ ? ਐਥੇ ਬੈਠੇ ਈ ਗੱਲਾ ਮਾਰਨ ਜੋਗੇ ਨੇ...,ਕਿਸੇ ਕਮਿਸ਼ਨ ਦਾ ਇਮਤਿਹਾਨ ਤਾਂ ਦੇਕੇ ਦੇਖਣ...ਕਿੰਨਵੇਂ ਨੰਬਰ ਤੇ ਆਉਂਦੇ ਹਨ...।" ਆਪ ਉਹ ਸ਼ੁਰੂ ਤੋਂ ਹੀ 'ਕੈਰੀਅਰਜ਼ ਡਾਈਜੈਸਟ' ਹਰ ਮਹੀਨੇ ਖਰੀਦਕੇ ਪੜ੍ਹਦਾ। ਲੋਕ ਸੇਵਾ ਕਮਿਸ਼ਨ ਦੀ ਤਿਆਰੀ ਉਸਨੇ ਜਾਰੀ ਰੱਖੀ।

ਉਸਨੇ ਸੰਘਰਸ਼ ਕਰਕੇ, ਬੀ. ਏ. ਪਾਸ ਕਰ ਲਈ ਸੀ। ਥੋੜ੍ਹੇ ਹੀ ਨੰਬਰਾਂ ਤੇ ਸੈਕਿੰਡ ਕਲਾਸ ਰਹਿ ਗਈ ਸੀ। ਬੀ. ਏ. ਭਾਗ ਤੀਜਾ ਵਿੱਚੋਂ ਉਸਦੇ ਨੰਬਰ ਘਟ ਗਏ ਸਨ । ਕਾਰਨ ਸੀ ਕਈ ਹਫ਼ਤੇ ਲਗਾਤਾਰ ਕਾਲਜ ਨਾ ਜਾਣਾ । ਬਾਪੂ ਦੇ ਤਕੜਾ ਹੁੰਦੇ ਤਾਂ ਉਹ ਨਾਗਾ ਬਿਲਕੁਲ ਹੀ ਨਹੀਂ ਸੀ ਪਾਉਂਦਾ ਪਰ ਉਦੋਂ ਤਾਂ ਬਾਪੂ ਦੇ ਪੈਰ ਤੇ ਕਹੀ ਵੱਜ ਗਈ ਸੀ । ਕੰਮਾਂ-ਧੰਦਾਂ ਵਿੱਚ ਟੀਕਾ ਲਵਾਉਣ ਦੀ ਵਿਹਲ ਹੀ ਨਾਂ ਮਿਲੀ । ਧਨੁਖਣਾ ਹੋਈ ਤੋਂ ਤਾਂ ਹੋਰ ਹੀ ਭਾਜੜ ਪੈ ਗਈ ਸੀ। ਪਰਵਿੰਦਰ ਨੇ ਬੇਬੱਸੀ 'ਚ ਧੀਰਜ ਤੋਂ ਕੰਮ ਲਿਆ । ਪੂਰੇ ਚਾਰ ਹਜ਼ਾਰ ਲੱਗ ਗਏ ਸਨ ਬਾਪੂ ਦੀ ਬੀਮਾਰੀ ਤੇ...। ਅਜੇ ਤਾਂ ਘਰ ਲੱਗਿਆ ਰਾਸ ਆ ਗਿਆ । ਪੈਸੇ ਆੜ੍ਹਤ ਏ ਤੋਂ ਵਿਆਜੂ ਫੜੇ । ਪਰਵਿੰਦਰ ਨੇ ਉਸ ਸਾਲ ਪੜ੍ਹਾਈ ਛੱਡ ਦੇਣ ਦਾ ਵਿਚਾਰ ਬਣਾਇਆ ਸੀ ਪਰ ਉਸਦੀ ਮਾਂ ਨੂੰ, ਉਸਦੇ ਅਫ਼ਸਰ ਬਣਨ ਵਿੱਚ ਪੈ ਰਹੀ ਪਛੇਤ ਨੇ ਚੈਨ ਨਹੀਂ ਸੀ ਲੈਣ ਦਿੱਤੀ । ਕੰਮ-ਧੰਦੇ ਵਿੱਚ ਦਿਹਾੜੀਏ ਵੀ ਲੱਗੇ । ਪਿਛਲੀ ਫਸਲ ਮਾੜੀ ਰਹਿ ਗਈ । ਅਗਲੀ ਦੀ ਬਿਜਾਈ ਸਮੇਂ ਸਿਰ ਨਾ ਹੋਈ । ਸਾਰੇ ਨਿੱਕੇ-ਵੱਡੇ, ਲੋੜਾਂ-ਥੋੜਾਂ ਦੇ ਹੁੰਦੇ ਵੀ ਸਿਰੜ ਨਾਲ ਕੰਮ ਕਰੀ ਗਏ । ਮਹਿੰਗੇ ਬੀਜ, ਰੇਹ ਆਦਿ ਨੇ, ਦੂਸਰੀਆਂ ਆਫ਼ਤਾਂ ਨਾਲ ਰਲਕੇ ਇਸ ਪਰਿਵਾਰ ਨੂੰ ਸਾਲ ਕੁ ਵਿੱਚ ਹੀ, ਪੂਰੇ ਸੱਤ ਹਜ਼ਾਰ ਦੇ ਥੱਲੇ ਦੇ ਦਿੱਤਾ ਸੀ । ਛਿੰਨ ਵਿਘੇ ਭੋਇੰ ਗਹਿਣੇ ਕਰਕੇ ਹੀ ਖਲਾਸੀ ਹੋਈ ਨਹੀਂ ਤਾਂ ਵਿਆਜ ਦੇ ਕੁ ਸਾਲਾਂ ਮਗਰੋਂ ਹੀ ਛਾਲਾਂ ਚੁਕਾ ਦਿੰਦਾ ।

ਬੀ. ਏ. ਕਰਨ ਮਗਰੋਂ ਉਸਨੇ ਰੋਜ਼ਗਾਰ ਦਫਤਰ ਵਿੱਚ ਨਾਂ ਦਰਜ ਕਰਾ ਦਿੱਤਾ। ਕਾਫ਼ੀ ਚਿਰ ਕੋਈ ਕਾਰਡ ਨਾ ਆਇਆ । ਜੇ ਕਿਤੇ ਆਇਆ ਤਾਂ ਇੰਟਰਵਿਊ ਤੇ ਗਏ ਨੂੰ ਕਿਸੇ ਨੇ ਨਾਂ ਪੁੱਛਿਆ । ਜਦ ਕਦੇ ਉਸ ਨੇ ਆਪਣੇ ਚੋਣ ਨਤੀਜੇ ਬਾਰੇ ਪਤਾ ਵੀ ਕੀਤਾ ਤਾਂ ਆਮ ਕਰਕੇ ਇਹੋ ਉਤਰ ਮਿਲਦਾ, ਤੁਸੀਂ ਮੈਰਿਟ ਵਿਚ ਨਹੀਂ ਆ ਸਕੇ..." ਉਹ ਸਮਝਦਾ ਕਿ ਇੰਟਰਵਿਊ ਵਿਚ ਪੁੱਛੇ ਪ੍ਰਸਨਾਂ ਦੇ ਉਤਰ ਉਹ ਪ੍ਰਭਾਵਸ਼ਾਲੀ ਢੰਗ ਨਾਲ ਨਹੀਂ ਦੇ ਸਕਿਆ । ਤੇ ਫਿਰ ਉਹ ਮੈਰਿਟ ਵਿਚ ਆਉਣ ਵਾਸਤੇ ਹੋਰ ਤਿਆਰੀ ਕਰਨ ਲੱਗ ਪਿਆ । ਉਸ ਨੇ ਲੋਕ ਸੇਵਾ-ਕਮਿਸ਼ਨ ਦੇ ਕਈ ਇਮਤਿਹਾਨ ਵੀ ਦਿੱਤੇ । ਲਿਖਤੀ ਇਮਤਿਹਾਨ ਵਿਚੋਂ ਉਹ ਆਪਣੇ ਜਾਣੇ ਤਾਂ ਵਧੀਆ ਨੰਬਰ ਲੈਣ ਲਈ ਆਸਵੰਦ ਹੁੰਦਾ ਪਰ ਵਿਅਕਤੀਤਵ ਟੈਸਟ ਦੇ ਨੰਬਰ ਰਲਾ ਕੇ ਉਹ ਪਿੱਛੇ ਹੀ ਰਹਿ ਜਾਂਦਾ ।

ਘਰੇਲੂ ਕੰਮਾਂ ਵਿਚ ਹੱਥ ਵਟਾਉਂਦਾ, ਉਹ ਡਾਕ ਦਾ ਹਰ ਰੋਜ਼ ਆਪ ਪਤਾ ਕਰਦਾ । "ਤੁਹਾਡੀ ਕੋਈ ਚਿੱਠੀ ਨਹੀਂ ਆਈ ।" ਸੁਣ ਕੇ ਉਹ ਦੁਖੀ ਜਿਹਾ ਹੋ ਕੇ ਮੁੜ ਆਉਂਦਾ । ਉਹ ਦੁਖੀ ਵੀ ਹੁੰਦਾ ਅਤੇ ਲੋਕਾਂ ਦੀ ਮੂਰਖਤਾ ਤੇ ਹੱਸਦਾ ਵੀ ਜਦੋਂ ਉਨ੍ਹਾਂ ਵਿਚੋਂ ਕੋਈ ਕਹਿੰਦਾ, "ਹਰੀਏ ਦੇ ਮੁੰਡੇ ਨੇ ਤਾਂ ਨਿੱਕਲਣ ਸਾਰ ਈ ਨੌਕਰੀ ਤੇ ਲੱਗ ਜਾਣਾ ਸੀ...। ਗੱਲ ਕੀ ਬਣੀ...? ਐਨਾ ਸ਼ਿਆਰ ਸੀ ਨਾਲੇ...। ਸਭ ਤੋਂ ਮੂਹਰੇ ਔਂਦਾ ਸੀ ।" ਫਿਰ ਕੋਈ ਹੋਰ ਕਹਿੰਦਾ, "ਮਾੜੀ-ਮੋਟੀ ਨੌਕਰੀ ਪਸਿੰਦ ਨੀ ਕਰਦਾ, ਬੱਡੀ ਮਿਲਦੀ ਨੀ ਬਸੀਲੇ ਬਿਨਾਂ...।" ਤੇ ਫਿਰ ਕੋਈ ਹੋਰ ਕਹਿੰਦਾ "ਬਦੀਏ ਈ ਨੀ ਪੂਰੀ ਹੋਈ...। ਤਾਂ ਹੀ ਤਾਂ ਅਜੇ ਕਤਾਬਾਂ ਦੀਆਂ ਚੱਕੀ ਰਖਦੈ . । ਜਿਮੇਂ ਆਪਣੇ ਖਾਲ 'ਚ ਪਾਣੀ ਜ਼ਮੀਨ ਤੋਂ ਨੀਮਾਂ ਰੈਹ ਜੇ ਫੇਰ ਚੜ੍ਹੂ ਕਿਥੋਂ ? ਏਹੀ ਸੂਬ ਪੜਾਈ ਤੇ ਨੌਕਰੀ ਦੇ...।"

ਲੋਕਾਂ ਦੀਆਂ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਸੁਣ ਕੇ ਹਰੀਆ ਆਪ ਵੀ ਦੁਖੀ ਹੁੰਦਾ । "ਲੋਕ ਆਹਦੇ ਨ, ਬਈ ਬਦੀਏ ਈ ਪੂਰੀ ਨੀ ਹੋਈ...। ਘਰੇ ਤਾਂ ਸੱਚੀ ਗੱਲ ਜਿਆ ਕਰ ..। ਜੇ ਕੋਈ ਕਮੀ-ਪੇਸ਼ੀ ਐ ਤਾਂ ਉਹ ਪੂਰੀ ਕਰ ਲੈ ਓਹ ਜਾਣੇ...।" ਪਰਵਿੰਦਰ ਦੇ ਸਾਰੀ ਗੱਲ ਸਮਝਾ ਦੇਣ ਤੇ ਵੀ ਹਰੀਏ ਨੂੰ ਤਸੱਲੀ

ਨਹੀਂ ਸੀ ਆਉਂਦੀ। "ਅੱਗੇ ਚਾਰ ਪੜਿਆ ਪਟਵਾਰੀ ਲੱਗ ਜਾਂਦਾ, ਤੂੰ ਬਈਏ-ਪੜਿਆ ਬੀ ਨੀ ਕਾਸੇ ਜੋਗਾ...।" ਹਰੀਆ ਵੀ ਨਿਮੋਝੂਣਾ ਹੋ ਕੇ ਰਹਿ ਗਿਆ ਸੀ।

ਪਰਵਿੰਦਰ ਦੀ ਬੀ. ਏ. ਕਰੀ ਨੂੰ ਚਾਰ ਸਾਲ ਹੋ ਚੱਲੇ ਸਨ ਪਰ ਕਿਸੇ ਪਾਸਿਉਂ ਵੀ ਰੋਜ਼ਗਾਰ ਸੰਬੰਧੀ ਆਸ਼ਾ ਦੀ ਕਿਰਨ ਨਹੀਂ ਸੀ ਚਮਕੀ। ਫਿਰ ਉਸ ਨੇ ਆਪਣੇ ਇੱਕ ਮਿੱਤਰ ਦੇ ਬਾਪ ਕੋਲ ਜਾਣ ਦੀ ਸਲਾਹ ਬਣਾਈ, ਜਿਹੜਾ ਇੱਕ ਸਿਆਸੀ ਪਾਰਟੀ ਦਾ ਧੜੱਲੇਦਾਰ ਵਰਕਰ ਸੀ। ਉਸਨੇ ਕਈਆਂ ਦੇ ਚਿੱਠੇ ਤਾਰੇ ਸਨ। ਪਰਵਿੰਦਰ ਲਈ ਇਸ ਪਾਸੇ ਉਤਸ਼ਾਹ ਜਾਗ ਪਿਆ ਸੀ। ਦੋ-ਤਿੰਨ ਵਾਰ ਤਾਂ ਉਹ ਘਰ ਹੀ ਨਹੀਂ ਸੀ ਮਿਲਿਆ। ਜਦ ਮਿਲਿਆ ਸੀ ਤਾਂ ਉਸਨੇ ਪੂਰੀ ਤਸੱਲੀ ਨਾਲ ਕਿਹਾ ਸੀ, "ਜੇ ਕਿਤੇ ਪੋਸਟਾਂ ਨਿਕਲਣ ਤਾਂ ਨਿਗਾ ਰੱਖੀਂ...। ਇੰਟਰਵਿਊ ਵੇਲੇ ਜ਼ੋਰ ਲਾਮਾਂਗੇ ਆਪਾਂ...।"

ਅਖਬਾਰਾਂ, ਚੋਂ ਰੋਜ਼ਗਾਰ ਬਾਰੇ ਜਾਣਕਾਰੀ ਲੈਣੀ ਤੇ ਅਰਜ਼ੀ ਭੇਜਣੀ ਉਸਦੇ ਜੀਵਨ ਦਾ ਜਿਵੇਂ ਅੰਗ ਬਣ ਚੁੱਕੀ ਸੀ। ਕਈ ਵਾਰ ਉਸਦਾ ਜੀਅ ਨੌਕਰੀ ਦਾ ਚੱਕਰ ਛੱਡਕੇ ਘਰੇ ਹੀ ਖੇਤੀ ਕਰਨ ਨੂੰ ਕਰਦਾ। ਪਰ ਥੋੜ੍ਹੀ ਹੀ ਪੈਲੀ ਤੇ ਸਾਰੇ ਜਣਿਆ ਦਾ ਗੁਜ਼ਾਰਾ ਨਾ ਹੁੰਦਾ ਦੇਖ, ਕਿਸੇ ਹੋਰ ਕਾਰੋਬਾਰ ਬਾਰੇ ਸੋਚਦਾ, ਪਰ ਡੁੱਬੀ ਤਾਂ ਜੇ ਸਾਹ ਨਾਂ ਆਇਆ। ਪੈਸੇ ਬਿਨਾਂ ਉਹ ਕਿਹੜਾ ਲਾਹੇਵੰਦਾ ਕਾਰੋਬਾਰ ਚਲਾ ਸਕਦਾ ਸੀ। ਸੋਚਦਾ ਸੋਚਦਾ ਕਈ ਵਾਰ ਉਹ ਵਿਚਾਰ ਬਣਾਉਂਦਾ ਕਿ ਕਿਉਂ ਨਾ ਕਰਜ਼ਾ ਲੈ ਕੇ ਡੇਅਰੀ ਖੋਲ੍ਹ ਲਵੇ ਪਰ ਫਿਰ ਅਗਲੇ ਹੀ ਪਲ, ਦੁੱਧ ਦਾ ਮਿਲ ਰਿਹਾ ਭਾ ਉਸ ਨੂੰ ਨਿਰਾਸ਼ ਕਰ ਦਿੰਦਾ। ਡੇਅਰੀ ਵਿਚ ਦੁੱਧ ਪਾਉਣ ਵਾਲਿਆਂ ਨੂੰ ਉਹ ਹਰਰੋਜ਼ ਪਿਟਦੇ ਸੁਣਦਾ ਸੀ। ਇਕ-ਦੋ ਵਾਰ ਉਹ ਪੇਂਡੂ ਵਿਕਾਸ ਏਜੰਸੀ ਦੇ ਦਫ਼ਤਰ ਵੀ ਚੱਕਰ ਮਾਰ ਆਇਆ ਸੀ ਪਰ ਇਹ ਸੁਣਕੇ ਨਿਰਾਸ਼ਾ ਹੀ ਪੱਲੇ ਪਈ, "ਤੁਹਾਡੇ ਬਲਾਕ ਦੇ ਹਿੱਸੇ ਔਂਦੇ ਕੇਸ ਐਸ ਵਾਰ ਤਾਂ ਪੂਰੇ ਹੋ ਗਏ ਹਨ। ਜੇ ਸਕੀਮ ਰਹੀ ਤਾਂ ਅਗਲੀ ਵਾਰ ਕੋਸ਼ਿਸ਼ ਕਰਿਉ...। ਜ਼ਰੂਰ ਕੋਈ ਨਾ ਕੋਈ ਚਾ-ਭੰਨ ਕਰਾਂਗੇ।" "ਕੇਸ ਪੂਰੇ ਹੋ ਗਏ...। ਹੋਰ ਲੋੜਵੰਦ ਮਰ ਜਾਣ ?" ਉਸਨੇ ਗੁੱਸੇ ਵਿਚ ਆਕੇ, ਦਫ਼ਤਰ ਦੇ ਵਰਾਂਡੇ ਵਿੱਚ ਕਿਹਾ। "ਸਰਦਾਰ ਜੀ ਥੋੜੀ ਗੱਲ ਲੱਖ ਰੁਪੀਏ ਦੀ ਐ...।" ਵਰਾਂਡੇ ਵਿੱਚ ਖੜੇ ਇੱਕ ਬੀੜੀ ਪੀਂਦੇ ਚਪੜਾਸੀ ਨੇ ਕਿਹਾ।

ਪਰਵਿੰਦਰ ਦੇ ਮਿੱਤਰ ਦੇ ਬਾਪ ਨੇ ਉਸ ਨੂੰ 15 ਦਸੰਬਰ ਨੂੰ ਜ਼ਿਲਾ ਹੈੱਡ-ਕੁਆਰਟਰ, ਤੇ ਹੋ ਰਹੇ ਇਕੱਠ, 'ਤੇ ਆਉਣ ਨੂੰ ਕਿਹਾ ਸੀ। "ਉਸ ਦਿਨ ਕੁਝ ਸਾਬਕਾ ਮੰਤਰੀਆਂ ਦੇ ਆਉਣ ਦੀ ਉਮੀਦ ਹੈ..।" ਉਹ ਵਿਧਾਨ ਸਭਾ ਦੀਆ ਚੋਣਾਂ ਦੇ ਸਬੰਧ ਚ ਉਚੇਚੇ ਚੱਕਰ ਮਾਰ ਰਹੇ ਸਨ ਅਤੇ ਵੋਟਰਾਂ ਦੀਆਂ ਮੁਸ਼ਕਲਾਂ ਹੱਲ ਕਰਨ ਦੇ ਯਤਨ ਕਰ ਰਹੇ ਸਨ।

ਅਜੇ ਕੁਝ ਸਮਾ ਪਹਿਲਾਂ ਹੀ, ਜਦੋਂ ਉਸਦੇ ਮਿੱਤਰ ਦਾ ਬਾਪ, ਉਨਾਂ ਦੇ ਲਾਗਲੇ ਹੀ ਪਿੰਡ, ਪਾਰਟੀ ਵਲੋਂ ਖੜੇ ਕੀਤੇ ਉਮੀਦਵਾਰ ਦੇ ਹੱਕ ਵਿੱਚ, ਉਸ ਉਮੀਦਵਾਰ ਨਾਲ ਆਇਆ ਸੀ ਤਾਂ ਪਰਵਿੰਦਰ ਨੇ ਵੀ ਉਸ ਉਮੀਦਵਾਰ ਦੇ ਗਲ ਵਿੱਚ ਸੌ ਕੁ ਰੁਪਏ ਦਾ; ਨੋਟਾਂ ਦਾ ਹਾਰ ਪਾਇਆ ਸੀ। ਸਰਪੰਚ ਹੋਰਾਂ ਦੇ ਹਾਰ ਕਿਤਨੇ ਹੀ ਭਾਰੇ ਸਨ। ਫਿਰ ਵੀ ਉਮੀਦਵਾਰ ਜਬਰਜੰਗ ਸਿੰਘ 'ਚਾਹਲ' ਨੇ ਪਰਵਿੰਦਰ ਨਾਲ ਵੀ ਮੁਸਕਰਾਕੇ ਹੱਥ ਮਿਲਾਇਆ ਸੀ।

ਰਿਕਾਰਡ ਤੋੜ ਵੋਟਾਂ ਨਾਲ, ਚਾਹਲ ਸਾਹਿਬ ਚੁਣੇ ਗਏ ਸਨ। ਪਾਰਟੀ ਨੇ ਉਨ੍ਹਾਂ ਦੀ ਤਾਕਤ ਨੂੰ ਮੁੱਖ ਰੱਖਕੇ, ਮੰਤਰੀ ਵੀ ਲੈ ਲਿਆ ਸੀ। ਜਦੋਂ ਉਹ ਜਿੱਤਕੇ, ਵੋਟਰਾਂ ਦਾ ਧੰਨਵਾਦ ਕਰਨ ਆਏ ਸਨ ਤਾਂ ਪਰਵਿੰਦਰ ਨੇ ਆਪਣੇ ਘਰ ਚਾਹ-ਪਾਣੀ ਪਿਆਉਣ ਦਾ ਯਤਨ ਵੀ ਕੀਤਾ ਸੀ ਪਰ ਸਮੇਂ ਦੀ ਥੁੜ੍ਹ ਹੋਣ ਕਰਕੇ, ਸਰਪੰਚ ਦੇ ਹੀ ਘੁਟ-ਘੁਟ ਚਾਹ ਪੀ ਕੇ, ਅਗਲੇ ਪਿੰਡ ਚਲੇ ਗਏ ਸਨ।

ਅੱਜ ਛੱਬੀ ਜਨਵਰੀ ਨੂੰ, ਇਸ ਜ਼ਿਲੇ ਵਿਚ ਝੰਡਾ ਲਹਿਰਾਉਣ ਦੀ ਸੇਵਾ ਵੀ 'ਚਾਹਲ' ਸਾਹਿਬ ਨੂੰ ਹੀ ਲੱਗੀ ਸੀ। ਪਰਵਿੰਦਰ ਨੂੰ ਵੀ ਇਸੇ ਦਿਨ ਦੀ ਉਡੀਕ ਸੀ।

ਉਹ ਸਵੇਰੇ ਹੀ ਅੱਠ ਵਜੇ ਵਾਲੀ ਬੱਸ ਫੜਕੇ, ਸ਼ਹਿਰ ਨੂੰ ਤੁਰ ਪਿਆ ਸੀ। ਪ੍ਰੈਸ ਕੀਤੇ ਪੈਂਟ ਤੇ ਕੋਟ, ਜਿਹੜੇ ਉਸ ਨੇ ਰੇਗੜ ਵਾਲਿਆਂ ਤੋਂ ਖਰੀਦੇ ਸਨ, ਬਿਲਕੁਲ ਓਪਰੇ ਨਹੀਂ ਸੀ ਲਗਦੇ। "ਮਾੜੀ ਮੋਟੀ ਟੌਅਰ ਵੀ ਤਾਂ ਚਾਹੀਦੀ ਐ..., ਕਿਸੇ ਦੇ ਮੱਥੇ ਲੱਗਣ ਜੋਗੀ...। ਅਗਲਾ ਐਵੇਂ ਈ ਨਾਂ ਸਮਝੇ ਬਈ...।" ਉਸ ਨੇ ਸੋਚਿਆ ਸੀ। ਘਰੇ ਬੂਟਾਂ ਨੂੰ ਚੰਗੀ ਤਰ੍ਹਾਂ ਪਾਲਿਸ਼ ਵੀ ਕੀਤੀ ਸੀ ਪਰ ਤਿੜਕੇ ਤੋਪੇ ਉੱਧੜ ਰਹੇ ਸਨ। ਉਹ ਪੁਰਾਣੇ ਬੱਸ ਅੱਡੇ ਤੇ ਹੀ ਉਤਰ ਪਿਆ। ਬੂਟਾਂ ਨੂੰ ਤੋਪਾਂ ਲਵਾਉਣਾ ਉਸਨੇ ਪਹਿਲਾਂ ਜ਼ਰੂਰੀ ਕੰਮ ਸਮਝਿਆ। ਸਾਹਮਣੇ ਹੀ, ਪਟੜੀ ਉਪਰ ਇਕ 8-10 ਸਾਲ ਦਾ ਮੁੰਡਾ, ਕੇਵਲ ਕਮੀਜ਼-ਪਜਾਮੇ ਵਿਚ ਬੈਠਾ ਠਰ੍ਹੂੰ ਠਰ੍ਹੂੰ ਕਰ ਰਿਹਾ ਸੀ। ਪਰਵਿੰਦਰ ਨੂੰ ਆਪਣੇ ਵਲ ਆਉਂਦਾ ਦੇਖਕੇ ਉਸਨੂੰ ਚਾਅ ਜਿਹਾ ਚੜ੍ਹ ਗਿਆ। 'ਸਿਰਦਾਰ ਜੀ...ਪਾਲਿਸ਼...।' ਉਸਨੇ ਚੱਪਲਾਂ ਅੱਗੇ ਕਰਕੇ, ਕੰਬਦੀ ਜਿਹੀ ਆਵਾਜ਼ ਵਿਚ ਕਿਹਾ। 'ਤੂੰ ਤਾਂ ਯਾਰ ਆਪ ਈ ਕੰਬੀ ਜਾਨੈਂ, ਕੀ ਕਰੇਂਗਾ ਪਾਲਿਸ਼।' ਪਰ੍ਹਾਂ ਤੁਰਨ ਲੱਗੇ ਪਰਵਿੰਦਰ ਨੇ, ਕਿਹਾ।

'ਸਿਰਦਾਰ ਜੀ, ਬੋਣੀ ਤੇ ਕਰਾਤੇ ਜਾਓ.. ।' ਮੁੰਡੇ ਦਾ ਤਰਲਾ ਸੀ। ਪਰਵਿੰਦਰ ਪਰ੍ਹੇ ਬੈਠੇ ਵਡੇਰੀ ਉਮਰ ਦੇ ਬੰਦੇ ਕੋਲ ਜਾਣ ਨੂੰ ਅਹੁਲਿਆ। ਪਰ ਫਿਰ ਪਤਾ ਨਹੀਂ

ਕੀ ਸੋਚਕੇ ਉਹ ਉਸੇ ਮੁੰਡੇ ਕੋਲ ਆ ਕੇ ਖੜ ਗਿਆ ਸੀ ਅਤੇ ਟੁੱਟੇ ਬੂਟਾਂ ਨੂੰ ਤੋਪਾ ਲਵਾਉਣ ਲਈ ਕਹਿਕੇ, ਪੈਸੇ ਪੁੱਛੇ। 'ਜੋ ਮਰਜ਼ੀ ਦੇ ਦੇਣਾ ਜੀ..।' ਬੂਟ ਝਾੜਦੇ ਨੇ ਉਸਨੇ ਕਿਹਾ ਸੀ।

'ਪੰਜਾਹ ਪੈਸੇ ਦੇਊਂਗਾ...।' ਪਰਵਿੰਦਰ ਨੇ ਗੱਲ ਟੁੱਕ ਦਿੱਤੀ।

"ਪਚਾਸ ਪੈਸੇ ਮੇਂ ਤੋ ਜੀ ਚਾਏ ਕਾ ਏਕ ਕੱਪ ਬੀ ਨਹੀਂ ਮਿਲਤਾ...। ਪਾਲਿਸ਼ ਬੀ ਕਰਨੀ ਹੈ...।"

"ਨਹੀਂ ਯਾਰ ਤੂੰ ਵਧਾ ਨਾ ਕੰਮ ਨੂੰ ..। ਮੈਨੂੰ ਕਾਹਲ ਹੈ।" ਉਸਨੇ ਕਾਗਜ਼ਾਂ ਵਾਲਾ ਲਿਫ਼ਾਫ਼ਾ ਕੱਛ 'ਚ ਦੇਕੇ ਕਿਹਾ।

ਵੱਡੀ ਸੜਕ ਤੇ, ਦੋ ਰਿਕਸ਼ਿਆਂ ਵਾਲੇ, ਝੰਡੀਆਂ ਲਾਈ ਜਾ ਰਹੇ ਸਨ। ਇਸੇ ਤਰ੍ਹਾਂ ਦਾ ਹੀ ਉਸਨੂੰ ਡੇਢ ਕੁ ਮਹੀਨਾ ਪਹਿਲਾਂ ਵਾਲਾ ਦ੍ਰਿਸ਼ ਯਾਦ ਆ ਗਿਆ ਜਦੋਂ ਉਹ ਆਪਣੇ ਮਿਤਰ ਦੇ ਬਾਪ ਦੇ ਕਹਿਣ ਤੇ ਸ਼ਹਿਰ, ਇੱਕ ਸਾਬਕਾ ਮੰਤਰੀ ਕੋਲੋਂ ਆਪਣੇ ਕੰਮ ਦੀ ਸਿਫਾਰਿਸ਼ ਕਰਾਉਣ ਆਇਆ ਸੀ। ਉਸ ਦਿਨ ਰਿਕਸ਼ਿਆਂ ਦੀ ਲੰਮੀ ਕਤਾਰ, ਇੱਕ ਸਿਆਸੀ ਪਾਰਟੀ ਦੇ ਝੰਡੇ ਲਾਈ ਜਾ ਰਹੀ ਸੀ। ਵਿਚਕਾਰਲੇ ਤੇ, ਸਪੀਕਰ ਵਿੱਚ ਕੋਈ ਬੋਲ ਰਿਹਾ ਸੀ ਗਰੀਬਾਂ ਮਜ਼ਦੂਰਾਂ, ਕਿਸਾਨਾਂ ਵਿਦਿਆਰਥੀਆਂ ਦੇ ਹਿਤਾਂ ਦੀ ਰਾਖੀ ਦੀ ਗੱਲ ਸੀ। ਕਿਸਾਨੀ ਜਿਣਸਾਂ ਦੇ ਵਾਜਬ ਭਾਵਾਂ ਨੂੰ ਯਕੀਨੀ ਬਣਾਉਣ ਦੀ ਗੱਲ ਸੀ। ਬੇਘਰਿਆਂ ਲਈ ਘਰ, ਬੇਰੁਜ਼ਗਾਰਾਂ ਲਈ ਰੁਜ਼ਗਾਰ ਦੀ ਗੱਲ ਸੀ। ਕਿੰਨੇ ਹੀ ਹੋਰ ਚਮਕਦਾਰ ਵਾਇਦੇ ਸਨ। ਉਹੀ ਰਿਕਸ਼ੇ ਹੁਣ ਵੀ ਪਰਵਿੰਦਰ ਦੇ ਦਿਮਾਗ਼ ਵਿੱਚ ਘੁੰਮ ਰਹੇ ਸਨ।

ਰਿਕਸ਼ਿਆਂ ਦੀ ਲੜੀ ਖਤਮ ਹੋਈ ਸੀ ਤਾਂ ਕਈ ਜੀਪਾਂ-ਕਾਰਾਂ, ਕਿਸੇ ਹੋਰ ਪਾਰਟੀ ਦੇ ਝੰਡੇ ਲਾਈ, ਸੜਕ ਉਪਰੋਂ ਉਸਦੇ ਸਾਹਮਣਿਉਂ ਲੰਘ ਗਈਆਂ ਸਨ। ਇਨ੍ਹਾਂ ਵਿਚੋਂ ਵੀ ਲੋਕ-ਭਲਾਈ ਦਾ ਹੀ ਚੋਣ-ਮਨੋਰਥ ਗੂੰਜਦਾ ਸੁਣਾਈ ਦੇ ਰਿਹਾ ਸੀ। ਉਸ ਸਮੇਂ ਪਰਵਿੰਦਰ ਇੱਕ ਦੁਕਾਨ ਤੇ ਖੜਾ ਚਾਹ ਪੀ ਰਿਹਾ ਸੀ। ਇਕ ਹੋਰ ਚਾਹ ਪੀਣ ਵਾਲ ਨੇ ਕਿਸੇ ਤੀਸਰੇ ਨੂੰ ਕਿਹਾ ਸੀ, 'ਰਸ਼ਕੇ ਆਲਿਆਂ ਦੀ ਦੀ ਤਾਂ ਪੈਗੀ ਦਿਹਾੜੀ ਅੱਜ ਦੀ...।"

"ਓ ਰਾਮੂੰ-ਤੂੰ ਬੀ ਕਿਸੇ ਪਾਲਟੀ'ਚ ਰਲ ਜਾਂਦਾ...। ਕੋਈ ਪਲਾਟ ਈ ਲੈ ਲੈਂਦਾ ਸਸਤਾ ਜਾ.. ।" ਚਾਹ ਫੜਾਉਣ ਆਏ ਮੁੰਡੂ ਨੂੰ, ਕਿਸੇ ਜਾਣੂ ਨੇ ਛੇੜਿਆ।

"ਨਾਂ ਪਲਾਟ ਤਾਂ ਮੋਟਾ ਖੋਲਾ ਤਾਂ ਚਾਹੀਦਾ ਈ ਐ ਬਚਾਰੇ ਨੂੰ।" ਕਿਸੇ ਹੋਰ ਨੇ ਹਮਦਰਦੀ ਕੀਤੀ।

ਅੱਜ ਵਾਲਾ ਉਹ ਮੋਚੀ ਮੁੰਡਾ, ਪਰਵਿੰਦਰ ਨੂੰ ਬਿਲਕੁਲ ਉਸ ਰਾਮੂੰ ਵਰਗਾ ਜਾਪ ਰਿਹਾ ਸੀ ਉਹੀ ਗੱਲ ਯਾਦ ਕਰਕੇ, ਪਰਵਿੰਦਰ ਨੇ ਉਸਨੂੰ ਪੁੱਛਿਆ, "ਕਿਉਂ ਬਈ ਥੋਨੂੰ ਨੀ ਕਿਤੇ ਜਗ੍ਹਾ ਮਿਲ਼ੀ ਰਹਿਣ ਨੂੰ ?

"ਮ੍ਹਾਥੋਂ ਤੋ ਸਿਰਦਾਰ ਜੀ, ਨੰਗੀ ਫੁਟਪਾਥ ਪਰ ਬੈਠਨੇ ਕਾ ਬੀ ਕਿਰਾਇਆ ਲੀਆ ਜਾਏ...। ਜਗਾਹ ਕਹਾਂ ਕੀ। ਹਮੇਂ ਰੋਟੀ ਕਾ ਬਚੇ ਨਾ ਬਚੇ, ਰੁਪੈ ਰੋਜ ਰਾ ਮ੍ਹਾਥੋਂ ਕਮੇਟੀ ਲੇ ਲਿਏ ਐ...। ਕਲ ਰੋਜ਼ ਤੀਨ ਰੁਪੈ ਕਾ ਕਾਮ ਹੂਆ। ਬਤਾਂਈਏ ਕੈਸੇ ਗੁਜ਼ਾਰਾ ਕਰੇਂ...।"

"ਐਨੀ ਠੰਢ 'ਚ ਤੁਸੀਂ ਰਹਿੰਦੇ ਕਿੱਥੇ ਓਂ ?" ਪਰਵਿੰਦਰ ਨੇ ਜਾਣਨਾ ਚਾਹਿਆ।

'ਰੈਨਾ ਕਿਆ ਹੈ ਜੀ . । ਉਸ ਜਗ਼ਹ ਮੇਂ ਹਮ ਪਾਂਚ-ਸਾਤ ਲੋਗ ਆਗ ਮਚਾਏ ਲੇਵਾਂ...।" ਉਸਨੇ ਵਿਹਲੀ ਥਾਂ ਵੱਲ ਹੱਥ ਦਾ ਇਸ਼ਾਰਾ ਕਰਕੇ ਕਿਹਾ। "ਉਸੀ ਆਗ ਪਰ ਮੋਟੀ ਸੀ ਰੋਟੀ ਸੇਕ ਲਵਾਂ...।" ਤੋਪਾ ਲਾਕੇ, ਧਾਗਾ ਟੁੱਕਦਾ ਹੋਇਆ ਉਹ ਫਿਰ ਬੋਲਿਆ, "ਏਕ ਰੋਟੀ ਖਾਏ ਕਰ, ਰਾਖ ਕੇ ਪਾਸ ਪੜ ਜਾਵਾਂ...:"

"ਉੱਤੇ ਰਜ਼ਾਈ ਵੀ ਲੈਂਦੇ ਹੋਵੋਗੇ...?"

"ਉੱਪਰ ਤੋ ਏਕ ਚੱਦਰ ਹੋਵੇ...।" ਉਸਨੇ ਉਪਰ ਲਈ ਚਾਦਰ ਦਾ ਨਿੱਘ ਮਹਿਸੂਸ ਕਰਕੇ ਕਿਹਾ।

"ਨੀਂਦ ਆ ਜਾਂਦੀ ਐ ਠੰਢ 'ਚ ?"

"ਨੀਂਦ ਨਈਂ ਆਵੇਂ...। ਕਰਵਟ ਬਦਲਤਾ ਰਹੈਂ।..."

"ਜੇ ਠੰਢ ਨਾਲ ਮਰਜੋਂ ਫੇਰ...?"

'ਭਗਵਾਨ ਰਾਖੇ ਐਂ ਜੀ। ਮਾਨਸ ਮਰ ਬੀ ਜਾਵੇਂ...। ਸਰਦੀ ਸੇ ਕਿਆ ਮੁਕਾਬਲਾ...।"

"ਵੋਟਾਂ ਵੇਲੇ ਕਿਸੇ ਨਾਲ ਸਾਂਦਾ-ਗਾਂਦਾ ਨੀ ਕੀਤਾ?

"ਮ੍ਹਾਨੂੰ ਕੋਨ ਪੂਛੇ ਜੀ...।" ਮੁੰਡੇ ਨੇ ਸਿਰ ਹਿਲਾਕੇ ਦੱਸਿਆ।

'ਵੋਟ-ਪਰਚੀ ਹਮ ਕਿਸੇ ਕੇ ਨਾਮ ਪਰ ਡਾਲ ਦੇਤਾ, ਜਿਸ ਤਰਫ਼ ਸੇ ਥੋੜਾ ਪੀਸ਼ਾ ਮਿਲ ਜਾਏ...।"

ਪਰਵਿੰਦਰ ਦਾ ਬੂਟ ਠੀਕ ਹੋ ਗਿਆ ਸੀ। ਉਸਨੇ ਕੋਟ ਦੀ ਇੱਕ ਜੇਬ ਵਿੱਚ ਹੱਥ ਮਾਰਿਆ। ਭਾਨ ਪੰਜਾਹ ਪੈਸੇ ਦੀ ਨਾਂ ਬਣੀ। ਅਖੀਰ ਉਸਨੇ ਇੱਕ ਰੁਪਿਆ ਕੱਢ ਕੇ ਉਸ ਮੁੰਡੇ ਨੂੰ ਦੇਕੇ ਕਿਹਾ, "ਰੱਖ...ਲੈ . ਯਾਰ...ਚਲ ਗਰੀਬ ਐਂ ਤੂੰ...।" ਵਾਧੂ ਪੈਸੇ ਭਾਵੇਂ ਉਸ ਕੋਲ ਦੇਣ ਲਈ ਨਹੀਂ ਸਨ ਪਰ ਅੱਜ ਸ਼ਾਇਦ ਉਹ ਉਸ ਤੋਂ, ਆਪਣੇ ਕੰਮ ਬਣ ਜਾਣ ਲਈ, ਦਿਲੋਂ ਅਸ਼ੀਰਵਾਦ ਲੈਣਾ ਚਾਹੁੰਦਾ ਸੀ।

ਖੱਬਾ ਹੱਥ ਕੋਟ ਦੀ ਜੇਬ 'ਚ ਪਾਈ ਉਹ ਪ੍ਰੇਡ-ਗ੍ਰਾਉਂਡ ਵੱਲ ਨੂੰ ਤੁਰ ਪਿਆ। ਸੜਕ ਦੇ ਖੱਬੇ ਕਿਨਾਰੇ ਤੇ ਉਸਨੂੰ ਅੱਗੋਂ ਇੱਕ ਕਮਜ਼ੋਰ ਜਿਹਾ ਆਦਮੀ ਦਿਸਿਆ, ਜਿਸਦੇ ਸਿਰ ਤੇ ਚਾਰ ਕੁ ਉਂਗਲਾਂ ਚੌੜੀ ਟੋਪੀ ਲਈ ਹੋਈ ਸੀ। ਉਹ ਵੱਖ ਵੱਖ ਦੇਸ਼ਾਂ, ਪ੍ਰਾਂਤਾਂ ਦੇ ਨਕਸ਼ੇ ਵੇਚ ਰਿਹਾ

ਸੀ। "ਸਰਦਾਰ ਜੀ ਨਕਸ਼ਾ...।" ਨੇੜੇ ਪਹੁੰਚਣ ਤੇ ਉਸਨੇ ਕਿਹਾ। ਉਸਨੇ ਰੁਕਕੇ ਕੁਝ ਨਕਸ਼ੇ ਦੇਖੇ ਭਾਰਤ ਦੇ ਨਕਸ਼ੇ ਦੀ ਵਿਲੱਖਣਤਾ ਅਤੇ ਸੁੰਦਰਤਾ ਅਤੇ ਸੁੰਦਰਤਾ ਉਸਦੇ ਮਨ ਨੂੰ ਟੁੰਬ ਰਹੀ ਸੀ। ਫਿਰ ਉਸਨੇ ਸੋਚਕੇ ਕਿਹਾ, "ਘਰੇ ਜਾਣ ਵੇਲੇ ਦੇਖਾਂਗੇ...ਨਾਲ ਕਿੱਥੇ ਚੁੱਕੀ ਫਿਰਾਂਗੇ......।" ਤੇ ਉਹ ਉੱਥੋਂ ਤੁਰ ਪਿਆ।

ਉਹ ਆਪਣੀਆਂ ਸੋਚਾਂ ਵਿਚ ਮਗਨ ਤੁਰਿਆ ਜਾ ਰਿਹਾ ਸੀ। ਪ੍ਰੇਡ-ਗ੍ਰਾਊਂਡ ਦੀ ਗਹਿਮਾ-ਗਹਿਮੀ ਨੇੜੇ ਹੀ ਦਿਸ ਰਹੀ ਸੀ। ਝੰਡੇ-ਝੰਡੀਆਂ ਲਹਿਰਾ ਰਹੇ ਸਨ। 'ਚ ਹਲ' ਸਾਹਿਬ ਗਣਤੰਤਰ ਦਿਵਸ ਤੇ ਬੋਲ ਰਹੇ ਸਨ। ਉਹ ਜਾਣੀ-ਪਹਿਚਾਣੀ ਅਵਾਜ਼ ਪਰਵਿੰਦਰ ਨੂੰ ਹੋਰ ਵੀ ਪਿਆਰੀ ਲੱਗ ਰਹੀ ਸੀ, 'ਅਸੀਂ ਗਰੀਬਾਂ ਲਈ, ਅਸਾਨ ਕਿਸ਼ਤਾਂ ਤੇ ਮਕਾਨ ਬਣਾਕੇ ਦੇ ਰਹੇ ਹਾਂ। ਉਮੀਦ ਹੈ, ਤੁਹਾਡੇ ਸਹਿਯੋਗ ਨਾਲ ਅਸੀਂ ਇਸ ਟੀਚੇ ਨੂੰ ਆਉਂਦੇ ਕੁਝ ਸਾਲਾਂ ਵਿਚ ਹੀ ਪੂਰਾ ਕਰ ਲਵਾਂਗੇ। ਹਰ ਕੰਮ ਨੂੰ ਸਮਾਂ ਲਗਦਾ ਹੈ...।ਕੰਮ ਵਾਰੀ ਵਾਰੀ ਸਿਰ ਹੋਈ ਜਾ ਰਹੇ ਹਨ।' ਤਾੜੀਆਂ ਨਾਲ ਆਕਾਸ਼ ਗੂੰਜ ਉਠਿਆ। 'ਬੇਰੁਜ਼ਗਾਰਾਂ ਲਈ ਰੁਜ਼ਗਾਰ ਦਾ ਪ੍ਰਬੰਧ ਕਰਨ ਲਈ ਵਿਚਾਰ ਕਰ ਰਹੇ ਹਾਂ...। ਫਿਰ ਵੀ ਨੌਜੁਆਨਾਂ ਨੂੰ ਨੌਕਰੀਆਂ ਲਈ ਨਹੀਂ ਭੱਜਣਾ ਚਾਹੀਦਾ। ਕਿੰਨੇ ਹੀ ਕਾਰੋਬਾਰ ਕੀਤੇ ਜਾ ਸਕਦੇ ਹਨ। ਆਪਣੇ ਪੈਰਾਂ ਤੇ ਖੜੇ ਕਰਨ ਲਈ ਉਪਜਾਊ ਕੰਮ ਢੂੰਡੇ ਜਾ ਰਹੇ ਹਨ। ਵਧਰੇ ਕੰਮ ਕਰਕੇ ਅਸੀਂ ਦੇਸ਼ ਨੂੰ ਖੁਸ਼ਹਾਲ ਕਰ ਸਕਾਂਗੇ। ਅੱਜ ਸਾਡੀ ਤਰੱਕੀ ਨੂੰ ਤੱਕਕੇ, ਹੋਰ ਦੇਸ਼ ਮੂੰਹ ਵਿਚ ਉਂਗਲਾਂ ਪਾ ਰਹੇ ਹਨ। ਪਰ ਕਈ ਦੁਸ਼ਮਣ, ਸਾਡੇ ਕਾਰਖਾਨੇ, ਸਾਡੀਆਂ ਸੜਕਾਂ, ਸਾਡੇ ਪਰੋਜੈਕਟ, ਸਾਡੀ ਵਿਦਿਆ ਸਾਡੀ ਖੁਸ਼ਹਾਲੀ ਤੱਕਕੇ ਸੜਦੇ ਹਨ।'.. ਉਪਰੋਂ ਹਵਾਈ ਜਹਾਜ਼ ਦੋ-ਤਿੰਨ ਚੱਕਰ ਕੱਟ ਗਿਆ ਸੀ। ਪਰਵਿੰਦਰ ਨੇ ਵੀ ਹੋਈ ਤਰੱਕੀ ਬਾਰੇ ਕਿੰਨਾ ਹੀ ਸੋਚਿਆ ਸੀ।

ਸਮਾਗਮ ਖਤਮ ਹੋਣ ਤੇ ਉਹ ਭੀੜ ਵਿਚੋਂ ਹੀ ਕਾਹਲੀ ਕਾਹਲੀ ਸਿਵਲ ਆਰਾਮ ਘਰ ਨੂੰ ਤੁਰ ਪਿਆ, ਜਿਥੇ ਮੰਤਰੀ ਜੀ ਨੂੰ ਲੋਕਾਂ ਦੀਆਂ ਤਕਲੀਫਾਂ ਨੂੰ ਕੁਝ ਘੱਟ ਕਰਨ ਦੇ ਵਾਇਦੇ ਕਰਨੇ ਸਨ।

ਅਗਲੇ ਚੌਂਕ ਤੇ ਉਸਨੂੰ ਲਿਖਿਆ ਦਿਸਿਆ, 'ਨਿਯਮ, ਜ਼ਿੰਦਗੀ ਲਈ, ਪਾਲਣੇ ਜ਼ਰੂਰੀ ਹਨ...।' ਉਸਨੂੰ 'ਨਿਯਮ' ਬਾਰੇ ਯਾਦ ਆ ਗਿਆ, ਜਿਹੜੀ ਉਸਦੀ ਅਰਜ਼ੀ ਉਪਰ, ਉਸਦੇ ਮਿੱਤਰ ਦੇ ਪਿਤਾ ਨੇ, ਇਕ ਸਾਬਕਾ ਮੰਤਰੀ ਕੋਲੋਂ ਲਿਖਵਾਇਆ ਸੀ, 'ਨਿਯਮਾਂ ਅਨੁਸਾਰ ਮਦਦ ਕੀਤੀ ਜਾਵੇ...।' ਹੰਢੇ ਪੈੱਨ ਨਾਲ ਲਿਖਿਆ ਇਹ ਹੁਕਮ, ਉਹ ਸਬੰਧਤ ਦਫ਼ਤਰ ਲੈ ਕੇ ਗਿਆਂ ਸੀ ਤਾਂ ਉਸੇ ਤੋਂ ਹੀ ਪੁੱਛਿਆ ਗਿਆ ਸੀ, 'ਕਿਸ ਨਿਯਮ ਅਨੁਸਾਰ ਤੁਹਾਡੀ ਮਦਦ ਕੀਤੀ ਜਾਵੇ? ਨਿਯਮ ਸਿੱਖ ਕੇ ਫੇਰ ਗੱਲ ਕਰਿਓ...।'

ਹੁਣ ਉਹ ਸਿਵਲ-ਆਰਾਮ ਘਰ ਦੇ ਗੇਟ ਕੋਲ ਪਹੁੰਚ ਗਿਆ ਸੀ। ਲੋਕਾਂ ਦੀ ਅਥਾਹ ਭੀੜ ਤਾਂ ਪਹਿਲਾਂ ਹੀ ਜਮ੍ਹਾਂ ਹੋ ਚੁੱਕੀ ਸੀ। ਵੱਡੇ ਵੱਡੇ ਲੀਡਰ ਹਰਲ-ਹਰਲ ਕਰਦੇ ਫਿਰਦੇ ਸਨ। ਪੁਲੀਸ ਕਾਫ਼ੀ ਗਿਣਤੀ ਵਿਚ ਸੀ। ਮੰਤਰੀ ਜੀ ਨੂੰ ਮਿਲਣ ਲਈ ਭੀੜ ਨੇ ਇਕ ਵੱਡੀ ਸਾਰੀ ਕਤਾਰ ਬਣਾ ਰੱਖੀ ਸੀ। ਪਰਵਿੰਦਰ ਵੀ ਇਕ ਪਾਸੇ ਖੜ੍ਹਾ ਵਿਉਂਤ ਬਣਾ ਰਿਹਾ ਸੀ।

ਪੁਲੀਸ ਦੇ ਜਾਣੂੰ ਇੱਕ-ਦੋ ਬੰਦੇ, ਇਸ਼ਾਰਾ ਸਮਝਕੇ, ਕਤਾਰ ਦੀ ਪਰਵਾਹ ਕੀਤੇ ਬਿਨਾ ਹੀ, ਅੰਦਰ ਧੁੱਸ ਦੇ ਕੇ ਵੜ ਗਏ। ਨਾਲ ਹੀ ਪਰਵਿੰਦਰ ਵੀ ਲੰਘ ਗਿਆ। ਆਪਣੀ ਕੋਸ਼ਿਸ਼ ਨਾਲ ਰਿਸਕਦਾ ਰਿਸਕਦਾ ਉਹ ਮੰਤਰੀ ਵਾਲੇ ਕਮਰੇ ਅੰਦਰ ਪਹੁੰਚ ਗਿਆ। ਮੁਲਾਕਾਤੀ ਮੰਤਰੀ ਜੀ ਨੂੰ ਆਪਣੇ ਤਕਲੀਫ ਦਸਦੇ ਅਤੇ ਦਸਰੇ ਦਰਵਾਜ਼ੇ ਰਾਹੀਂ ਬਾਹਰ ਆ ਜਾਂਦੇ। ਨਿੱਜੀ ਸਹਾਇਕ, ਮੰਤਰੀ ਜੀ ਦੇ ਆਦੇਸ਼ ਨੋਟ ਕਰ ਲੈਂਦਾ ਸੀ।

ਪਰਵਿੰਦਰ ਨੇ ਆਪਣੀ ਵਾਰੀ ਆਈ ਤੋਂ, ਆਪਣੀ ਅਰਜ਼ੀ ਮੰਤਰੀ ਜੀ ਸਾਹਮਣੇ ਜਾ ਰੱਖੀ। ਨਿੱਜੀ-ਸਹਾਇਕ ਨੇ ਅਰਜ਼ੀ ਫੜਕੇ, ਫਾਇਲ'ਚ ਲਾ ਲਈ।

ਪਰਵਿੰਦਰ ਨੇ ਮੰਤਰੀ ਨੂੰ ਕਿਹਾ, "ਚਾਹਲ ਸਾਅਬ, ਜ਼ੋਰ ਦੇਕੇ ਕਰਾਉ ਜੀ ਕੰਮ...। ਪਿਛਲੀ ਵਾਰ ਵਾਲੀ ਨਾ ਹੋਵੇ...।"

"ਕੋਈ ਗੱਲ ਨਹੀਂ...। ਮੈਂ ਮਾਰਕ ਕਰ ਦੂੰਗਾ...।

"ਪਿਛਲੀ ਵਾਰ... ਸਾਬਕਾ ਮੰਤਰੀ ਜੀ ਨੇ ਮੇਰੀ ਅਰਜ਼ੀ ਸਬੰਧਤ ਦਫਤਰ ਨੂੰ ਮਾਰਕ ਕੀਤੀ ਸੀ। ਉਨ੍ਹਾਂ ਨੇ ਮੇਰੀ ਬੇਨਤੀ ਮਨਜ਼ੂਰ ਨਹੀਂ ਕੀਤੀ।"

"ਕੀ ਕਿੰਹਦੇ...?" ਬਿਨਾਂ ਦੇਖੇ ਮੰਤਰੀ ਜੀ ਨੇ ਪੁੱਛਿਆ।

"ਕਹਿੰਦੇ ਮੈਰਟ ਨਹੀਂ ਬਣਦੀ... ਅਸੀਂ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ...।"

ਬਈ ਮੈਰਿਟ ਕਿਵੇਂ ਤੋੜੀ ਜਾ ਸਕਦੀ ਹੈ? ਜਦੋਂ ਤੁਸੀਂ ਨਿਯਮ ਤੋੜਕੇ ਕੰਮ ਕਰੋਨੇ ਓ, ਫੇਰ ਰੌਲਾ ਈ ਪੈਣਾ ਹੈ। ਹਰੇਕ ਕੰਮ ਨੂੰ ਨਿਯਮਾਂ ਅਨੁਸਾਰ ਹੋਈ ਜਾਣ ਦਿਉ...। ਵਾਰੀ ਆਈ ਤੋਂ ਤੁਹਾਨੂੰ ਵੀ ਤੁਹਾਡਾ ਹੱਕ ਮਿਲੂਗਾ। ਰੱਬ ਦੇ ਘਰ ਦੇਰ ਤਾਂ ਹੈ, ਅੰਧੇਰ ਨਹੀਂ ਹੈ..। ਨਾਲੇ ਸੋਚਣ ਵਾਲੀ ਗੱਲ ਹੈ, ਸਭ ਨੂੰ ਨੌਕਰੀ ਕਿਵੇਂ ਮਿਲ ਸਕਦੀ ਹੈ? ਕੋਈ ਹੋਰ ਕਾਰੋਬਾਰ ਵਿੱਢ ਲਉ। ਸਰਕਾਰ ਤੋਂ ਕਰਜ਼ਾ ਲੈ ਲਉ...।" ਮੰਤਰੀ ਜੀ ਦੀ ਰਾਇ ਕਾਫ਼ੀ ਸਿਆਣੀ ਸੀ।

"ਡੁੱਬੀ ਤਾਂ ਜੇ ਸਾਹ ਨਾ ਆਇਆ, ਕਰਜ਼ਾ ਮਿਲ

ਹੀ ਨਹੀਂ ਰਿਹਾ...। ਪਰਵਿੰਦਰ ਨੇ ਕੌੜਾ ਸੱਚ ਮੂੰਹ ਤੇ ਮਾਰਿਆ।

"ਇਸ ਸਕੀਮ ਅਧੀਨ ਥੋਨੂੰ ਪਤੈ ਅਸੀਂ ਕਰੋੜਾਂ ਰੁਪਿਆ ਰਖਿਆ ਹੋਇਐ...। ਬਹੁਤ ਸਾਰੀ ਰਕਮ ਤਾਂ ਵੰਡੀ ਵੀ ਜਾ ਚੁੱਕੀ ਹੈ।"

ਮੈਂ ਵੀ ਵਿਕਾਸ ਏਜੰਸੀ ਵਾਲਿਆਂ ਕੋਲ ਗਿਆ ਸੀ ਜੀ...। ਉਹ ਕਹਿੰਦੇ ਹਨ, "ਇਸ ਸਾਲ ਤਾਂ ਕੋਟਾ ਪੂਰਾ ਹੋ ਗਿਆ...। ਅਗਲੀ ਵਾਰੀ ਕੋਸ਼ਿਸ਼ ਕਰਕੇ ਨੰਬਰ ਲਵਾ ਲਇਓ...।"

"ਬੱਸ ਥੋੜੀ ਜੀ ਤਕਲੀਫ ਤਾਂ ਕਰਨੀ ਪੈਂਦੀ ਹੈ.. ਹਿੰਮਤ ਕਰਿਉ...। ਆ ਗਈ ਵਾਰੀ ਫਿਰ ਤਾਂ ਸਮਝੋ .. ਬੱਸ ਉਡੀਕੋ...।"

"ਉਡੀਕਣ ਤੱਕ, ਕੁਝ ਖਾਣ ਨੂੰ ਵੀ ਚਾਹੀਦਾ ਹੈ ਜੀ...।" ਚਿਰ ਦੀ ਰੋਕੀ ਹੋਈ ਗੱਲ ਅਖੀਰ ਪਰਵਿੰਦਰ ਕਹਿ ਹੀ ਗਿਆ।

"ਦੱਬਕੇ ਕੰਮ ਕਰੋ . । ਰੱਜ ਕੇ ਖਾਓ...। ਕੰਮ ਤਾਂ ਫਿਰ ਕਰਣਾ ਹੀ ਪੈਣਾ ਹੈ।"

"ਕੰਮ ਦਿਉ ਵੀ ..ਕਿ ਲਾਰਿਆਂ ਨਾਲ ਹੀ ਸਾਰੋਗੇ?"

"ਚਲੋ...ਹੋਰ ਵੀ ਲੋਕਾਂ ਦੀਆਂ ਤਕਲੀਫਾਂ ਵੀ ਸੁਣਨੀਆਂ ਹਨ...। ਕਿਸੇ ਹੋਰ ਨੂੰ ਵੀ ਸਮਾ ਦਿਉ...।" ਨਿੱਜੀ ਸਹਾਇਕ ਨੇ ਚਿੱਤਾ ਦੱਸੀ।

"ਕਾਕਾ ਤੁਸੀਂ ਪੜ੍ਹ ਲਿਖਕੇ ਵੀ ਹਨੇਰੇ 'ਚ ਹੀ ਫਿਰਦੇ ਓ...।" ਮੰਤਰੀ ਜੀ ਨੇ ਅਫਸੋਸ ਪਰਗਟ ਕਰਦਿਆਂ ਕਿਹਾ।

"ਹਾਂ ਜੀ ਅਸੀਂ ਹੁਣ ਤੱਕ ਤੁਹਾਡੇ ਫੈਲਾਏ ਅਤੇ ਤੁਹਾਡੇ ਸਹਾਇਕ ਹਨੇਰਿਆਂ ਵਿੱਚ ਹੀ ਫਿਰਦੇ ਰਹੇ ਹਾਂ...।" ਸਹਾਇਕ ਦੇ ਇਸ਼ਾਰੇ ਨੂੰ ਸਮਝਕੇ ਮੰਤਰੀ ਉਸਨੂੰ ਬਾਹਰ ਨੂੰ ਧੱਕ ਰਿਹਾ ਸੀ। ਪਰ ਪਰਵਿੰਦਰ ਜਾਂਦਾ ਜਾਂਦਾ ਵੀ ਨਹੀਂ ਸੀ ਰੁਕ ਸਕਦਾ। "ਮਕਾਨ ਬਣਾਤੇ...ਕਰਜ਼ਾ ਦੇ ਦਿੱਤਾ.. ਰੋਜ਼ਗਾਰ ਵੀ ਦੇ ਦਿੱਤਾ.. ਭਾਸ਼ਣਾਂ ਵਿੱਚ .. ਮੌਤ ਨੀ ਦਿੱਤੀ ਓਹ ਵੀ ਕੱਢ ਲਉ ਕਸਰੇ...।" ਬਾਹਰ ਚਲ ਯਾਰ ਤੂੰ . ।" ਹੌਲਦਾਰ ਵੀ ਗਰਮ ਜਾਪ ਰਿਹਾ ਸੀ। "ਅੱਜ ਤੁਸੀਂ ਮੇਰੇ ਵਰਗਿਆਂ ਬਥੇਰਿਆਂ ਦੇ ਹਨੇਰੇ ਮਨਾਂ 'ਚ ਚਾਨਣ ਸੀਖਕੇ ਜਾਉਗੇ ..। ਚਾਨਣ ਜਵਾਨ ਹੋ ਲੈਣ ਦਿਉ ਫਿਰ ਲੱਭਿਉ ਹਨੇਰਾ...।"

ਵਾਕ ਪੂਰਾ ਕਰਨ ਤੋਂ ਪਹਿਲਾਂ ਹੀ ਉਸਨੂੰ ਧੱਕਾ ਵੱਜਾ ਤੇ ਉਹ ਗੇਟ ਤੋਂ ਬਾਹਰ ਆ ਗਿਆ। ਧੱਕਮਧੱਕੇ ਵਿੱਚ ਉਸਦਾ ਸਰਟੀਫਿਕੇਟਾਂ ਵਾਲਾ ਲਿਫਾਫਾ ਵੀ ਅਧ ਮਰੋੜਿਆ ਜਿਹਾ ਹੋ ਗਿਆ ਸੀ।

o

ਕਨੇਡੀਅਨ ਪੰਜਾਬੀ ਕਵਿਤਾ

## ਐਤਵਾਰ

### ਇਕਬਾਲ (ਰਾਮੂਵਾਲੀਆ)

ਇਕ ਮਸਲਾ ਇਹ ਵੀ ਹੈ
ਕਿ ਕਿਹੜੇ ਹੀਲੇ ਤੋੜਿਆ ਜਾਵੇ
ਹਫਤੇ ਦੇ ਦਿਨਾਂ ਚੋਂ ਐਤਵਾਰ।
ਦਿਨ ਸਾਨੂੰ ਘਣਾਂ ਵਾਂਗੂੰ ਉਲਾਰਦੇ ਨੇ
ਤੇ ਸਾਡੇ ਹੀ ਮੱਥਿਆਂ'ਚ ਉਂਘਦੀਆਂ ਰਾਤਾਂ ਉੱਤੇ
'ਠਾਹ' ਵਰ੍ਹਾਅ ਦੇਂਦੇ ਨੇ।
ਅਸੀਂ ਕਤਰਾ ਕਤਰਾ ਜੁੜਦੀਆ ਨੀਂਦਾਂ
ਖਿਲਾਰ ਲੈਂਦੇ ਹਾਂ,
ਸੁਪਨਿਆਂ'ਚ ਮਸਾਂ ਮਸਾਂ ਪੈਂਦੀ ਸਤਰੰਗੀ ਪੀਂਘ
ਉਧੇੜ ਲੈਂਦੇ ਹਾਂ।
ਬੜੇ ਸਹਿਜੇ ਹੀ ਤੋੜ ਦੇਂਦੇ ਹਾਂ
ਮਸੂਮ ਅੱਖਾਂ'ਚ ਤੈਰਦਾ
ਚਾਕਲੇਟ ਦੀ ਗਾਚੀ ਦਾ ਤਰਲਾ।
ਤੇ ਤੋੜ ਦੇਂਦੇ ਹਾਂ ਬੀਵੀ ਦੀ ਸੰਧੂਰਦਾਨੀ
ਸਹੁਰਿਆਂ ਤੋਂ ਮਿਲੀ ਪਤਲੀ ਅੰਗੂਠੀ ਉਤੇ।
ਨਹੀਂ ਟੁਟਦੀ
ਤਾਂ ਦਿਨ ਦੀਆਂ ਨਹੁੰਦਰਾਂ'ਚੋਂ ਰਾਤ ਨਹੀਂ ਟੁਟਦੀ,
ਤੇ ਨਾ ਹੀ ਤੋੜ ਹੁੰਦਾ ਹੈ
ਹਫਤੇ ਦੇ ਦਿਨਾਂ'ਚੋਂ ਐਤਵਾਰ।
ਹੱਥਾਂ ਉੱਤੇ ਛਲਕਦੇ ਛਾਲੇ
ਸਾਡੇ ਦਸਤਾਨਿਆਂ ਨੇ ਜਲਾਵਤਨ ਕਰ ਦਿੱਤੇ।
ਬੀਅਰ ਦੀ ਝੱਗ'ਚ ਗੁੰਮ ਕਰ ਦਿੱਤੇ
ਅਸੀਂ ਰੂਹਾਂ ਦੇ ਉੱਤੇ ਸੁਲਘਦੇ ਅੱਟਣ।
ਜੁਰਾਬਾਂ'ਚੋਂ ਖਿਸਕ ਕੇ
ਸਿਰ'ਚ ਜਾ ਧੁਖੀਆਂ ਬਿਆਈਆਂ ਨੂੰ
ਕਿਰਾਏਦਾਰ ਦਾ ਕੱਚਾ ਜਿਹਾ ਹਾਸਾ ਹੀ ਠਾਰ ਦੇਂਦਾ ਹੈ।
ਨਹੀਂ ਠਰਦੀ
ਤਾਂ ਬੈਂਕ ਦੀ ਕਾਪੀ'ਚ ਬਲਦੀ ਲਾਟ ਨਹੀਂ ਠਰਦੀ।
ਤਦੇ ਹੀ ਤੋੜ ਨਹੀਂ ਹੁੰਦਾ
ਹਫ਼ਤੇ ਦੇ ਦਿਨਾਂ 'ਚੋਂ ਐਤਵਾਰ।

o (ਲੰਬੀ ਨਜ਼ਮ 'ਕੁਝ ਵੀ ਨਹੀਂ' 'ਚੋਂ)

ਨਜ਼ਮ

## ਕਵਿਤਾ ਦੀ ਕਸਮ

### ਸੁਖਵਿੰਦਰ ਸਿੰਘ ਕੰਬੋਜ

ਪਿਆਰੇ ਘਰ ! ਕੀ ਤੇਰੀ ਕਸਮ ਖਾਵਾਂ ?
ਜੋ ਫ਼ਕੀਰੀਏ ਦੀ ਹੱਟੀ ਤੋਂ ਲੈ ਕੇ
ਬੈਂਕ ਦੀਆਂ ਮਿਸਲਾਂ ਤੀਕ ਤੋੜ ਜ਼ਖਮੀ ਹੈ

ਸ਼ਾਨਦਾਰ ਮੁਹੱਲੇ ! ਕੀ ਤੇਰੀ ਛਾਂ ਥੱਲੇ ਬੈਠਾ ?
ਜੋ ਪਤਾ ਨਹੀਂ ਕਦੋਂ ਦਾ ਈਰਖਾ ਦੇ
ਸਮੁੰਦਰ 'ਚ ਡੁੱਬ ਰਿਹਾਂ ਹੈ-੦
ਮੇਰੇ ਪਿੰਡ ! ਤੇਰੇ ਕੋਲ ਨਿੱਘ ਹੋਣੈ—
ਪਰ ਕਿਥੇ, ਤੂੰ ਤਾਂ ਸਦੀ ਦੇ ਪਹਿਲੇ ਸਵੇਰੇ ਤੋਂ ਹੀ
ਵਿਰਕਾਂ ਤੇ ਤਖਾਣਾ 'ਚ ਵੰਡਿਆ ਖੜਾ ਹੈ
ਤੇ ਅਫ਼ਸੋਸ ! ਘੋੜਿਆਂ ਦੀਆਂ ਪਿੱਠਾਂ
ਤੇ ਉਸਰਨ ਵਾਲੇ ਸੱਚ ਦਾ ਇਤਿਹਾਸ
ਘੋੜਿਆਂ ਨਾਲ ਹੀ ਜਲਾਵਤਨ ਹੋ ਗਿਐ-੦
ਐ ਪੰਜਾਬ ! ਕੀ ਤੇਰੀ ਬਾਤ ਪਾਵਾਂ ?
ਪਰ ਅੱਜ ਕੱਲ ਮੈਥੋਂ ਵੱਧ ਤੇਰੇ ਕੋਲ
ਮਜ਼ੇਦਾਰ ਖ਼ਬਰਾਂ ਦਾ ਅੰਨ੍ਹਾ ਵੇਗ ਹੈ
ਮਸਲਨ ਗੋਲੀ ਬੰਦੇ ਨੂੰ ਨਹੀਂ, ਕਿਸ ਧਰਮ ਨੂੰ ਵੱਜਦੀ ਹੈ
ਤੇ ਬੰਦਾ ਬੰਦਾ ਨਹੀਂ, ਕਿਸ ਫ਼ਿਰਕੇ ਦਾ ਦੁੰਮਛੱਲਾ ਹੈ-੦
ਮੇਰੇ ਤੇ ਲੱਦੇ ਸਮਾਜ ! ਤੇਰੇ ਕੋਲ ਮੇਰੇ ਲਈ ਵਕਤ ਕਿਥੇ
ਤੂੰ ਤਾਂ ਬੰਦੇ ਦੇ ਸੰਸਥਾ 'ਚ ਬੱਝਣ ਵੇਲੇ ਤੋਂ ਹੀ
ਹਮਕ ਮਾਰਦੇ ਨੈਤਿਕਤਾ ਦੇ ਪਾਣੀਆਂ'ਚ ਤਿਲ ਮਿਲਾ ਰਿਹੈ
ਮਾਤਭੂਮੀ ! ਤੇਰੀ ਕਸਮ ਕਿੰਜ ਖਾਵਾਂ
ਤੂੰ ਤਾਂ ਈਸਟ ਇੰਡੀਆ ਕੰਪਨੀ ਵੇਲੇ ਤੋਂ ਹੀ
ਪੌਡਾਂ, ਡਾਲਰਾਂ ਤੇ ਰੂਬਲਾਂ 'ਚ ਗਿਰਵੀ ਹੈ
ਇਸ ਲਈ ਹੇ ਮੇਰੇ ਸ਼ਾਂਨਾ ਮੱਤੇ ਇਤਿਹਾਸ !
ਮੈਂ ਤੇਰੀ ਕਸਮ ਖਾਂਦਾ ਹਾਂ-੦
ਇਹ ਫਿਰਕੂ ਬੱਦਲ ਸਦਾ ਨਹੀਂ ਰਹਿਣੇ
ਕਿ ਜਥੇਬੰਦ ਵਕਤ ਕਰਵਟ ਲੈ ਰਿਹੈ
ਕਿ ਡਾਲਰਾਂ ਤੇ ਰੂਬਲਾਂ ਦੇ ਦੈਂਤ
ਕਿਰਤ ਦੇ ਰੱਟਣਾਂ ਨੇ ਸੱਥ ਵਿਚਕਾਰ ਕੁੱਟਣੇ ਹਨ
ਸੋ ਹੇ ਮੇਰੇ ਸ਼ਾਨਾ ਮੱਤੇ ਇਤਿਹਾਸ !!
ਹਾਲ ਦੀ ਘੜੀ ਮੈਂ ਆਪਣੀ ਕਵਿਤਾ ਲਈ
ਤੇਰੀ ਤੇ ਸਿਰਫ ਤੇਰੀ ਕਸਮ ਖਾਂਦਾ ਹਾਂ-੦
੦

## ਉਹ ਨਹੀਂ ਜਾਣਦਾ

**ਧਰਮ ਪਾਲ ਉਪਾਸ਼ਕ**

ਜੇਲ੍ਹ ਅੰਦਰ
ਮਰੀ ਹੋਈ ਅਵਾਜ਼ ਵਿਚ
ਸੱਭ ਹੱਛਾ ਕਹਿਣ ਵਾਲਾ
ਨਹੀਂ ਜਾਣਦਾ
ਸੱਭ ਹੱਛਾ ਕਦੋਂ ਹੁੰਦਾ ਹੈ
ਉਹ ਨਹੀਂ ਜਾਣਦਾ
ਸੱਭ ਹੱਛਾ ਕਿਤੇ ਵੀ ਨਹੀਂ
ਕੈਦੀ ਜੋ ਸੱਭ ਕਰਨਾ ਚਾਹੁੰਦੇ
ਡੱਕ ਦਿਤੇ ਗਏ
ਸਭ ਹੱਛਾ ਦੀ ਸਾਜ਼ਸ਼ ਭਰੀ ਅਵਾਜ਼ ਵਿਚ
ਉਹ ਨਹੀਂ ਜਾਣਦਾ
ਸ਼ੁਭ ਹੱਛਾ
ਕਿਸੇ ਹਾਕਮ ਦੇ
ਮਕਾਰੀ ਭਰੇ ਭਾਸ਼ਣ ਨਾਲ ਨਹੀਂ ਹੋਣਾ
ਤੇ ਨਾ ਹੀ
ਜੇਲ੍ਹ ਦੀਆਂ ਸੀਖਾਂ ਨਾਲ ਟਕਰਾਕੇ
ਆਤਮ ਹਤਿਆ ਕਰ ਰਹੀ
ਸਭ ਹੱਛਾ ਦੀ ਅਵਾਜ਼ ਵਿਚੋਂ
ਉਹ ਨਹੀਂ ਜਾਣਦਾ
ਕਿਉਂ ਉਦਾਸ ਨੇ
ਉਸਦੇ ਬੀਵੀ ਬਚਿੱਆਂ ਦੇ ਚਿਹਰੇ
ਸ਼ਾਹੂਕਾਰ ਦੀ ਵਹੀ ਦਾ ਖੰਜਰ
ਪੀੜੀ ਦਰ ਪੀੜੀ
ਛਾਤੀਆਂ ਵਿਚ ਡੂੰਘਾ ਉਤਰਦਾ ਰਿਹਾ
ਕਦੋਂ ਨਿਕਲੇਗਾ।
ਉਹ ਤਾਂ ਏਹੀ ਜਾਣਦਾ ਹੈ
ਕਿ ਮੁਟਿਆਰ ਨਾਲ ਬਲਾਤਕਾਰ ਕਰਕੇ ਆਇਆ
ਤੇ ਬੇੜੀਆਂ ਵਿਚ ਜਕੜਿਆਂ
ਹਕੂਮਤ ਤੋਂ ਬਾਗੀ
ਸਭ ਕੈਦੀ ਹੁੰਦੇ ਹਨ
ਉਹ ਜਾਣਦਾ ਹੈ
ਸਾਹਬ ਨੂੰ ਕਿਵੇਂ ਸਲੂਟ ਮਾਰਨਾ
ਤੇ ਚੁੱਪ ਚਾਪ ਦਿਲ ਦੀਆਂ ਸੱਧਰਾਂ ਨੂੰ
ਕਰਮਾ ਦੀ ਸੂਲੀ ਤੇ ਚਾੜਨਾ
ਉਹ ਨਹੀਂ ਜਾਣਦਾ
ਲੋਕ
ਅੱਗੇ ਹੀ ਅੱਗੇ
ਕਿਉਂ ਵਧ ਰਹੇ ਨੇ
ਉਹ ਨਹੀਂ ਜਾਣਦਾ
ਇਹ ਉਦਾਸੀ ਕਦੋਂ ਟੁੱਟੇਗੀ
ਤੇ ਉਸ ਦੀ ਜ਼ਿੰਦਗੀ ਦੀ
ਆਪਣੀ ਕੈਦ ਕਦੋਂ ਮੁੱਕੇਗੀ।
੦

## ਬੜਾ ਖਾਨਾ

**ਜਨਮੀਤ**

ਕੁਝ ਲਫਟੈਣ
ਤੇ ਕੁਝ ਕਪਤਾਨ
ਕੁਝ ਮੇਜਰ, ਕੁਝ ਕਰਨਲ
ਦੋ ਸੀ. ਓ.
ਤੇ ਕਈ ਜਵਾਨ

ਅੱਜ ਬੜੇ ਖਾਣੇ ਦਾ
ਹੋਇਆ ਹੈ ਐਲਾਨ ।

ਸਾਰੇ ਜਵਾਨ
(ਵਿਚਾਰੇ ਇਨਸਾਨ)
ਨੱਚ ਰਹੇ ਹਨ
ਗਾ ਰਹੇ ਹਨ
ਦੱਬ ਕੇ ਊਧਮ
ਮਚਾ ਰਹੇ ਹਨ
ਕਿਉਂ ਜੋ ਰੱਜ ਕੇ
ਰੱਮ ਪੀਤੀ ਹੈ
ਕਿਉਂ ਜੋ ਰੱਜ ਕੇ
ਮੀਟ ਹੈ ਖਾਧਾ ।

ਅਫਸਰ ਸਾਰੇ
ਵੇਖ ਰਹੇ ਹਨ
ਜਿੱਕਣ ਇਹ
ਕੰਜਰੀਆਂ ਮੁਜਰਾ ਕਰ ਰਹੀਆਂ ਹਨ ।
ਇਹ ਹੈ ਸ਼ਾਇਦ
ਹੱਕ ਇੰਨ੍ਹਾਂ ਦਾ
ਕਿਉਂਕਿ ਇਹ ਸਰਕਾਰ ਦੇ
ਸਭ ਤੋਂ ਵਧੀਆ
ਨਸਲ ਦੇ ਕੁੱਤੇ ਜੋ ਹਨ ।

ਬਾਹਰ ਦਾ
ਜਾਂ ਫਿਰ ਅੰਦਰ ਦਾ
ਦੁਸ਼ਮਣ ਕੋਈ
ਜਦ ਵੀ ਕਦੇ
ਵਲਗਣ ਟੱਪੇਗਾ
ਇਹ ਭੌਂਕਣਗੇ
ਲੱਤ ਵੱਢਣਗੇ
ਸਿਰ ਕੱਟਣਗੇ
ਖੁਸ਼ ਹੋਵਣਗੇ
ਕਿਉਂਕਿ ਸਿਰ ਵੱਢਣ ਦੇ ਬਦਲੇ
ਨਸਲ ਇਨ੍ਹਾਂ ਦੀ
ਹੋਰ ਵੀ ਵਧੀਆ ਹੋ ਜਾਵੇਗੀ
ਰੈਂਕ ਵਧੇਗਾ ।

ਇੰਝ ਲਗਦਾ ਹੈ
ਇਸ ਸਭ ਵਧੀਆ
ਨਸਲੀ ਕੁੱਤੇ
ਸਾਰੇ ਦੇ ਸਾਰੇ ਹੀ ਡਗ ਹਨ
ਜਿਨ੍ਹਾਂ ਦੇ ਮੂੰਹ ਦਾ ਸਾਈਜ਼ ਸਾਡੀ
ਵੱਡੀ ਸਰਕਾਰੇ, ਦਰਬਾਰੇ
ਫਾਈਲਾਂ ਅੰਦਰ
ਪਾਲਸੀਆਂ ਵਿਚ ਬੰਦ ਪਿਆ ਹੈ
ਪਰ ਇਹਨਾਂ ਨੂੰ
ਕਦੇ ਵੀ ਇਹ ਅਹਿਸਾਸ ਨਹੀਂ ਹੋਇਆ ।

ਦਾਨਸ਼ਵਰ ਭੁੰਜਲਾ ਸਕਦੇ ਹਨ
ਪਰ ਕੁੱਤਿਆਂ ਨੂੰ
ਫਰਕ ਕਦੇ ਵੀ
ਕੁਝ ਨਈਂ ਪੈਣਾ
ਕੁੱਤਿਆਂ ਨੇ ਤਾਂ ਆਖ਼ਿਰ
ਕੁੱਤੇ ਹੀ ਹੈ ਰਹਿਣਾ ।
ਹਿੰਦੀ ਕਵਿਤਾ

o

## ਦਰਿਆਵਾਂ ਦਾ ਗੀਤ ਖੋਹਿਆ ਨਹੀਂ ਜਾ ਸਕਦਾ

**ਲੇਖਕ:- ਕੁਮਾਰੇਂਦਰ ਪਾਰਸਨਾਥ ਸਿੰਘ**

ਪੰਜਾਬੀ ਰੂਪ:-ਬਲਬੀਰ ਪਰਵਾਨਾ

ਹਿਮਾਲੀਆ ਦੀਆਂ ਸਿਖਰਾਂ ਤੋਂ ਪਿਘਲ ਕੇ
ਹੇਠਾਂ ਉਤਰ ਆਉਣ ਵਾਲੀਆਂ ਸੂਰਜੀ ਕਿਰਨਾਂ
ਸਾਨੂੰ ਵੀ ਛੂਹਦੀਆਂ ਹਨ
ਫਿਰ ਸਾਥੋਂ ਸਾਡੀਆਂ ਨਦੀਆਂ ਦਾ ਗੀਤ
ਕਿਉਂ ਖੋਹ ਲਿਆ ?
ਕੀ ਇਹ ਗੀਤ ਕਿਸੇ ਜਾਤੀ ਦੀ ਜ਼ਿੰਦਗੀ 'ਚ ਵਰਜਤ ਹੈ ?
ਸਾਡੇ ਦੁੱਧ ਮੂੰਹੇ ਬੱਚੇ
ਦੁਧ-ਨਹਾਤੀ ਚਾਨਣੀ ਮੰਗਦੇ ਹਨ—
ਉਨ੍ਹਾਂ ਦੇ ਮੂੰਹ 'ਚੋਂ ਲਾਵਾ ਫੁੱਟ ਰਿਹਾ ਹੈ
ਅਤੇ ਮਾਵਾਂ ਉਜੜੇ ਵਿਹੜੇ ਦੇ ਦ੍ਰਿਸ਼ ਤੋਂ ਸਹਿਮ ਕੇ
ਸੂਰਜ ਨੂੰ ਆਪਣੇ ਪੱਲੇ ਦੇ ਹਨੇਰੇ 'ਚ ਹੀ
ਲਪੇਟ ਲੈਣਾ ਚਾਹੁੰਦੀਆਂ ਹਨ

ਉਹ ਜਾਂਣਦੀਆਂ ਹਨ :
ਸਵੇਰੇ ਘਰਾਂ 'ਚ ਬੁੱਝੇ ਚੁਲ੍ਹੇ
ਬੁੱਝੇ ਵੀ ਰਹਿ ਜਾਣਗੇ—
ਉਹ ਗੋਲਾ ਬਾਰੂਦ ਦੇ ਡਰ ਨਾਲ ਨਹੀਂ
ਆਪਣੀ ਖੁਰਾਕ ਖਾ ਕੇ ਜਾਗਦੇ ਹਨ

ਮਾਵਾਂ ਨੀਂਦ 'ਚ ਇਕ ਸੁਪਨਾ ਉਣ ਰਹੀਆਂ ਸੀ
ਉਨ੍ਹਾਂ ਨੂੰ ਉਹ ਵੀ ਨਾ ਕਰਨ ਦਿੱਤਾ ਗਿਆ—
ਜਦੋਂ ਕਿ ਸੁਪਨੇ ਉਣਨਾ ਕੋਈ ਗੁਨਾਹ ਨਹੀਂ ਹੁੰਦਾ

ਸੂਰਜਮੁੱਖੀ ਤੇ ਸੰਗੀਨ ਵਿਚਾਲੇ ਖੜੀ ਹੋ ਰਹੀ
ਤੁਹਾਡੀ ਇਹ ਭਾਸ਼ਾ ਸਾਡੀ ਸਮਝ 'ਚ ਨਹੀਂ ਆਉਂਦੀ
ਕੀ ਤੁਹਾਡੀਆਂ ਗੋਲੀਆਂ—
ਸਾਥੋਂ ਸਾਡੇ ਦਰਿਆਵਾਂ ਦਾ ਗੀਤ ਖੋਹ ਲੈਣਗੀਆਂ ?

ਸਾਡੀ ਇਹ ਧਰਤੀ
ਜਵਾਲਾ ਮੁਖੀ ਦੇ ਰੂਬਰੂ ਵੀ ਮੁਸਕਰਾਉਂਦੀ ਹੈ

ਅਸੀਂ ਹਰ ਵਾਰ ਜਦੋਂ ਹਨੇਰੇ 'ਚ
ਆਪਣੀ ਭਾਸ਼ਾ ਭੁੱਲ ਜਾਂਦੇ ਹਾਂ
ਸਾਨੂੰ ਇਕ ਨਵੀਂ ਜ਼ਬਾਨ ਦਿੰਦੀ ਹੈ
ਤੁਸੀਂ ਸਾਥੋਂ ਸਾਡੇ ਦਰਿਆਵਾਂ ਦਾ ਗੀਤ ਨਹੀਂ ਖੋਹ ਸਕਦੇ
ਮਿੱਟੀ ਉਨ੍ਹਾਂ ਦੇ ਮੂੰਹ 'ਚ
ਇਕ ਨਵੀਂ ਜ਼ਬਾਨ ਪਾ ਦੇਵੇਗੀ।
o

## ਪਰਕਰਮਾ

### ਗੁਰਚਰਨ ਰਾਮਪੁਰੀ

ਤਾਜ ਤਖ਼ਤ ਤੋਂ ਪਰਚੀ ਤੱਕ ਦਾ ਸਫ਼ਰ ਲੰਮੇਰਾ,
ਉਸਤਰਿਆਂ, ਅੰਗਿਆਰਾਂ ਉੱਪਰ ਤੁਰ ਕੇ
ਏਸ ਪੜਾ ਅੱਪੜੇ ਹਾਂ।
ਧਰਤੀ ਦੇ ਬੰਧਨ ਦੀ ਬੇੜੀ ਦੀ ਇੱਕ ਕੜੀ ਤਿੜਕ ਚੁੱਕੀ ਹੈ
ਬੰਦਾ ਚੰਦਰਮਾਂ ਦੀ ਹਿੱਕ ਤੇ ਪੈੜਾਂ ਕਰਕੇ ਮੁੜ ਆਇਆ ਹੈ।

ਪਰ ਅੱਜ ਵੀ ਮਹਿਲਾਂ ਵਿਚ ਸਾਜ਼ਿਸ਼ ਦਾ ਹੀ ਵਾਰਾ ਪਹਿਰਾ
ਆਪਣਿਆਂ ਨਾ ਗ਼ੈਰਾਂ ਉੱਤੇ ਕੋਈ ਭਰੋਸਾ।
ਮਹਾਂ-ਮੰਤਰੀ ਦਾ ਕਾਇਰ ਪੁੱਤ ਵਿਭਚਾਰੀ ਤੇ ਪੱਥਰ ਚਿੱਤ ਹੈ
ਝੂਮ ਰਿਹਾ ਸ਼ਹਿਜ਼ਾਦਾ ਨਾਚੀ ਦੀ ਚੋਲੀ ਵਿਚ
ਲੁਕਿਆ ਹੋਇਆ ਖੰਜਰ ਤਾੜ ਰਿਹਾ ਹੈ।

ਰਾਣੀ ਦੀ ਸੇਜਾ ਤੇ ਨਵਾਂ ਦਾਸ ਹਰ ਆਥਣ ਹੁੰਦਾ
ਹੰਕਾਰੀ ਗਰਦਨ ਵਿਚ ਫਿਰ ਵੀ ਕੋਈ ਲਚਕ ਨਹੀਂ ਹੈ।

ਤੀਰ-ਅੰਦਾਜ਼ ਸ਼ਿਕਾਰੀ ਦੇ ਸਿਰ
ਕਲਗੀ ਵਾਲਾ ਤਾਜ ਲੜਾਉ,
ਜਾਂ ਆਨੇ ਦੀ ਸਸਤੀ ਟੋਪੀ;
ਤੜਪ ਰਹੇ ਜ਼ਖ਼ਮੀ ਪੰਛੀ ਨੂੰ ਏਸ ਫ਼ਰਕ ਦਾ
ਕੀ ਫ਼ਾਇਦਾ ਹੈ ?

ਨਿਰਧਨ ਨੂੰ ਤਾਂ ਜਾਪ ਰਿਹਾ ਇਹ ਕੋਹਲੂ ਵਾਲਾ ਫੇਰਾ
ਤਾਜ ਤਖ਼ਤ ਤੋਂ ਪਰਚੀ ਤੱਕ ਦਾ ਸਫ਼ਰ ਲੰਮੇਰਾ।
o

## ਗੀਤ

### ਜਸਵਿੰਦਰ

ਟਿੱਬਿਆਂ ਦੇ ਵਿੱਚ ਤੇਰੇ ਢੱਗੇ ਹਾਰ ਗਏ,
ਪੱਕੀ ਕਣਕ ਨੂੰ ਗੜੇ ਮਾਰ ਗਏ।
ਤੇਰੀ ਕਿੱਥੇ ਰੁਲੀ ਤਕਦੀਰ ਵੇ !
ਸੁਣ ਮੱਖਣਾ, ਤੇਰੇ ਬਾਗਾਂ 'ਚ ਉੱਗੇ ਕਰੀਰ ਵੇ।
ਟਿੱਬਿਆਂ ਦੇ ਵਿੱਚ ਮੇਰੀ ਰੁਲ ਗਈ ਜਵਾਨੀ।
ਢੱਗਿਆਂ ਦੀ ਗੁੰਮ ਹੋਈ ਰਵਾਨੀ।
ਕਿਤੇ ਕਿਰ ਗਏ ਬੰਗਲੇ ਸਾਲ ਨੀ।
ਸੁਣ ਅੰਮੀਏ, ਸਾਡੇ ਹਾਲੀਆਂ ਦੇ ਮੰਦੜੇ ਹਾਲ ਨੀ।
ਚਿੜੀ ਜਨੌਰਾਂ ਦਾ ਨਾਂ ਲੈ ਕੇ
ਜਾਂਦੇ ਰਾਹੀਆਂ ਲਈ ਕੁੱਝ ਕਹਿ ਕੇ,
ਤੂੰ ਸਿਆੜੀਂ ਅੰਨ ਕੇਰਦਾ।
ਸੁਣ ਮੱਖਣਾ, ਕੋਈ ਨਾਗ ਪਿੜਾਂ ਨੂੰ ਘੇਰਦਾ।
ਭੁੱਖਿਆਂ ਨੂੰ ਅੰਨ ਦੇਣਾ ਧਰਮ ਹੈ।
ਖ਼ੁਦਗਰਜ਼ੀ ਤਾਂ ਚਿੱਤ ਦਾ ਭਰਮ ਹੈ,
ਏਸੇ ਨੇ ਜੱਗ ਮਾਰਿਆ,
ਸੁਣ ਅੰਮੀਏ, ਸਾਡੇ ਬੋਹਲਾਂ ਨੂੰ ਇਹਨੇ ਡਕਾਰਿਆ,
ਜੁੜਿਆ ਰਿਜ਼ਕ ਨਾ ਜੁੜ ਗਏ ਦੁਖੜੇ,
ਜਿਸਮਾਂ ਦੇ ਮੁੱਲ ਵਿਕਦੇ ਟੁਕੜੇ,
ਕੀ ਜੱਗ ਦਾ ਦਸਤੂਰ ਵੇ !
ਸੁਣ ਮੱਖਣਾ, ਏਥੇ ਧੀਆਂ ਦਾ ਜੰਮਣਾ ਕਸੂਰ ਵੇ।
ਇਸ ਜੱਗ ਦੀ ਤੂੰ ਗੱਲ ਕੀ ਆਖੀ,
ਬਿੱਲੀਆਂ ਬੈਠਣ ਦੁੱਧ ਦੀ ਰਾਖੀ,
ਰਲ ਗਏ ਕੁੱਤਾ ਤੇ ਚੋਰ ਨੀ,
ਸੁਣ ਅੰਮੀਏ ! ਸਾਡਾ ਕੰਮੀਆਂ ਦਾ ਚਲਦਾ ਨਾ ਜ਼ੋਰ ਨੀ।
ਜ਼ੋਰ ਤੇਰਾ ਹੈ ਚੋਰੀ ਹੋਇਆ,
ਚੋਰਾਂ ਨੇ ਇਹ ਮਹਿਲੀਂ ਢੋਇਆ,
ਉੱਠ ਤੂੰ ਕਰ ਪੜਤਾਲ ਵੇ !
ਸੁਣ ਮੱਖਣਾ, ਜ਼ਰਾ ਪਗੜੀ ਤਾਈਂ ਸੰਭਾਲ ਵੇ।
ਦਿਲ ਦੇ ਫੱਟ ਨਾ ਜਾਣ ਸਹਾਰੇ,
ਮੁੱਕ ਗਏ ਨੇ ਹੁਣ ਹੀਲੇ ਸਾਰੇ,
ਚੁੱਕਣੀ ਪਊ ਤਲਵਾਰ ਨੀ।
ਸੁਣ ਅੰਮੀਏ ! ਸਾਡਾ ਜ਼ਿੰਦਗੀ ਦੇ ਨਾਲ ਕਰਾਰ ਨੀ।
o

ਕਵਿਤਾ

## ਅਸੀਂ ਜੋ ਪੜ੍ਹਿਆ ਨਹੀਂ

### ਦਰਸ਼ਨ ਬੁਲੰਦਵੀ

ਅਸੀਂ ਤਾਂ ਪੜ੍ਹਿਆ ਕਰਦੇ ਸਾਂ
ਕਿ ਭਾਰਤ ਇਕ ਸੋਨੇ ਦੀ ਚਿੜੀ
ਅੱਜ ਸੱਖਣੇ ਰੁੱਖਾਂ ਦੀਆਂ ਕਤਾਰਾਂ ਨੂੰ
ਜਦ ਤੀਜੀ ਅੱਖ ਨਾਲ ਜਾਚਿਆ
ਕਿ ਕਿਤੇ ਉਹਦਾ ਆਲ੍ਹਣਾ ਲੱਭ ਕੇ
ਭੁੱਲ ਜਾਵਾਂਗੇ ਰੁੱਖਾਂ ਦੀ ਪੱਤਝੜ
ਤੇ ਉਹਦੇ ਸੋਨੇ ਦੇ ਆਂਡਿਆਂ 'ਚੋਂ
ਮਿਲ ਜਾਏਗਾ ਕੋਈ ਸਿਰਜਿਆ ਭਵਿੱਖ
ਪਰ ਜਾਂਚ ਦਾ ਪ੍ਰਤੀਕਰਮ ਸੀ
ਕਿ ਰੁੱਖਾਂ ਦੇ ਕਰੋੜਾਂ ਆਲ੍ਹਣਿਆਂ ਵਿਚ
ਕਿਤੇ ਵੀ ਉਹਦਾ ਵਾਸ ਨਹੀਂ ਏ।
ਉਦਾਸ ਖੇਤਾਂ ਦੇ ਅਸਮਾਨ 'ਚ

ਕਿਤੇ ਵੀ ਉਹਦੀ ਉਡਾਰ ਨਹੀਂ ਏ ।
ਕਿਸੇ ਵੀ ਪਹੁ ਫਟਾਲੇ ਦੀ ਲਾਲੀ 'ਚ
ਉਹਦੀ ਚੂੰ ਚੂੰਕਾਰ ਨਹੀਂ ਏ ।

ਹੋਰ ਵੀ ਪੜ੍ਹਿਆ ਕਰਦੇ ਸਾਂ
ਕਿ ਭਾਰਤ ਪੀਰਾਂ ਪੈਗੰਬਰਾਂ ਦੀ ਧਰਤੀ
ਦੁਆਲੇ ਤੱਕਿਆ ਤਾਂ ਪੀਰਾਂ ਦੇ ਬੋਹੜ ਹੇਠ
ਹੁਣ ਨਿਆਜ਼ ਦੀਆਂ ਝੋਲੀਆਂ ਨਹੀਂ
ਮਜ਼ਬ੍ਹ ਦੇ ਠੇਕੇ ਨੀਲਾਮ ਹੁੰਦੇ ਨੇ ।
ਪੈਗ਼ੰਬਰੀ ਅਰਥਾਂ ਦੀ ਸ਼ਰਨ ਆਇਆਂ ਦੇ
ਹੱਥਾਂ ਪੈਰਾਂ 'ਚ ਕਿੱਲ ਠੁੱਕਦੇ ਨੇ ।
ਮਜ਼ਲੂਮਾਂ ਦੇ ਜ਼ਖ਼ਮ ਭਰ ਭਰ ਕੇ
ਵਿਚੋਂ ਬਾਹਰੀ ਡੁੱਲ ਰਹੇ ਹਨ
ਰਾਜ ਦਰਬਾਰ ਦੀਆਂ ਮੱਖੀਆਂ
ਹੱਗਣੋਂ ਬਾਜ਼ ਨਹੀਂ ਆਉਂਦੀਆਂ
ਅਣ-ਮਨੁੱਖੀ ਕੋਹੜ ਵੰਡਦੀਆਂ
ਗੰਦੀ ਨਾਲੀ ਨਹੀਂ ਛੱਡ ਰਹੀਆਂ ।
ਇੰਜ ਹੀ ਕੁੱਝ ਹੋਰ ਪੜ੍ਹਿਆ ਕਰਦੇ ਸਾਂ
ਕਿ ਭਾਰਤ ਦੁੱਧ ਘਿਉ ਦੀਆਂ ਨਦੀਆਂ ਵਾਲਾ ਦੇਸ਼
ਮੈਂ ਜਦ ਵੀ ਭੌਂ ਕੇ ਦੁਆਲੇ ਤੱਕਿਆ
ਨਦੀਆਂ ਦੀ ਸੁੱਕੀ ਰੇਤ ਹੀ ਅੱਖਾਂ 'ਚ ਉੜ੍ਹੀ ।
ਨਵੇਂ ਪੁੰਗਰਦੇ ਰੁੱਖਾਂ ਨੂੰ
ਖੁਸ਼ਕ ਰੇਤਾਂ ਦੀ ਤਾਸੀਰ ਹੀ ਸਿੰਜਦੀ ਦਿਸੀ ।
ਕਿਤੇ ਵਗਦੀ ਆੜ੍ਹ ਦਾ ਝਾਉਲਾ ਨਹੀਂ ਪਿਆ ।
ਇਹ ਨਿਪੱਤਰੇ ਰੁੱਖ ਆਪਣੀ ਧਰਤੀ ਨੂੰ
ਭਲਾ ਕਿਨੀ ਕੁ ਛਾਂ ਨਾਲ ਮੁਖ਼ਾਤਿਬ ਹੋ ਸਕਦੇ ਹਨ
ਜਦੋਂ ਕਿ ਇਨ੍ਹਾਂ ਦੀਆਂ ਜੜ੍ਹਾਂ ਦਾ ਨਾੜੂ
ਕਾਲ ਦੇ ਸੋਕੇ ਨੇ ਝੁਲਸ ਦਿਤਾ ਹੋਵੇ,
ਇਨ੍ਹਾਂ ਨੂੰ ਗੁੜ੍ਹਤੀ 'ਚ
ਥੱਲ ਤੇ ਰੇਗਸਤਾਨ ਹੀ ਮਿਲੇ ਹੋਣ,
ਅੰਗਿਆਰਾਂ ਦੀਆਂ ਭੱਖਦੀਆਂ ਪੌਣਾਂ 'ਚ
ਇਨ੍ਹਾਂ ਦੇ ਸਾਹ ਸੂਤੇ ਗਏ ਹੋਣ ।
ਮੰਨਿਆ ਜੇ ਹੋਵੇਗੀ, ਅੱਜ ਵੀ
ਭਾਰਤ ਸੋਨੇ ਦੀ ਚਿੜੀ
ਤਾਂ ਪੂੰਜੀਪਤੀਆਂ ਦੇ ਪਿੰਜਰੇ 'ਚ ਹੀ
ਦਮ ਤੋੜ ਗਈ ਹੋਵੇਗੀ ।
ਦੁੱਧ ਘਿਉ ਦੀਆਂ ਨਦੀਆਂ ਵੀ
ਉਨ੍ਹਾਂ ਦੇ ਬਾਗ਼ ਬਗ਼ੀਚੇ ਨੂੰ ਹੀ ਸਿੰਜਦੀਆਂ ਹੋਣਗੀਆਂ ।
ਅਖਾਉਤੀ ਪੀਰ ਪੈਗੰਬਰਾਂ ਦਾ ਟੱਲ ਹੀ
ਉਨ੍ਹਾਂ ਦੇ ਚਬੂਤਰੇ ਵੱਜਦਾ ਹੋਵੇਗਾ ।
ਜੋ ਅਸੀਂ ਪੜ੍ਹਿਆ ਨਹੀਂ ।

o





# ਫਿਰਕਾ ਪ੍ਰਸਤੀ ਤੇ ਫਿਰਕੂ ਫਸਾਦਾਂ ਦੀ ਜੜ੍ਹ ਕੀ ਹੈ ?

**ਦੇਵਾ ਸਿੰਘ ਮਾਹਲਾ**

ਸਾਡੇ ਦੇਸ਼ ਦਾ ਇਤਿਹਾਸ ਫਿਰਕਾ ਪ੍ਰਸਤੀ ਤੇ ਫਿਰਕੂ ਫਸਾਦਾਂ ਦੀਆਂ ਹੋਈਆਂ ਘਟਨਾਵਾਂ ਕਤਲਾਮ ਤੇ ਖ਼ੂਨ ਖਰਾਬੇ ਦੀਆਂ ਕਹਾਣੀਆਂ ਨਾਲ ਭਰਿਆ ਹੋਇਆ ਹੈ । 1946-47 ਵਿਚ ਕਲਕਤੇ ਤੋਂ ਲੈ ਕੇ ਪਿਸ਼ਾਵਰ ਤਕ ਅਤੇ ਕਰਾਚੀ ਤੋਂ ਲੈ ਕੇ ਦਿੱਲੀ ਤਕ ਹੋਈਆਂ ਅਜੇਹੀਆਂ ਵਾਰਦਾਤਾਂ, ਖ਼ੂਨੀ ਲੜਾਈਆਂ, ਆਮ ਲੋਕਾਂ ਦਾ ਕਤਲਾਮ ਤੇ ਹੋਏ ਉਜਾੜੇ (ਦੇਸ਼ ਵਿਚੋਂ ਉਜੜਨਾਂ), ਬਿਨਾਂ ਕਿਸੇ ਵਡੀ ਜੰਗ ਤੋਂ ਦੇਖਣ ਵਿਚ ਆਏ ਹਨ । ਸਾਡੇ ਦੇਸ਼ ਦੇ ਇਤਿਹਾਸਕਾਰਾਂ ਤੇ ਲਿਖਾਰੀਆਂ ਨੇ ਕਦੇ ਕੋਸ਼ਸ਼ ਕੀਤੀ ਹੈ ਕਿ ਉਹ ਇਹਨਾਂ ਘਟਨਾਵਾਂ ਦੀ ਜਾਂਚ ਪੜਤਾਲ ਕਰਕੇ ਅਸਲ ਸੱਚਾਈ ਲੋਕਾਂ ਅਗੇ ਰਖਣ ਪਹਿਲਾਂ ਤਾਂ ਇਹ ਕੰਮ ਅੰਗਰੇਜ਼ੀ ਸਾਮਰਾਜ ਦੀ ਪ੍ਰਬੰਧਕੀ ਮਸ਼ੀਨਰੀ ਦਾ ਹਿੱਸਾ ਕਹਿ ਜਾਂਦੇ ਸਨ । ਜੋ ਹਰ ਕੌਮੀ ਅਜ਼ਾਦੀ ਦੀ ਲਹਿਰ ਨੂੰ ਦਬਾਉਣ ਤੇ ਪਾੜਕੇ ਟੁਕੜੇ 2 ਕਰਨ ਦੀਆਂ ਸਾਮਰਾਜੀ ਚਾਲਾਂ ਸਨ । ਅਤੇ ਜਿਸਦਾ ਜ਼ਿਕਰ ਭਾਰਤ ਦੇ ਆਖਰੀ ਗੋਰੇ ਵਾਇਸਰਾਏ ਮਾਉਂਟਬੈਟਨ ਨੇ ਆਪਣੀ ਪ੍ਰਸਿਧ ਪੁਸਤਕ 'ਫਰੀਡਮ ਐਟ ਮਿਡਨਾਈਟ' ਵਿਚ ਸਾਫ਼ ਕੀਤਾ ਹੈ ਕਿ 'ਅਸੀਂ ਭਾਰਤ ਉਤੇ 150 ਸਾਲ ਰਾਜ 'ਪਾੜੋ ਤੇ ਰਾਜ ਕਰੋ !' ਦੀ ਨੀਤੀ ਰਾਹੀਂ ਹੀ ਕੀਤਾ ਹੈ । ਅਜ ਵੀ 1 47 ਤੋਂ ਪਿਛੋਂ ਤੇ ਖਾਸਕਰ 1947 ਤੋਂ 1948 ਤਕ ਇਸ ਫਿਰਕਾਪ੍ਰਸਤੀ ਦਾ ਜੋ ਨੰਗਾ ਨਾਚ ਸਾਰੇ ਪੰਜਾਬ ਤੇ ਜੰਮੂ ਕਸ਼ਮੀਰ ਅਤੇ ਦਿੱਲੀ ਵਿਚ ਹੋਇਆ ਅਤੇ ਜਿਸ ਵਿਚ ਇਕ ਕਰੋੜ ਤੋਂ ਵੱਧ ਵਸੋਂ ਨੂੰ ਦੇਸ਼ ਵਿਚੋਂ ਉਜਾੜਕੇ ਇਧਰ ਉਧਰ ਤੋਰਿਆ ਗਿਆ ਅਤੇ ਇਸ ਘਲੂਘਾਰੇ ਤੇ ਕਤਲਾਮ ਵਿਚ ਹਿੰਦੂ ਮੁਸਲਮਾਨਾਂ ਤੇ ਸਿਖਾਂ ਨੂੰ ਲੜਾਕੇ ਡੋਗਰਾ ਫੌਜ ਤੇ ਬਲੋਚ ਫੌਜੀਆਂ ਨੂੰ ਇਸ ਗੰਦੇ, ਸ਼ਰਮਨਾਕ ਕਮੀਨੇ ਕੰਮ ਲਈ ਵਰਤਿਆ ਗਿਆ । ਸ਼ਰਨਾਥੀਆਂ ਨੂੰ ਕੈਂਪਾਂ ਵਿਚ ਰਖਕੇ ਤੇ ਉਨ੍ਹਾਂ ਦੀ ਰਖਿਆ ਦਾ ਸਵਾਲ ਬਣਾਕੇ ਉਨ੍ਹਾਂ ਨੂੰ ਲੁਟਿਆ ਤੇ ਤਬਾਹ ਕੀਤਾ । ਵਸਦੇ ਰਸਦੇ ਲੋਕਾਂ ਨੂੰ ਉਜਾੜ ਕੇ ਦੇਸ਼ ਦੀ ਵੰਡ ਕੀਤੀ ਗਈ । ਜੇੜ੍ਹੇ ਲੋਕ ਮੁਗਲ ਰਾਜ ਤੇ ਸਿਖ ਰਾਜ ਵਿਚ ਇਕਠੇ ਰਹੇ ਤੇ ਅੰਗਰੇਜ਼ਾਂ ਦੇ ਰਾਜ ਵਿਚ ਵੀ ਇਕਠੇ ਰਹੇ ਉਨ੍ਹਾਂ ਨੂੰ ਉਜਾੜਕੇ ਵਸੋਂ ਦਾ ਤਬਦਲਾ ਕਰਨਾ ਕੌਮੀ ਅਜ਼ਾਦੀ ਦੀ ਜੰਗ ਨੂੰ ਹੀ ਪਾੜ ਕੇ ਤਬਾਹ ਕਰਨਾ ਸੀ । ਕੀ ਅਸੀਂ ਕਦੇ ਦਸਿਆ ਕਿ ਇਸ ਸਾਰੇ ਖ਼ੂਨ ਖਰਾਬੇ, ਉਜਾੜੇ, ਦਿਸਤੰਰੀਆਂ ਦੇ ਅਗਵਾ ਦਾ

ਕੌਣ ਜ਼ੁੰਮੇਵਾਰ ਸੀ ਜਿਸ ਨਾਲ ਬੇਗੁਨਾਹ ਲੋਕਾਂ ਦੇ ਖ਼ੂਨ ਡੋਲ੍ਹਣ ਨਾਲ ਸਾਡੇ ਦਰਿਆਵਾਂ ਤੇ ਲਹਿਰਾਂ ਦਾ ਪਾਣੀ ਵੀ ਸੁਰਖ ਹੋ ਗਿਆ ਸੀ। ਕੀ ਅਸੀਂ ਇਤਿਹਾਸ ਦੀ ਇਹ ਸੱਚਾਈ ਆਪਣੀ ਨਵੀਂ ਪੀੜ੍ਹੀ ਨੂੰ ਦਸੀ ਹੈ—ਕਿ ਦੇਸ਼ ਦੇ ਦੇਸੀ ਤੇ ਬਦੇਸ਼ੀ (ਗੋਰੇ ਤੇ ਕਾਲੇ) ਹਾਕਮਾਂ ਨੇ ਰਲ ਕੇ ਲੋਕਾਂ ਦੇ ਖ਼ੂਨ ਦੀ ਕਿਵੇਂ ਹੋਲੀ ਖੇਡੀ।

ਜੇਕਰ ਅਸੀਂ ਆਪਣੇ ਦੇਸ਼ ਦੇ ਹੋਏ ਇਸ ਮਹਾਨ ਉਜਾੜੇ ਤੇ ਖ਼ੂਨੀ ਕਤਲਾਮ ਦੀ ਪੜਤਾਲ ਕਰਦੇ ਅਤੇ ਇਸ ਦੇ ਲਈ ਜ਼ਿੰਮੇਦਾਰ ਲੋਕਾਂ ਨੂੰ ਇਨ੍ਹਾਂ ਕੁਕਰਮਾਂ ਤੇ ਅਪਰਾਧਾਂ ਦੀ ਸਜ਼ਾ ਦਿੰਦੇ ਤਾਂ ਅਜ ਸਾਡੇ ਦੇਸ਼ ਵਿਚ ਨਾ ਫਿਰਕਾ ਪ੍ਰਸਤੀ ਸਿਰ ਉਠਾ ਸਕਦੀ ਸੀ ਤੇ ਨਾ ਹੀ ਫਿਰਕੂ ਦੰਗੇ ਤੇ ਬੇਗੁਨਾਹ ਲੋਕਾਂ ਦੇ ਇਹ ਖ਼ੂਨ ਹੁੰਦੇ। ਅਜ ਅਸਾਮ ਦਾ ਮਸਲਾ, ਪੰਜਾਬ ਦਾ ਮਸਲਾ, ਬੰਗਾਲ ਤੇ ਨਾਗਾਲੈਂਡ, ਮੀਜ਼ੋਰਾਮ ਦਾ ਮਸਲਾ, ਅਤੇ ਲੰਕਾ ਵਿਚ ਤਾਮਲਾਂ ਦਾ ਮਸਲਾ ਆਦਿ ਮਸਲੇ ਪੈਦਾ ਹੀ ਨਾ ਹੁੰਦੇ। ਸਾਡਾ ਦੇਸ਼ ਇਕ ਇਕਾਈ ਤੇ ਅਖੰਡ ਰਹਿੰਦਾ। ਇਸ ਵਿਚ ਕੌਮੀ ਭਾਵਨਾ ਤੇ ਕੌਮੀ ਏਕਤਾ ਬਣੀ ਰਹਿੰਦੀ। ਅਤੇ ਸਾਡੇ ਦੇਸ਼ ਦੇ ਚਤਰ ਤੇ ਮਕਾਰ ਦੇਸ਼ ਦੁਸ਼ਮਨ ਬੇਈਮਾਨ ਲੀਡਰਾਂ ਨੂੰ ਫਿਰਕੂ ਸਦ-ਭਾਵਨਾ ਤੇ ਏਕਤਾ ਬਣਾਈ ਰਖਣ ਦਾ ਪਾਠ ਕਰਨ ਦੀ ਲੋੜ ਹੀ ਨਹੀਂ ਸੀ। ਹਿੰਦੁਸਤਾਨ ਵਿਚ ਵੱਸਣ ਵਾਲੀਆਂ ਸਭ ਕੌਮਾਂ ਰਲ ਕੇ ਰਹਿੰਦੀਆਂ ਅਤੇ ਦੇਸ਼ ਉੱਤੇ ਆਉਣ ਵਾਲੇ ਖ਼ਤਰਿਆਂ ਦਾ ਰਲ ਕੇ ਹੀ ਟਾਕਰਾ ਕਰਦੇ।

## ਅੱਤਵਾਦ ਤੇ ਵਖਵਾਦ ਦਾ ਸ਼ੋਰ ਮਚਾਉਣ ਵਾਲੇ

ਅਜ ਜੇੜੇ ਲੋਕ ਤੇ ਜੇੜ੍ਹੀਆਂ ਰਾਜਸੀ ਪਾਰਟੀਆਂ ਦੇ ਲੀਡਰ ਅੱਤਵਾਦ ਤੇ ਵਖਵਾਦ ਦਾ ਰੌਲਾ ਪਾਉਂਦੇ ਹਨ। ਉਹ ਇਹ ਕਿਉਂ ਨਹੀਂ ਸਾਫ ਸਾਫ ਦਸਦੇ ਕਿ ਸਾਡੇ ਦੇਸ਼ ਦੀ ਵੰਡ ਤੇ ਇਸਦੇ ਟੁਕੜੇ ਕਰਾਉਣ ਵਾਲੇ ਹੀ ਵਖਵਾਦ ਦੇ ਜਨਮ ਦਾਤੇ ਹਨ। ਅਤੇ ਜਨਵਰੀ 1949 ਵਿਚ ਕਸ਼ਮੀਰ ਦੀ ਵੰਡ ਕਰਾਉਣ ਤੇ ਮੰਨਣ ਵਾਲੇ ਵੀ ਓਹੀ ਕਾਂਗਰਸੀ ਲੀਡਰ ਨਹਿਰੂ ਤੇ ਪਟੇਲ ਸਨ, ਜਿਨ੍ਹਾਂ ਨੇ 3 ਜੂਨ 1947 ਦੇ ਮਾਊਂਟਬੈਟਨ ਪਲਾਨ ਨੂੰ ਮੰਨ ਕੇ ਇਹ 'ਆਜ਼ਾਦੀ' ਤੇ ਰਾਜ ਅਧਿਕਾਰ ਸੰਭਾਲੇ ਸਨ। ਹਿੰਦੁਸਤਾਨ ਦੀ ਵੰਡ ਸਾਡੇ ਦੇਸ਼ ਦੇ ਇਤਿਹਾਸ ਦੀ ਹੀ ਇਕ ਬਹੁਤ ਵੱਡੀ ਘਟਨਾ ਸੀ ਸਗੋਂ ਦੁਨੀਆਂ ਦੇ ਇਤਿਹਾਸ ਦੀ ਇਕ ਬਹੁਤ ਮਹਾਨ ਘਟਨਾ ਸੀ। ਦੋ ਸਾਲ ਦੇਸ਼ ਦੀ ਵੰਡ ਮਗਰੋਂ 16 ਅਕਤੂਬਰ 1949 ਨੂੰ ਪੰਡਤ ਨਹਿਰੂ ਨੇ ਆਪਣੀ ਅਮਰੀਕਾ ਫੇਰੀ ਵਿਚ ਇਕ ਬਹੁਤ ਵੱਡੇ ਇਕੱਠ ਵਿਚ ਸਵਾਲਾਂ ਦਾ ਉੱਤਰ ਦਿੰਦੇ ਹੋਇਆ ਸਾਫ ਮੰਨਿਆ ਸੀ ਕਿ ਜੇ ਉਨ੍ਹਾਂ ਨੂੰ ਇਸ ਵੰਡ ਦੇ ਖੌਫਨਾਕ ਨਤੀਜਿਆਂ ਦਾ ਪਤਾ ਹੁੰਦਾ ਜੋ ਮਾਰਧਾੜ ਤੇ ਲੁਟਮਾਰ ਦੀ ਸ਼ਕਲ ਵਿਚ ਹੋਇਆ ਤਾਂ ਉਹ ਜ਼ਰੂਰ ਦੇਸ਼ ਦੀ ਵੰਡ ਦਾ ਵਿਰੋਧ ਕਰਦਾ।" ਪਰ ਇਤਿਹਾਸ ਦੇ ਕਟਹਿਰੇ ਵਿਚ ਹਿੰਦੁਸਤਾਨ ਦੀ ਲੀਡਰਸ਼ਿਪ ਨੂੰ ਨਿਸਚੇ ਹੀ ਦੋਸ਼ੀਆਂ ਦੀ ਕਤਾਰ ਵਿਚ ਖੜਾ ਕੀਤਾ ਜਾਵੇਗਾ।

ਸੋ ਅੱਜ ਦੇ ਇਹ ਫਿਰਕੂ ਫਸਾਦ ਤੇ ਦੰਗੇ, ਅਤੇ ਵਖਵਾਦ ਤੇ ਖ਼ਾਲਿਸਤਾਨ ਆਦਿ ਦਾ ਪਰਚਾਰ, ਉਨ੍ਹਾਂ ਹੀ 1947 ਵਾਲੀਆਂ ਲੀਹਾਂ ਤੇ ਨੀਤੀਆਂ ਦੀ ਪੈਦਾਵਾਰ ਹੈ। 24 ਫਰਵਰੀ ਦੇ ਅਕਾਲੀ ਪੱਤ੍ਰਕਾ ਵਿਚ ਜਥੇਦਾਰ ਉਜਾਗਰ ਸਿੰਘ ਸੇਖਵਾਂ ਦਾ ਪ੍ਰੈੱਸ ਵਿਚ ਇਕ ਬਿਆਨ ਛਪਿਆ ਹੈ ਜਿਸ ਵਿਚ ਉਨ੍ਹਾਂ ਸਾਫ ਕਿਹਾ ਹੈ ਕਿ ਦੇਸ਼ ਦੇ ਅੰਦਰ ਫਿਰਕੂ ਦੰਗੇ ਕੋਈ ਸਿੱਖ ਜਾਂ ਹਿੰਦੂ ਨਹੀਂ ਕਰ ਰਹੇ। ਇਹ ਦੰਗੇ ਸ਼ਰਾਰਤੀ ਅਨਸਰ ਕਾਂਗਰਸ (ਇੰਦਰਾ) ਦੇ ਇਸ਼ਾਰੇ ਉੱਤੇ ਕਰ ਰਹੇ ਹਨ। ਤਾਂ ਜੋ ਅੰਗਰੇਜ਼ਾਂ ਦੀ ਤਰ੍ਹਾਂ 'ਪਾੜੋ ਤੇ ਰਾਜ ਕਰੋ' ਦੀ ਨੀਤੀ ਅਨੁਸਾਰ ਇੰਦਰਾ ਸਰਕਾਰ ਦੀ ਗੱਦੀ ਕਾਇਮ ਰਹਿ ਸਕੇ। ਉਨ੍ਹਾਂ ਦਸਿਆ ਕਿ ਅਕਾਲੀ ਦਲ ਨੇ ਕਦੇ ਵੀ ਖ਼ਾਲਿਸਤਾਨ ਦੀ ਮੰਗ ਨਹੀਂ ਕੀਤੀ ਅਤੇ ਨਾ ਹੀ ਇਸਦੀ ਹਮਾਇਤ ਕੀਤੀ ਹੈ।

ਸੋ ਇਹ ਫਿਰਕਾਪ੍ਰਸਤੀ ਤੇ ਫਿਰਕੂ ਪ੍ਰਚਾਰ ਉਨ੍ਹਾਂ ਪਿਛਾਖਿੜੂ ਹਾਕਮਾਂ ਤੇ ਕਾਂਗਰਸੀ ਲੀਡਰਾਂ ਵਲੋਂ ਹੀ ਹੋ ਰਿਹਾ ਹੈ ਜਿਨ੍ਹਾਂ ਦੇ ਹੱਥਾਂ ਵਿਚ 1947 ਤੋਂ ਦੇਸ਼ ਦੀ ਬਾਗੁਡੋਰ ਆ ਚੁੱਕੀ ਹੈ। ਉਹ ਆਪਣੀ ਲੁੱਟ-ਖਸੁਟ ਦੇ ਇਸ ਬੋਦੇ ਤੇ ਪੁਰਾਣੇ ਢਾਂਚੇ ਨੂੰ ਬਚਾ ਹੀ ਉਨ੍ਹਾਂ ਪਾਟੋਧਾੜ ਦੀਆਂ ਨੀਤੀਆਂ ਤੇ ਚਲ ਕੇ ਕਰ ਸਕਦੇ ਹਨ। ਇਸ ਲਈ ਦੇਸ਼ ਦੇ ਮਸਲੇ ਦਾ ਅਸਲ ਹੱਲ 1947 ਦੀ ਨਵੀਂ ਗ਼ੁਲਾਮੀ ਦੇ ਬੰਧਨਾ ਨੂੰ ਚਕਨਾ ਚੂਰ ਕਰਨਾ, ਅਤੇ ਅੱਜ ਦੇ ਯੁਗ ਵਿਚ ਦੇਸ਼ ਦੇ ਮਸਲਿਆਂ ਦਾ ਸਹੀ ਹਲ ਇਨਕਲਾਬ ਤੋਂ ਬਿਨਾਂ ਨਹੀਂ ਹੋ ਸਕਦਾ ਹੈ। ਦੇਸ਼ ਦੇ ਆਰਥਕ ਤੇ ਰਾਜਸੀ ਢਾਂਚੇ ਨੂੰ ਬਦਲੇ ਬਿਨਾਂ ਇੱਥੇ ਬਾਰ ਬਾਰ ਅਜੇਹੇ ਫਿਰਕੂ ਦੰਗੇ ਤੇ ਫਸਾਦ ਹੁੰਦੇ ਰਹਿਣਗੇ ਅਤੇ ਦੇਸ਼ ਅਰਾਜਕਤਾ ਤੇ ਗੜਬੜ ਦਾ ਸ਼ਿਕਾਰ ਹੁੰਦਾ ਰਹੇਗਾ। ਦੇਸ਼ ਦੇ ਲੋਕਾਂ ਨੂੰ ਅਜ ਇਹ ਸਚਾਈ ਸਮਝਕੇ ਦੁਸ਼ਮਨ ਵਿਰੁਧ ਇਨਕਲਾਬੀ ਲੜਾਈ ਲੜਨੀ ਜਥੇਬੰਦੀ ਤੇ ਤਿਆਰੀ ਕਰਨ ਦੀ ਲੋੜ ਹੈ ਤੇ ਜਦ ਸਾਡਾ ਨਿਸ਼ਾਨਾ ਇਕ ਹੋਵੇਗਾ ਤਾਂ ਅਸੀਂ ਉਸ ਤੇ ਇਕਮੁੱਠ ਤੇ ਦ੍ਰਿੜ੍ਹ ਵੀ ਹੋ ਸਕਦੇ ਹਾਂ। ਇਸ ਲਈ **ਆਪਣੇ ਅਸਲੀ ਨਿਸ਼ਾਨੇ ਤੋਂ ਨਾ ਉਖੜੋ।**

ਸਾਥੀ ਜਸਵੰਤ ਸਿੰਘ ਕੰਵਲ ਬਾਰੇ—ਬਹੁਤ ਸਾਰੇ ਸਾਥੀਆਂ ਨੇ ਉਨ੍ਹਾਂ ਦੇ ਕੁਝ ਗ਼ਲਤ ਬਿਆਨਾਂ ਦੀ ਕਰੜੀ ਆਲੋਚਨਾ ਕੀਤੀ ਹੈ। ਜਿਸ ਵਿਚ ਉਨ੍ਹਾਂ ਦੇ ਲਿਖੇ

'ਰਾਤ ਬਾਕੀ ਹੈ' ਤੇ 'ਲਹੂ ਦੀ ਲੋ', ਨਾਵਲਾਂ ਉੱਤੇ ਵੀ ਨੁਕਤਾਚੀਨੀ ਹੈ। ਇਕ ਨੌਜਵਾਨ ਅਮਰਜੀਤ ਵਲੋਂ ਦਾ ਇਹ ਕਹਿਣਾ ਕਿ—"ਪ੍ਰੋ: ਭਾਰਦਵਾਜ ਤੇ ਕੰਵਲ ਨੂੰ ਅਕਾਲੀ ਟਿਕਟ ਤੇ ਚੋਣ ਲੜਨ ਦਿਓ।" ਕਿੰਨੀ ਹਾਸੋਹੀਣੀ ਤੇ ਕੱਚ ਘਰੜ ਨੀਤੀ ਹੈ। ਇਹ ਲੋਕ ਜਿਹੜੇ ਸਭ ਕੁਝ ਵੋਟਾਂ ਲਈ ਹੋ ਰਿਹਾ ਸਮਝ ਰਹੇ ਹਨ ਇਹ ਕਦੇ ਸਹੀ ਢੰਗ ਨਾਲ ਸੋਚ ਹੀ ਨਹੀਂ ਸਕਦੇ। ਕੰਵਲ ਤੇ ਪ੍ਰੋ: ਭਾਰਦਵਾਜ ਤੇ ਅਜਿਹੀ ਨੁਕਤਾਚੀਨੀ ਕੇਵਲ CPI ਦੇ ਕੱਚੇ ਪਿਲੇ ਵਰਕਰ ਹੀ ਕਰ ਸਕਦੇ ਹਨ। ਅਕਾਲੀ ਇਹ ਧਰਮਯੁੱਧ ਮੋਰਚਾ ਆਪਣੇ ਅਸੂਲਾਂ ਤੇ ਆਪਣੇ ਢੰਗ ਨਾਲ ਲੜ ਰਹੇ ਹਨ ਤੇ ਨਾਲ ਹੀ ਕਹਿ ਰਹੇ ਹਨ ਕਿ ਉਨ੍ਹਾਂ ਦੀ ਲੜਾਈ ਕੇਂਦਰੀ ਸਰਕਾਰ ਨਾਲ ਹੈ ਕਿਸੇ ਫਿਰਕੇ ਜਾਂ ਧਰਮ ਨਾਲ ਨਹੀਂ। ਫਿਰ ਅਕਾਲੀ ਮੋਰਚੇ ਤੇ ਖਾਹ ਮਖਾਹ ਊਤ ਪਟਾਂਗ ਨੁਕਤਾਚੀਨੀ ਕਰਕੇ ਜਿਹੜੇ ਲੋਕ ਅਕਾਲੀਆਂ ਨਾਲ ਲੜ ਰਹੇ ਹਨ ਉਹ ਦਰਅਸਲ ਇਸ ਲੜਾਈ ਨੂੰ ਆਪ ਫਿਰਕੂ ਬਣਾ ਰਹੇ ਹਨ ਤੇ ਕਾਂਗਰਸ ਸਰਕਾਰ ਦੀ ਪਿੱਠ ਥਾਪੜ ਰਹੇ ਹਨ ਜਾਂ ਕੇਂਦਰੀ ਸਰਕਾਰ ਦੀ ਏਜੰਟੀ ਕਰ ਰਹੇ ਹਨ। ਇਸ ਵੇਲੇ ਸਾਰੀ ਕਿਸਾਨੀ ਅਕਾਲੀਆਂ ਦੇ ਨਾਲ ਹੈ ਜੋ ਇਸ ਮੋਰਚੇ ਦੀ ਹਮਾਇਤ ਹੀ ਨਹੀਂ ਕਰ ਰਹੇ ਸਗੋਂ ਇਸ ਦੇ ਲਈ ਕੁਰਬਾਨੀਆਂ ਵੀ ਕਰ ਰਹੇ ਹਨ। ਜਗਦੇਵ ਸਿੰਘ ਤਲਵੰਡੀ ਨੇ ਮੁਤਵਾਜ਼ੀ ਸਰਕਾਰ ਬਣਾਉਣ ਤੇ ਫੋਕਸ ਆਪ ਉਗਰਾਹੁਣ ਦੀ ਲਾਈਨ ਛੇੜੀ ਸੀ ਪਰ ਉਸ ਨੂੰ ਹਿੰਦ ਸਰਕਾਰ ਨੇ ਨੈਸ਼ਨਲ ਸਕਿਉਰਟੀ ਐਕਟ ਥੱਲੇ ਫੜ ਕੇ ਨਜ਼ਰਬੰਦ ਕਰ ਰੱਖਿਆ ਹੈ। ਭਾਵੇਂ ਉਸ ਦੀ ਲਾਈਨ ਤੇ ਉਸ ਦੇ ਸੁਝਾ ਦੀ ਅਕਾਲੀਆਂ ਵੀ ਹਮਾਇਤ ਨਹੀਂ ਕੀਤੀ—ਪਰ ਸੱਚੇ ਇਨਕਲਾਬੀ ਤੇ ਅਗਾਂਹ ਵਧੂ ਦੇਸ਼ ਭਗਤਾਂ ਤੇ ਕਮਿਊਨਿਸਟਾਂ ਨੂੰ ਇਸ ਦੀ ਹਮਾਇਤ ਹਰ ਹਾਲਤ ਵਿਚ ਕਰਨੀ ਚਾਹੀਦੀ ਸੀ। ਜਦ ਪੰਜਾਬ ਦੀ ਹਕੂਮਤ ਲੋਕਾਂ ਦੀ ਜਾਨ ਮਾਲ ਦੀ ਰੱਖਿਆ ਹੀ ਨਹੀਂ ਕਰ ਸਕਦੀ ਤਾਂ ਉਸ ਦੇ ਹੱਥੋਂ ਰਾਜ ਸੱਤਾ ਖੋਹਣਾ ਹੀ ਮਸਲੇ ਦਾ ਹੱਲ ਹੈ। ਸੋ ਅੱਜ ਜਿਹੜੇ ਲੋਕ ਕੰਵਲ ਤੇ ਬੇਸਮਝ ਨੁਕਤਾਚੀਨੀ ਕਰ ਰਹੇ ਹਨ, ਉਨ੍ਹਾਂ ਦੀਆਂ ਫਜ਼ੂਲ ਗੱਲਾਂ ਤੇ ਬਕਵਾਸ ਦਾ ਵੀ ਵਿਰੋਧ ਕਰਨਾ ਚਾਹੀਦਾ ਹੈ। ਕੰਵਲ ਨੇ ਲਹੂ ਦੀ ਲੋ ਵਿਚ ਚਿੱਟੀਆਂ ਪੀਲੀਆਂ ਕਮਿਊਨਿਸਟ ਪਾਰਟੀਆਂ ਤੇ ਸੋਹਨ ਸਿੰਘ ਜੋਸ਼ ਦਾ ਵਿਰੋਧ ਕੀਤਾ ਸੀ। ਇਹ ਲੋਕ ਤਾਂ ਉਹ ਖੁਣਸਾਂ ਹੀ ਕੱਢਣ ਲੱਗੇ ਹੋਏ ਹਨ। ਅਤੇ ਸਮੱਤਾ ਨੂੰ ਇਨ੍ਹਾਂ ਦਾ ਹਥਿਆਰ ਨਹੀਂ ਬਣਨ ਦੇਣਾ ਚਾਹੀਦਾ।

○○

2. ਮੈਂ ਆਪਦਾ ਪਰਚਾ 'ਸਮੱਤਾ' ਮਈ 1981 ਤੋਂ ਪੜ੍ਹਦਾ ਆ ਰਿਹਾ ਹਾਂ। ਇਹ ਪਰਚਾ ਜੋ ਕਿ ਆਮ ਆਦਮੀ ਨੂੰ ਉਸ ਦੇ ਜੀਵਨ ਦੀ ਅਸਲੀਅਤ ਦੀ ਸੋਝੀ ਦਿੰਦਾ ਹੈ, ਇਸ ਦੀ ਮਿਸਾਲ ਪੰਜਾਬੀ ਪਰਚਿਆਂ ਵਿਚ ਅੱਜ ਤੱਕ ਤਾਂ ਨਹੀਂ ਮਿਲ ਸਕੀ। ਤੁਹਾਡੇ ਵਿਚ ਜੋ ਸੱਚ ਉਗਲਣ ਦਾ ਹੌਸਲਾ ਹੈ ਉਸ ਉਤੇ ਮੈਨੂੰ ਮਾਣ ਹੈ। ਇਸ ਵਾਰ ਦੇ ਪਰਚੇ ਦੀ ਲਘੂ ਕਥਾ 'ਹਿੱਟ-ਲਿਸਟ' ਇਸ ਦੀ ਇਕ ਮਿਸਾਲ ਹੈ। ਇਹ ਸਾਨੂੰ ਸਾਰਿਆਂ ਨੂੰ ਇਕ ਚੁਣੌਤੀ ਹੈ ਕਿ ਜੋ ਕੰਮ ਸਰਕਾਰ ਅਤੇ ਪੁਲੀਸ ਕਰ ਸਕਦੇ ਹੋਇਆਂ ਵੀ ਕਰਨਾ ਨਹੀਂ ਚਾਹੁੰਦੀ, ਉਹ ਅਸੀਂ ਇਕੱਠੇ ਹੋ ਕੇ ਆਪ ਕਰ ਸਕਦੇ ਹਾਂ। ਕੋਈ ਵੀ ਤਾਕਤ ਏਕੇ ਤੇ ਭਾਰੂ ਨਹੀਂ ਹੈ।

ਪਰ ਮੈਨੂੰ ਬਹੁਤ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਆਪ ਅੱਜ ਵੀ ਉਨ੍ਹਾਂ ਲੇਖਕਾਂ ਦੇ ਲੇਖ ਛਾਪ ਰਹੇ ਹੋ ਜਿਨ੍ਹਾਂ ਦੀ ਆਪਣੀ ਕੋਈ ਸੋਚ ਨਹੀਂ। ਉਹ ਸਿਰਫ ਸ਼ੁਹਰਤ ਲਈ ਹੀ ਲਿਖਦੇ ਹਨ। ਇਧਰ ਉਧਰ ਤੋਂ ਅੰਕੜੇ ਇਕੱਠੇ ਕਰਨੇ, ਲੇਖ ਲਿਖਣਾ ਅਤੇ ਲੋਕਾਂ ਨੂੰ ਬੌਖਲਾ ਦੇਣਾ ਇਨ੍ਹਾਂ ਦਾ ਪੇਸ਼ਾ ਲੱਗਦਾ ਹੈ। (ਮੇਰਾ ਇਸ਼ਾਰਾ ਪ੍ਰੋ. ਭਾਰਦਵਾਜ ਅਤੇ ਕੰਵਲ ਵੱਲ ਹੈ) ਜਿਸ ਆਦਮੀ ਦੀ ਆਪਣੀ ਕੋਈ ਸੋਚਣਾ ਹੋਵੇ ਉਸ ਤੋਂ ਅਸੀਂ ਕੀ ਆਸ ਕਰ ਸਕਦੇ ਹਾਂ? ਪ੍ਰੋ. ਭਾਰਦਵਾਜ ਦਾ ਲੇਖ 'ਅੰਨ-ਦਾਤਾ ਕਿ ਭਿਖਾਰੀ?' ਹੀ ਲੈ ਲਵੋ, ਇਸ ਵਿਚ ਪ੍ਰੋ. ਕਹਿੰਦਾ ਹੈ ਕਿ ਲੁੱਟ ਸਿਰਫ ਪੰਜਾਬੀ ਕਿਸਾਨ ਨਾਲ ਹੀ ਹੋ ਰਹੀ ਹੈ। ਇਨ੍ਹਾਂ ਤੋਂ ਪੁੱਛਿਆ ਜਾਵੇ ਕਿ ਹੋਰ ਪ੍ਰਾਂਤਾਂ ਦੇ ਕਿਸਾਨ ਕੀ ਬਹੁਤ ਸੁਖੀ ਹਨ? ਅਸੀਂ ਪੰਜਾਬੀ ਕਿਸਾਨ ਤਾਂ ਕਣਕ ਖਾਂਦੇ ਹਾਂ ਪਰ ਬਾਹਰ ਦੇ ਪ੍ਰਾਂਤਾਂ ਦੇ ਕਿਸਾਨਾਂ ਨੂੰ ਪਿਆਜ਼ ਦੀ ਰੋਟੀ ਵੀ ਨਸੀਬ ਨਹੀਂ ਹੁੰਦੀ। ਹੋਰ ਇਨ੍ਹਾਂ ਦਾ ਖਿਆਲ ਹੈ ਕਿ ਕਣਕ 400 ਰੁਪਏ ਕੁਇੰਟਲ ਹੋਣੀ ਚਾਹੀਦੀ ਹੈ ਤਾਂ ਜੋ ਦੁਕਾਨਾਂ ਵਾਲੇ ਵੀ ਚਾਰ ਪੈਸੇ ਵੱਟ ਸਕਣ। ਪਰ ਵਿਚਾਰਾ ਮਜ਼ਦੂਰ ਅਤੇ ਮੁਲਾਜ਼ਮ ਕੀ ਕਰੂ? ਮੇਰਾ ਖਿਆਲ ਹੈ ਚੰਗਾ ਹੋਵੇ ਜੇ ਪ੍ਰੋ. ਸਾਹਿਬ ਦੋ ਅੱਖਾਂ ਖੋਲ੍ਹ ਕੇ ਦੇਖਣ। ਮੇਰਾ ਖਿਆਲ ਹੈ ਮਜ਼ਦੂਰ ਅਤੇ ਮੁਲਾਜ਼ਮ ਨੂੰ ਵੀ ਤਾਂ ਜੀਣ ਦਾ ਹੱਕ ਹੋਣਾ ਚਾਹੀਦਾ ਹੈ। ਫਿਰ ਭਾਰਦਵਾਜ ਦੀ ਕਲਮ ਲਿਖਦੀ ਹੈ ਕਿ 'ਮਰ ਕਿਸਾਨ, ਜੈ ਜਵਾਨ।' ਇਨ੍ਹਾਂ ਤੋਂ ਪੁੱਛੋ ਜਵਾਨ ਦੇ ਘਰ ਕਿਹੜੇ ਖੀਰ ਪੂੜੇ ਪੱਕਦੇ ਹਨ? ਜਵਾਨ ਦੇ ਬੱਚੇ ਕਿਹੜੇ ਪਬਲਿਕ ਸਕੂਲਾਂ ਵਿਚ ਪੜ੍ਹਦੇ ਹਨ? ਜਵਾਨ ਵਿਚਾਰੇ ਬਰਫੀਲੀਆਂ ਰਾਤਾਂ ਵਿਚ, ਮੀਂਹ ਵਿਚ ਹਨੇਰੀਆਂ ਰਾਤਾਂ ਵਿਚ, ਤਨ ਦਾ ਹੀ ਨਹੀਂ ਮਨ ਦਾ ਵੀ ਖੂਨ ਵਹਾਉਂਦੇ ਹਨ, ਅਤੇ ਉਨ੍ਹਾਂ ਦੇ ਬੱਚਿਆਂ ਨੂੰ ਮਿਲਦੇ ਹਨ ਸੁੱਕੀ ਰੋਟੀ ਦੇ ਦੋ ਟੁੱਕ। ਜਦੋਂ ਰਿਟਾਇਰ ਹੋ ਕੇ ਘਰ ਆਉਂਦੇ ਹਨ ਤਾਂ ਸਿਰ ਢਕਣ ਲਈ ਛੱਤ ਨਹੀਂ

ਹੁੰਦੀ। ਉਤੋਂ ਪ੍ਰੋ. ਵਰਗੇ ਇਨ੍ਹਾਂ ਨੂੰ ਮਜ਼ਾਕ ਕਰਦੇ ਹਨ।

ਜਿੰਨੀ ਦੇਰ ਤੱਕ ਇਹ ਭੇੜੀਏ ਬੱਕਰੀ ਦੀ ਖੱਲ ਵਿਚ ਸੀ ਅਸੀਂ ਧੋਖਾ ਖਾਂਦੇ ਰਹੇ ਪਰ ਇਨ੍ਹਾਂ ਦੀ ਅਸਲੀਅਤ ਜਾਣਨ ਤੋਂ ਬਾਅਦ ਇਨ੍ਹਾਂ ਨੂੰ ਅਸੀਂ ਬਰਦਾਸ਼ਤ ਨਹੀਂ ਕਰ ਸਕਦੇ। ਇਨ੍ਹਾਂ ਨੂੰ ਕੋਈ ਹੋਰ ਪਰਚਾ ਲੱਭਣਾ ਚਾਹੀਦਾ ਹੈ। ਮੈਂ ਆਪ ਜੀ ਨੂੰ ਬੇਨਤੀ ਕਰਾਂਗਾ ਕਿ 'ਸਮਤਾ' ਦੀ ਭਲਾਈ ਲਈ ਇਨ੍ਹਾਂ ਦੀਆਂ ਲਿਖਤਾਂ ਛਾਪਣ ਦਾ ਪਰਹੇਜ਼ ਕੀਤਾ ਜਾਵੇ।

ਸਰਦੂਲ ਸਿੰਘ, ਚੰਡੀਗੜ੍ਹ।

**3.** ਮਾਰਚ, 84 ਦਾ ਸਮਤਾ ਅੰਕ ਪੜ੍ਹਿਆ। ਰੁਪਿੰਦਰ ਮਾਨ ਦੀ ਪ੍ਰੋ: ਸੇਖੋਂ ਬਾਰੇ ਕੀਤੀ ਗਲਤ ਤੇ ਬੇ-ਬੁਨਿਆਦ ਟਿੱਪਣੀ ਨੇ ਮਨ ਅਸ਼ਾਂਤ ਕਰ ਦਿੱਤਾ। ਕੋਟਕਪੂਰੇ ਸਾਹਿਤ ਸਭਾ ਦੇ ਸਮਾਗਮ ਉੱਤੇ ਵੀ ਇਸ ਵਿਅਕਤੀ ਦੇ ਵਿਵਹਾਰ ਨੇ ਮਨ ਨੂੰ ਅਸ਼ਾਂਤ ਕੀਤਾ ਸੀ। ਪਰੰਤੂ ਉਸ ਸਮੇਂ ਸਮਾਗਮ ਪਿਛੋਂ ਇਸ ਵਿਵਾਦ ਸਬੰਧੀ ਕਾਫੀ ਗੱਲ ਹੋ ਗਈ ਸੀ ਜਿਸ ਤੋਂ ਆਸ ਸੀ ਕਿ ਇਹ ਗੱਲ ਸਪੱਸ਼ਟ ਹੋ ਗਈ ਹੈ। ਕੋਟਕਪੂਰੇ ਸਾਹਿਤ ਸਭਾ ਦੇ ਇਸ ਸਮਾਗਮ ਵਿੱਚ ਕੀਤੀ ਇਸ ਭਾਵੁਕ ਵਿਅਕਤੀ ਦੁਆਰਾ ਕੀਤੀ ਪ੍ਰੋ: ਸੇਖੋਂ ਦੀ ਬੇਇੱਜ਼ਤੀ ਤੇ ਹੁਣ ਇਸ ਦੁਆਰਾ ਸਮਤਾ ਵਿੱਚ ਵਰਤੀ ਅਸਭਿਅ ਭਾਸ਼ਾ ਬੇਹੱਦ ਅਫਸੋਸਜਨਕ ਹੈ। ਪ੍ਰੋ: ਸੇਖੋਂ ਦੀ ਜਿਹੋ ਜਿਹੀ ਸ਼ਖ਼ਸੀਅਤ ਹੈ ਜਾਂ ਜਿਹੋ ਜਿਹੀ ਸਮਝ ਹੈ, ਉਸ ਬਾਰੇ ਤਾਂ ਸ਼ਾਇਦ ਹੀ ਕਿਸੇ ਨੂੰ ਭੁਲੇਖਾ ਹੋਵੇ ਤੇ ਰੁਪਿੰਦਰ ਦੀ ਇਸ ਟਿੱਪਣੀ ਨਾਲ ਇਸ ਵਿੱਚ ਕੋਈ ਫਰਕ ਨਹੀਂ ਪੈਂਦਾ। ਪਰ ਅਫਸੋਸ ਤਾਂ ਉਸ ਸਮੇਂ ਹੁੰਦਾ ਹੈ ਜਦੋਂ ਪ੍ਰੋ: ਸਾਹਿਬ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਇਹੋ ਜਿਹੇ ਅਨਪੜ੍ਹ ਮਾਰਕਸਵਾਦੀਆਂ ਦੀਆਂ ਧਾਰਨਾਵਾਂ ਨੂੰ ਹੀ ਵਿਗਿਆਨਕ ਸੂਝ ਦੇ ਆਧਾਰ ਤੇ ਗਲਤ ਸਿੱਧ ਕਰਦੇ ਹਨ। ਕਿ ਇਹ ਨਵੀਂ ਪੀੜ੍ਹੀ ਵੀ ਇਹੋ ਗਲਤੀਆਂ ਕਰਦੀ ਜਾਵੇਗੀ।

ਮੈਨੂੰ ਸਮਝ ਨਹੀਂ ਆਉਂਦੀ ਜਿਸ ਵਿਅਕਤੀ ਨੂੰ ਪ੍ਰੋ: ਸੇਖੋਂ ਦੀ ਗੱਲ ਦੀ ਸਮਝ ਹੀ ਨਹੀਂ ਆਈ ਉਹ ਮੁੜ ਮੁੜ ਏਡੀ ਘਟੀਆ ਸ਼ਬਦਾਵਲੀ ਕਿਉਂ ਵਰਤ ਰਿਹਾ ਹੈ? ਪ੍ਰੋ: ਸੇਖੋਂ ਨੇ ਮਾਰਕਸਵਾਦੀ ਸਿਧਾਂਤਾਂ ਨੂੰ ਬਦੇਸ਼ੀ ਸਿਧਾਂਤ ਹੋਣ ਕਾਰਨ ਪੰਜਾਬ ਵਿੱਚ ਲਾਗੂ ਕਰਨ ਤੋਂ ਇਨਕਾਰ ਬਿਲਕੁਲ ਨਹੀਂ ਕੀਤਾ। ਪ੍ਰੋ: ਸੇਖੋਂ ਨੇ ਇਹ ਕਿਹਾ ਸੀ ਕਿ ਪੰਜਾਬ ਵਿੱਚ ਅਸੀਂ ਮਾਰਕਸਵਾਦੀ ਸਿਧਾਂਤ ਨੂੰ ਪੰਜਾਬ ਦੇ ਵਿਸ਼ੇਸ਼ ਸਭਿਆਚਾਰਕ ਪ੍ਰਸੰਗ ਵਿਚ ਇਥੋਂ ਦੇ ਹਾਲਾਤ ਮੁਤਾਬਕ ਲਾਗੂ ਕਰਨਾ ਹੈ। ਉਨ੍ਹਾਂ ਨੇ ਮਾਰਕਸਵਾਦੀ ਸਿਧਾਂਤਾਂ ਨੂੰ ਬਦੇਸ਼ੀ ਕਹਿਣ ਦੀ ਥਾਂ ਇਸ ਨੂੰ ਲਾਗੂ ਕਰਨ ਦੀ ਵਿਧੀ (Application) ਨੂੰ ਬਦੇਸ਼ੀ ਕਿਹਾ ਸੀ। ਆਮ ਜਿਹੀ ਉਦਾਹਰਣ ਹੈ ਜਿਵੇਂ ਸ਼ਬਦ (Proletariat) ਪਰੋਲਤਾਰੀਅਤ ਹੈ ਅਸੀਂ ਹੁਣ ਤੱਕ ਇਸਦੀ ਥਾਂ ਕੋਈ ਅਜੇਹਾ ਸ਼ਬਦ ਨਹੀਂ ਘੜ ਸਕੇ ਜਿਹੜਾ ਆਮ ਵਿਅਕਤੀ ਨੂੰ ਵੀ ਸਮਝ ਆ ਸਕੇ।

ਰੁਪਿੰਦਰ ਦੀ ਧਰਮ ਕਮੀਆਂ ਨੂੰ ਸੰਬੋਧਨ ਕਰਨ ਲਈ ਪ੍ਰੋ: ਸੇਖੋਂ ਦੇ ਵਰਤੇ ਲਹਿਜੇ ਦਾ ਮਜ਼ਾਕ ਉਡਾਉਣਾ ਵੀ ਉਸ ਦੀ ਭਾਵੁਕ ਬਾਲ-ਬੁੱਧੀ ਦਾ ਹੀ ਸੂਚਕ ਹੈ। ਪ੍ਰੋ: ਸਾਹਬ ਨੇ ਆਪਣਾ ਸਾਰਾ ਪ੍ਰਧਾਨਗੀ ਭਾਸ਼ਣ ਆਪਣੇ ਵਿਸ਼ੇਸ਼ ਸਾਹਿਤਕ ਰਸਿਕ ਲਹਿਜੇ ਵਿੱਚ ਦਿੱਤਾ ਸੀ ਕਿਉਂਕਿ ਉਸ ਨੂੰ ਸੁਣਨ ਵਾਲਿਆਂ ਵਿੱਚ ਬਹੁਤੇ ਯੂਨੀਵਰਸਿਟੀਆਂ ਦੇ ਛਾਤਰ ਨਹੀਂ ਸਨ ਬਲਕਿ ਆਮ ਸਾਹਿਤ ਨਾਲ ਸ਼ੌਕ ਰੱਖਣ ਵਾਲੇ ਵਿਅਕਤੀ ਸਨ। ਜੇਕਰ ਪ੍ਰੋ: ਸਾਹਿਬ ਦੇ ਵਿਅੰਗਾਤਮਕ ਲਹਿਜੇ ਦੀ ਰੁਪਿੰਦਰ ਨੂੰ ਸਮਝ ਨਹੀਂ ਆਈ ਤਾਂ ਇਸ ਵਿੱਚ ਦੋਸ਼ ਪ੍ਰੋ: ਸਾਹਬ ਦੇ ਲਹਿਜੇ ਦਾ ਨਹੀਂ ਸਗੋਂ ਦੋਸ਼ ਉਸਦੀ (ਰੁਪਿੰਦਰ ਦੀ) ਸੁਣਨ ਤੇ ਸਮਝਣ ਸ਼ਕਤੀ ਦਾ ਹੈ। ਉਹਨੂੰ ਆਪਣੀ ਸੁਣਨ ਤੇ ਸਮਝਣ ਸ਼ਕਤੀ ਵਧਾਉਣੀ ਚਾਹੀਦੀ ਹੈ। ਆਖਰ ਵਿਚ ਮੇਰਾ ਇਕ ਨਿਵੇਦਨ ਸੰਪਾਦਕ ਜੀ ਤੁਹਾਨੂੰ ਵੀ ਹੈ ਕਿ ਅਜੇਹੀਆਂ ਟਿੱਪਣੀਆਂ ਛਾਪਣ ਸਮੇਂ ਘੱਟ ਤੋਂ ਘੱਟ ਚਿੱਕੜ ਸੁੱਟਣ ਦਾ ਕੋਈ ਮਿਆਰ ਤੁਹਾਨੂੰ ਵੀ ਨਿਸ਼ਚਿਤ ਕਰ ਲੈਣਾ ਚਾਹੀਦਾ ਹੈ। ਸਾਹਿਤਕ ਖੇਤਰ ਵਿਚ ਤੁਸੀਂ ਮੰਨੇ-ਪਰਮੰਨੇ ਮਾਰਕਸਵਾਦੀ ਵਿਚਾਰਾਂ ਵਾਲੇ ਪ੍ਰਮੁੱਖ ਪੰਜਾਬੀ ਸਾਹਿਤਕਾਰਾਂ ਤੇ ਚਿੰਤਕਾਂ ਵਿਚੋਂ ਇਕ ਹੋ ਤੇ ਮੇਰਾ ਖਿਆਲ ਹੈ ਕਿ ਸੇਖੋਂ ਬਾਰੇ ਤੇ ਉਸਦੀ ਮਾਰਕਸਵਾਦੀ ਵਿਚਾਰਧਾਰਾ ਪ੍ਰਤੀ ਨਿਸ਼ਚਾ ਤੇ ਸਮਝ ਤੋਂ ਤੁਸੀਂ ਭਲੀ-ਭਾਂਤ ਜਾਣੂ ਹੋਵੋਗੇ? ਪ੍ਰੋ: ਸਾਹਬ ਦੇ ਨਿੱਜੀ ਜੀਵਨ ਬਾਰੇ ਕਿਸੇ ਦੀਆਂ ਦੋ ਰਾਵਾਂ ਹੋ ਸਕਦੀਆਂ ਹਨ ਪਰੰਤੂ ਉਨ੍ਹਾਂ ਦੀ ਮਾਰਕਸਵਾਦੀ ਵਿਚਾਰਧਾਰਾ ਬਾਰੇ ਸਮਝ ਇਸ ਪੱਧਰ ਦੀ ਨਹੀਂ ਹੋ ਸਕਦੀ। ਤੁਸੀਂ ਅਜਿਹੇ ਵਿਅਕਤੀ ਦੀ ਗਲਤ ਟਿੱਪਣੀ ਛਾਪੀ ਹੈ ਜਿਸ ਨੂੰ ਸੇਖੋਂ ਤੇ ਕੰਵਲ ਵਿਚ ਵੀ ਕੋਈ ਅੰਤਰ ਨਜ਼ਰ ਨਹੀਂ ਆਉਂਦਾ।

ਮਾਨ ਸਿੰਘ ਢੀਂਡਸਾ

**4. ਫਿਰਕੂ ਦੰਗੇ**

ਹਰਿਆਣਾ ਪੰਜਾਬ ਦੇ ਹਾਲਾਤ ਨੇ ਸੰਨ ਸੰਤਾਲੀ ਦਾ ਪੁਰਾਣਾ ਪੰਜਾਬ ਯਾਦ ਕਰਾ ਦਿੱਤਾ। ਇਹ ਫਿਰਕੂ ਜਨੂੰਨ ਇਸਤਰਾਂ ਦੀ ਸ਼ਕਲ ਕਿਉਂ ਅਖਤਿਆਰ ਕਰਦਾ ਹੈ ਸੋਚਣ ਤੇ ਮਜਬੂਰ ਕਰਦਾ ਹੈ। 'ਮਜ਼੍ਹਬ ਨਹੀਂ ਸਿਖਾਤਾ ਆਪਸ ਮੇਂ ਬੈਰ ਰਖਨਾ' ਅੱਜ ਦੇ ਹਾਲਾਤ ਨੇ ਦਸ ਦਿੱਤਾ ਹੈ ਕਿ ਸਿਖਾਤਾ ਜ਼ਰੂਰ ਹੈ ਗੈਰੋਂ ਸੇ ਬੈਰ ਰਖਨਾ। ਫਿਰਕਾਪਰਸਤੀ ਸਾਰੇ ਹੀ ਨਿੰਦਦੇ ਹਨ ਪਰ ਫਿਰ ਵੀ ਇਹ ਸਿਰ ਚੁੱਕੀ ਲੈਂਦੀ ਹੈ। ਅਮਨ ਸਾਰੇ ਹੀ ਚਹੁੰਦੇ ਹਨ ਪਰ ਬਦਅਮਨੀ ਦਾ ਫਿਰ ਵੀ ਬੋਲ ਬਾਲਾ ਹੈ। ਸਾਰੀਆਂ ਰਾਜਸੀ

ਪਾਰਟੀਆਂ ਨਾਹਰੇ ਲੌਂਦੀਆਂ, ਇਕੋ ਸੁਰ ਅਲਾਪਦੀਆਂ 'ਅਮਨ ਹੋਵੇ ਦਿਉ ਦੁਹਾਈ ਮਿਲਕੇ ਰਹੁ ਭਾਈ ਭਾਈ'। ਅਮਨ ਮਾਰਚ ਕੱਢੇ ਰਲਕੇ ਕਰਦੀਆਂ ਹਨ। ਸਦਭਾਵਨਾਂ ਕਮੇਟੀਆਂ ਕੱਠਿਆਂ ਰਲਕੇ ਬਣਾਂਦੀਆਂ ਹਨ। ਸਧਾਰਨ ਸ਼ਹਿਰੀ ਹਰਾਨ ਹੋ ਜਾਂਦਾ ਹੈ, ਸੋਚਣ ਲਗ ਪੈਂਦਾ ਹੈ। ਸਾਰੀਆਂ ਪਾਰਟੀਆਂ ਜਦ ਇਕੱਠੀਆਂ ਹਨ, ਫਿਰ ਝਗੜਾ ਕਿਸ ਗਲ ਦਾ, ਦੰਗੇ ਫਸਾਦ ਕਿਉਂ ?

ਪਾਰਟੀਆਂ ਦੇ ਆਗੂ ਇਸ ਫਿਰਕਾ ਪਰਸਤੀ ਰੋਗ ਦਾ ਕਾਰਣ ਤੇ ਇਲਾਜ ਜਾਣਦੇ ਹੋਏ ਵੀ ਪਤਾ ਨਹੀਂ ਕਿਉਂ ਘੇਸਲੇ ਹੋ ਜਾਂਦੇ ਹਨ ? ਜੜੋਂ ਪੁਟਣ ਦੀ ਬਜਾਏ ਉਪਰੋਂ ਉਪਰੋਂ ਮੱਲਮ ਪੱਟੀ ਕਰ ਛੱਡਦੇ ਨੇ ਕੁਝ ਚਿਰ ਲਈ ਰੋਗ ਰੁਕ ਤਾਂ ਜਾਂਦਾ ਹੈ। ਪਰ ਰਿਸ ਰਿਸ ਕੇ ਫਿਰ ਇਹ ਮਾਰੂ ਰੋਗ ਉਭਰ ਔਂਦਾ ਹੈ। ਸੰਨ ਸੰਤਾਲੀ ਤੋਂ ਬਾਦ ਚੁਰਾਸੀ ਵਿਚ ਸੈਂਤੀ ਸਾਲਾਂ ਬਾਅਦ ਦਿਖਾਈ ਦਿੱਤਾ।

ਗਲ ਬੜੀ ਸਿਧੀ ਜਹੀ ਹੈ। ਹਰ ਫਿਰਕੇ ਵਿਚ ਦੋ ਵਰਗ ਹੁੰਦੇ ਹਨ। ਇਕ ਮਹਾਜਨੀ ਪੈਦਾਵਾਰੀ ਸਾਧਨਾ ਦਾ ਮਾਲਕ ਤੇ ਦੂਸਰੇ ਕਿਰਤੀ ਪੈਦਾਵਾਰ ਕਰਨ ਵਾਲਾ ਕਰਤਾ ਇਕ ਫਿਰਕੇ ਦੇ ਮਹਾਜਨੀਆਂ ਦਾ ਦੂਸਰੇ ਫਿਰਕੇ ਦੇ ਮਹਾ-ਜਨੀਆਂ ਨਾਲ ਵਿਰੋਧ ਹੁੰਦਾ ਹੈ ਤੇ ਦੂਸਰੇ ਦੇ ਮਾਲ ਹਥਿ-ਔਣ ਦੀ ਇਛਾ ਪ੍ਰਬਲ ਹੁੰਦੀ ਹੈ। ਆਪਣੇ ਫਿਰਕੇ ਦੇ ਕਿਰਤੀਆਂ ਨੂੰ ਆਪਣੀ ਕਾਰਗੁਜ਼ਾਰੀ ਤੇ ਪਰਦਾ ਪਾ ਕੇ ਆਪਣੀ ਵਲ ਕਰਕੇ ਦੂਸਰੇ ਫਿਰਕੇ ਦੇ ਗਲ ਪਵਾ ਦਿੰਦਾ ਹੈ। ਇਸ ਭਰਮ ਵਿਚ ਰਖਣ ਲਈ ਬੁਧੀਜੀਵੀ ਉਸਦੇ ਬੜੇ ਸਹਾਈ ਹੁੰਦੇ ਹੈਨ। ਉਸਦੇ ਹੱਕ ਵਿਚ ਰਾਜਨੀਤੀ ਘੜਦੇ, ਪੁਰਾਣੀਆਂ ਰੁਵਾਇਤਾਂ, ਬਹਾਦਰੀ ਦੇ ਕਿਸੇ ਰਚਦੇ, ਵਾਰਾਂ ਗੌਂਦੇ, ਰਾਸਾਂ ਪੌਂਦੇ, ਨਾਟਕ ਖੇਡਦੇ, ਆਪਣੇ ਰਸਮ ਰਿਵਾਜ, ਆਪਣਾ ਧਰਮ, ਆਪਣਾ ਫਿਰਕਾ ਦੂਸਰਿਆਂ ਨਾਲੋਂ ਚੰਗਾ ਸਿਫਤਾਂ ਕਰਿਆ ਦਸਦੇ, ਆਪਣਾ ਪੁਰਾਣਾ ਸਭਿਆਚਾਰ, ਪੁਰਾਣਾ ਵਿਰਸਾ ਸਭ ਤੋਂ ਚੰਗਾ ਦਸਦੇ ਇਸਨੂੰ ਸੰਭਾਲਣ ਲਈ ਕਈ ਅਦਾਰੇ, ਧਰਮਸ਼ਾਲਾ, ਮੰਦਰ ਦਰਗਾਹ ਦਵਾਰੇ ਬਣਾਏ ਜਾਂਦੇ ਹਨ। ਇਹਨਾਂ ਦੇ ਪ੍ਰਬੰਧ ਲਈ ਦੇਖ ਰੇਖ ਲਈ ਇਕ ਵਿਹਲੜ ਸ਼ਰੇਣੀ ਦੀ ਸ੍ਰਿਸ਼ਟੀ ਹੋ ਜਾਂਦੀ ਹੈ। ਪਰਚਾਰਕ ਕਥਾਕਾਰ ਉਪਦੇਸ਼ ਦਿੰਦੇ ਹਨ ਅਗਲੇ ਜਹਾਨ ਦਾ ਨਕਸ਼ਾ ਸੋਹਣਾ ਖਿਚਦੇ ਹਨ । ਉਥੋਂ ਲਈ ਵਿਜ਼ਾ ਇਹਨਾਂ ਅਦਾਰਿਆਂ ਚੋਂ ਮਿਲਣਾ ਕਰਦੇ ਹਨ ਉਸਦੀ ਫੀਸ ਜ਼ਕਾਤ, ਦਸਵੰਧ, ਭੇਟਾ ਦਾ ਚੜ੍ਹਾਵਾ ਚੜ੍ਹਦਾ ਹੈ। ਇਸ ਨਾਲ ਸਾਰੇ ਖਰਚੇ ਚਲਦੇ ਹਨ। ਕਿਰਤ ਕਰਨ ਵਾਲਿਆਂ ਨੂੰ ਸੁੱਚੀ ਕਿਰਤ ਤੇ ਨਿਸ਼ਕਾਮ ਸੇਵਾ ਕਰਨ ਦਾ ਉਪਦੇਸ਼ ਇੱਥੋਂ ਮਿਲਦਾ ਹੈ; ਇਸ ਦਾ ਫਲ ਅਗਲੇ ਜਹਾਨ ਵਿਚ ਮਿਲਣਾ ਹੈ; 'ਦੜ ਵਟ ਜਮਾਨਾ ਕਟ ਭਲੇ ਦਿਨ ਔਣਗੇ' ਇਸ ਆਸ ਤੇ ਮਹਾਜਨੀਆਂ ਦੇ ਚੱਕਰ ਵਿੱਚ ਕਿਰਤੀ ਫਸਿਆ ਰਹਿੰਦਾ ਹੈ। ਸਕੂਲ ਕਾਲਜ ਯੂਨੀਵਰਸਿਟੀਆਂ ਵਿੱਚ ਬੁਧੀਜੀਵੀ ਮਾਹਿਰ ਪਾਠ ਪੁਸਤਕਾਂ ਰਾਹੀਂ ਇਸੇ ਮਹਾਜਨੀ ਪ੍ਰਬੰਧ ਦਾ ਪਾਠ ਦ੍ਰਿੜਾਉਂਦੇ ਹਨ। ਲੱਛੇਦਾਰ ਮਹਾਜਨੀ ਸਭਿਆਚਾਰ ਦਾ ਸਾਹਿਤ ਸਿਰਜਦੇ ਹਨ, ਹਾਕਮ ਜਮਾਤ ਦੀ ਉਸਤਤੀ, ਰਚਨਾ ਕਰਦੇ ਹਨ, ਕਿਰਤੀ ਦਾ ਧਰਮ ਸੁੱਚੀ ਕਿਰਤ ਕਰਕੇ ਹਾਕਮ ਦੀ ਸੇਵਾ ਕਰਨੀ ਤੇ ਉਸਦੇ ਬਦਲੇ ਆਪਣੇ ਜਿਉਣ ਜੋਗਾ ਮੁਲ ਲੈਣਾ ਤੇ ਬਾਕੀ ਸੇਵਾ ਦੀ ਰਕਮ ਵਿਹਲੜ ਮਖਟੂਆਂ ਲਈ ਸਰਫ ਕਰ ਦੇਣੀ। ਕਿਰਤੀ ਵਰਗ ਨੂੰ ਇਸ ਭਰਮ ਭੁਲੇਖੇ ਵਿਚ ਪਾਈ ਰਖਦੇ ਹਨ। 'ਆਪਣੀ ਕਿਸਮਤ ਉਹ ਆਪ ਬਦਲ ਸਕਦਾ ਹੈ' ਉਸਦਾ ਇਸ ਤੇ ਯਕੀਨ ਹੀ ਨਹੀਂ ਬਝਦਾ ਉਹ ਗ਼ੈਰਾਂ ਦਾ ਆਸਰਾ ਢੂੰਡਦਾ ਹੈ। ਉਸਦੇ ਦੋ ਮਾਲਕ ਲੜਦੇ ਹੋਣ ਉਪਰੋਂ ਉਪਰੋਂ, ਉਹਨਾਂ ਨੂੰ ਸੁਲਾਹ ਲਈ ਪ੍ਰੇਰਦਾ ਹੈ, ਕਿਉਂਕਿ ਉਹਨਾਂ ਦਾ ਕਾਰੋਬਾਰ ਚਲੇਗਾ ਤਦ ਉਸ ਨੂੰ ਰੋਜ਼ੀ ਮਿਲਣੀ ਹੈ। ਇਸ ਤਰ੍ਹਾਂ ਦੇ ਚੱਕਰ ਵਿਚ ਕਿਰਤੀ ਫ਼ਸਿਆ ਰਹਿੰਦਾ ਹੈ।

ਫਿਰਕੇ ਦੀ ਹੁਕਮਰਾਨ ਜਮਾਤ ਨੂੰ ਹਿਟਲਰ, ਖ਼ੁਮੀਨੀ ਮਿਲ ਹੀ ਜਾਂਦੇ ਹਨ। ਉਹਨਾਂ ਦੀ ਖੂਬ ਗੁੱਡੀ ਚੜਾਈ ਜਾਂਦੀ ਹੈ। ਤਾਕਤ ਵਿਚ ਆ ਕੇ ਆਪਣਾ ਤੇਜ਼ ਤਪ ਦਿਖਾਂਦੇ ਹਨ। ਭੋਲੀ ਜਨਤਾ ਉਹਨਾਂ ਦੇ ਮਗਰ ਲਗ ਤੁਰਦੀ ਹੈ। ਕੁਰਬਾਨੀ ਤੋਂ ਬਾਦ ਸੁਰਗ ਮਿਲੇਗਾ ਦੇ ਮਿੱਠੇ ਸੁਪਨੇ ਵਿਚ ਆਪਾਵਾਰ ਦਿੰਦੇ ਹਨ। ਦੂਸਰੇ ਫਿਰਕੇ ਦਾ ਮਲੀਆ ਮੇਟ ਉਹਨਾਂ ਲਈ ਧਰਮ ਯਧ ਹੋ ਜਾਂਦਾ ਹੈ। ਆਪਣੇ ਫਿਰਕੇ ਦੇ ਮਾਲਕਾਂ ਲਈ ਉਹ ਕੁਰਬਾਨ ਹੋ ਜਾਂਦੇ ਹਨ।

ਇਸ ਫਿਰਕੂ ਫਸਾਦਾਂ ਦਾ ਇਲਾਜ ਤਾਂ ਹਰ ਫਿਰਕੇ ਦੇ, ਕਾਬਜ ਹੁਕਮਰਾਨਾ ਦੀਆਂ ਚਾਲਾਂ ਨੂੰ ਸਮਝਣਾ ਤੇ ਨੰਗਿਆ ਕਰਨਾ ਤੇ ਉਹਨਾਂ ਦੀ ਸਰਦਾਰੀ ਉਹਨਾਂ ਹੱਥੋਂ ਖੋਹ ਕੇ ਅਸਲੀ ਕਿਰਤ ਕਰਨ ਵਾਲਿਆਂ ਦੇ 'ਹੱਥ ਸੌਂਪਣ ਨਾਲ ਹੈ। ਆਪਣ ਹੱਥੀਂ ਆਪਣਾ ਆਪੇ ਕਾਜ ਸਵਾਰੀਏ' ਕਿਰਤੀ ਵਰਗ ਆਪ ਜਥੇਬੰਦ ਹੋਵੇ, ਆਪਣੇ ਵਰਗ ਦੇ ਦੁਸ਼ਮਣਾਂ ਦੀ ਪਹਿਚਾਨ ਕਰੇ, ਉਨ੍ਹਾਂ ਦੀਆਂ ਚਾਲਾਂ ਤੋਂ ਬਚ ਕੇ ਆਪਣੀ ਸਰਦਾਰੀ ਕਾਇਮ ਕਰੇ ਫੇਰ ਹੀ ਕਿਰਤੀਆਂ ਦਾ ਬੋਲਬਾਲਾ ਤੇ ਵਿਹਲੜਾਂ ਦਾ ਮੂੰਹ ਕਾਲਾ ਹੋਵੇਗਾ ਤੇ ਜਨਤਕ ਰਾਜ ਪ੍ਰਬੰਧ ਵਿਚ ਇਹ ਦੰਗੇ ਫਸਾਦ ਬੰਦ ਹੋਵਣਗੇ।

ਕਿਰਤੀ ਆਪਣੇ ਆਰਥਕ ਮੰਦਵਾੜੇ ਤੋਂ ਨਜਾਤ ਪਾਣ ਲਈ ਜੇ ਆਪ ਜਥੇਬੰਦ ਨਾ ਹੋਏ। ਜੇ ਉਹਨਾਂ ਦੇ ਸੰਘਰਸ਼ ਦਾ ਜੋਸ਼ ਆਪ ਆਗੂ ਨਾ ਬਣਿਆ ਤਾਂ ਇਹ ਜੋਸ਼ ਫਿਰਕੂ ਆਗੂਆਂ ਨੇ ਆਪਣੀ ਸਰਦਾਰੀ ਕਾਇਮ

ਰਖਣ ਲਈ ਵਰਤ ਲੈਣਾ ਹੈ। ਕਿਰਤੀਦਲ ਆਪ ਹਰਾਵਲ ਦਸਤਾ ਬਣਨ ਦੀ ਬਜਾਏ ਆਪ ਪੂਛਲ ਬਣ ਜਾਵੇਗਾ। ਇਹੋ ਜਹੇ ਫਸਾਦਾ, ਜੰਗਾ ਵੇਲੇ ਆਪ ਛੁਡਾਵੇ ਦਾ ਕੰਮ ਕਰੇਗਾ, ਵਕਾਲਤੀ ਵਿਚੋਲਗਿਰੀ ਦੀ ਅਗਵਾਈ ਕਰੇਗਾ। ਛੜਾਵਿਆਂ ਦਾ ਜੋ ਹਸ਼ਰ ਹੁੰਦਾ ਇਸਦੇ ਦਲਦਾ ਵੀ ਉਹੋ ਹੋ ਕੇ ਰਹੇਗਾ।

ਇਹ ਮਾਣ ਕਰੇਗਾ ਏਹੋ ਜਹੇ ਵੇਲੇ ਅਸੀਂ ਹੀ ਅਮਨ ਦੀ ਅਗਵਾਈ ਕਰਦੇ ਹਾਂ, ਸਾਰੀਆਂ ਲੜਦੀਆਂ ਪਾਰਟੀਆਂ ਨੂੰ ਅਸੀਂ ਹੀ ਕੱਠੀਆਂ ਕਰਦੇ ਹਾਂ, ਇਕ ਪਲੇਟ ਫਾਰਮ ਤੇ ਲਿਆਂਦੇ ਹਾਂ। ਸੋਹਣਾਂ ਰੁਝੇਵਾਂ ਮਿਲ ਜਾਂਦਾ ਹੈ ਹੁਕਮਰਾਨ ਲੀਡਰ ਝਗੜਦੇ ਹਨ ਮੋਰਚੇ ਲਗਾਂਦੇ ਹਨ ਤੇ ਇਹ ਉਹਨਾਂ ਦੀ ਪੜਚੋਲ ਕਰਦੇ ਹਨ ਉਹਨਾਂ ਦੀਆਂ ਮੰਗਾ ਵਿਚੋਂ ਚੰਗਾ ਮੰਦਾ ਪਰਖਦੇ ਹਨ, ਦੋਹਾਂ ਧਿਰਾਂ ਨੂੰ ਸਮਝੋਤੇ ਲਈ ਪ੍ਰੇਰਦੇ ਹਨ ਤਾਂਕੇ ਮਹੌਲ ਖਰਾਬ ਨਾ ਹੋਵੇ। ਪਰ ਮਹੌਲ ਖਰਾਬ ਹੋਣੋਂ ਟਲਦਾ ਨਹੀਂ। ਸਪ ਨਾਲ ਸਪ ਲੜੇ ਤਾਂ ਵਿਹੁ ਕਿਹਨੂੰ ਚੜੇ। ਮਹੌਲ ਵਿਗੜ ਜਾਂਦਾ ਹੈ। ਕਿਰਤੀ ਦਲ ਅਮਨ ਦਾ ਝੰਡਾ ਚੁਕ ਲੈਂਦਾ ਹੈ ਤਾਂ ਕੇ ਮਹੌਲ ਪਹਿਲਾਂ ਠੀਕ ਕੀਤਾ ਜਾਵੇ ਫਿਰ ਆਰਥਿਕ ਸਘਰਸ਼ ਕੀਤਾ ਜਾਵੇਗਾ। ਇਸਤਰਾਂ ਉਸਦਾ ਰਾਜਸੀ ਹਥਿਔਣ ਦਾ ਘੋਲ ਅਗੇ ਪੈ ਜਾਂਦਾ ਹੈ। ਮਹਾਜਨੀ ਵਰਗ ਚਾਹੁੰਦਾ ਵੀ ਇਹੋ ਹੈ।

ਸੋ ਕਿਰਤੀਆਂ ਦੇ ਜਥੇਦਾਰੋ ਤੁਸੀਂ ਉਪਰਲੀਆਂ ਗਲਾਂ ਤੋਂ ਸੁਚੇਤ ਹੋ। ਕਿਰਤੀਆਂ ਨੂੰ ਇਕ ਝੰਡੇ ਥਲੇ ਜਥੇਬੰਦ ਕਰੋ। ਰਾਜਸੀ ਸੱਤਾ ਆਪਣੇ ਹਥ ਲੈਣ ਦਾ ਯਤਨ ਕਰੋ। ਦੁਸ਼ਮਣਾਂ ਦੀਆਂ ਚਾਲਾਂ ਤੋਂ ਬਚੋ, ਦੰਗਿਆਂ ਦੇ ਮੁਖ ਕਾਰਨਾਂ ਤੇ ਚਾਨਣਾ ਪਾਉ। ਆਪ ਆਗੂ ਬਣੋ। ਕਿਸੇ ਦੇ ਪੂਛਲ ਨਾ ਬਣੋਂ। ਕਿਸੇ ਦੀ ਵਕਾਲਤ ਕਰਨ ਦੀ ਬਜਾਏ ਆਪਣੀ ਨੀਤੀ ਦਾ ਪ੍ਰਚਾਰ ਕਰੋ, ਮੇਹਨਤੀ ਕਿਰ-ਤੀਆਂ ਦੀ ਸਰਦਾਰੀ ਹੇਠ ਰਾਜ ਪ੍ਰਬੰਧ ਲਿਔਣੇ ਦਾ ਕ੍ਰਾਂਤੀਕਾਰੀ ਕੰਮ ਕਰੋ। ਜਮੀਨ ਤੇ ਪਾਣੀ ਦੀ ਕਾਣੀ ਵੰਡ ਤੁਸੀ ਆਪਣੇ ਕਿਰਤੀ ਰਾਜ ਪ੍ਰਬੰਧ ਹੇਠ ਹੀ ਠੀਕ ਕਰ ਸਕੋਗੇ ਤੇ ਸਰਬਤ ਦਾ ਭਲਾ ਵੀ ਇਸੇ ਵਿਚ ਹੀ ਕਰ ਸਕੋਗੇ। ਮਹਾਜਨੀ ਪ੍ਰਬੰਧ ਹੇਠ ਤਾਂ ਬਾਂਦਰ ਵੰਡ ਹੀ ਰਹੇਗੀ। ਹੁਕਮਰਾਨ ਜਮਾਤ ਨੇ ਤੁਹਾਨੂੰ ਆਪਣੀ ਅੰਤਰ ਜਮਾਤੀ ਲੜਾਈ ਵਿਚ ਸੁਲਾਹ ਸਫਾਈ ਕਰਾਣ ਵਿਚ ਰੁਝਾ ਦਿਤਾ ਹੈ। ਇਸ ਚਾਲ ਨੂੰ ਅਖੋਂ ਪਰੋਖੇ ਨਾ ਕਰੋ। ਉਸਨੂੰ ਪੂਰਨ ਵਿਸ਼ਵਾਸ ਹੈ ਕਿਰਤੀ ਰਾਜ ਪ੍ਰਬੰਧ ਵਿੱਚ ਫਿਰਕਾ ਪਰਸਤੀ ਆਪਣੇ ਆਪ ਖਤਮ ਹੋ ਜਾਵੇਗੀ।

**ਆਰ. ਵੀ. ਪਰਤਾਪ**

**5** ਸਮਤਾ (ਮਾਰਚ 84) 'ਚ ਪ੍ਰੋ: ਭਾਰਦਵਾਜ ਦਾ ਲੇਖ, ਲੇਖ ਨਾ ਹੋ ਕੇ ਬੜ੍ਹਕੀਆਂ ਜ਼ਿਆਦਾ ਲੱਗਾ ਹੈ। ਪ੍ਰੋ: ਭਾਰਦਵਾਜ ਕਿਸਾਨੀ ਸੰਬੰਧੀ ਲਿਖਦੇ ਹਨ... "ਓ ਭੋਲਿਆ, ਮੈਂ ਕੋਈ ਗ਼ਲਤ ਥੋੜਾ ਕਿਹਾ ਸੀ। ਸੱਚ ਜਾਣੀ ਤੇਰੇ ਨਾਲੋਂ ਮੰਗਤਾ ਵੀ ਕਈ ਦਰਜੇ ਚੰਗਾ ਹੈ, ਨਹੀਂ ਯਕੀਨ ਤੇ ਤੂੰ ਹੀ ਦਸ ਕਿ ਆੜਤੀਏ ਦੀ ਦੁਕਾਨ ਤੇ ਤੁਸੀਂ ਦੋਵੇਂ ਹੀ ਜਾਂਦੇ ਹੋ ਕਿ ਨਹੀਂ..." ਪਤਾ ਨਹੀਂ ਇਹ ਕਿਧਰ ਦੀ ਇਨਕਲਾਬੀ ਦਲੀਲ ਹੈ (ਇਹ 'ਧਰਮ-ਯੁੱਧ' ਲਈ ਦਲੀਲ ਤਾਂ ਹੋ ਸਕਦੀ ਹੈ) ਜੇ ਕੋਈ ਬੰਦਾ ਕੁਰਸੀ ਦੀ ਲਾਲਸਾ ਪਿੱਛੇ ਡਿੱਗ ਪਏ ਤਾਂ ਜ਼ਰੂਰੀ ਨਹੀਂ ਉਹਦੀਆਂ ਲਿਖਤਾਂ ਨਾਲ ਸਮਤਾ ਵਰਗੇ ਪਰਚੇ ਦੇ ਪੰਨੇ ਕਾਲੇ ਕੀਤੇ ਜਾਣ। ਜਿਸ ਭਾਰਦਵਾਜ ਨੇ 'ਜਬਰ' ਨੂੰ ਤੱਕ ਕੇ ਸਰਕਾਰੀ ਨੌਕਰੀ ਤੋਂ ਅਸਤੀਫਾ ਦਿੱਤਾ ਸੀ ਉਸ ਨੂੰ ਅਜ ਪੰਜਾਬ 'ਚ ਹੋ ਰਹੇ ਬੇਗੁਨਾਹ ਲੋਕਾਂ ਦੇ ਕਤਲਾਂ 'ਚ ਕਿਹੜਾ ਕਸੂਰ ਦਿਸਦਾ ਹੈ ? ਜਿਨ੍ਹਾਂ ਦੀਆਂ ਪਲੈਨਾਂ ਉਸ ਈ 'ਕੰਪਲੈਕਸ' 'ਚ ਬਣਦੀਆਂ ਹਨ ਜਿਸ ਦੀ ਜੀ ਹਜ਼ੂਰੀ 'ਚ ਅਜਕਲ ਪ੍ਰੋ: ਸਾਹਿਬ ਹਨ। ਅਜ ਉਹਨਾਂ ਦੀ ਜ਼ਮੀਰ ਕਿਉਂ ਨਹੀਂ ਉਹਨਾਂ ਨੂੰ ਵੰਗਾਰਦੀ, ਉਹ ਕਿਉਂ ਨਹੀਂ ਬਾਹਰ ਆਉਂਦੇ ਇਸ ਕਚਘਰੜ ਦਲਦਲ ਨੂੰ ਛੱਡ। ਸ਼ਾਇਦ ਉਹ ਭਵਿਖ 'ਚ ਸੁਪਨੇ ਲੈ ਰਹੇ ਹੋਣ।

ਸਾਧਾਰਨ ਲੋਕ ਤੇ ਹਿੱਟ ਲਿਸਟ—ਹਾਂ ਸਾਨੂੰ ਸਚਮੁੱਚ ਹੁਣ ਇਸ ਰਾਹ ਤੁਰਨਾ ਪਏਗਾ, ਅਸੀਂ ਜਿਹੜੇ ਆਪਣੇ ਆਪ ਨੂੰ ਇਨਕਲਾਬੀ ਸਮਝਦੇ ਹਾਂ, ਇਹ ਚੈਲਿੰਜ ਕਰਨਾ ਪਏਗਾ, '.. ਅਜ ਤੋਂ ਤੇਰਾ ਨਾ ਸਾਡੀ ਹਿੱਟ ਲਿਸਟ ਤੇ ਹੈ।' ਨਹੀਂ ਤੇ ਇਤਿਹਾਸ ਨੇ ਸਾਨੂੰ ਕਦੀ ਵੀ ਮੁਆਫ਼ ਨਹੀਂ ਕਰਨਾ।

ਕਹਾਣੀਆਂ ਦੋਵੇਂ ਵਧੀਆ ਹਨ। ਕਵਿਤਾ ਭਾਗ ਵੀ ਚੰਗਾ ਹੈ।

**ਬਲਬੀਰ ਪਰਵਾਨਾ**

○ ○

---

## ਨੋਟ :

ਸਾਥੀ ਨੱਛਤਰ ਗਿੱਲ ਅਤੇ ਅਮਰਜੀਤ ਮਾਨਸਾ ਵੱਲੋਂ ਪਾਠਕ ਲੇਖਕ ਫੋਰਮ ਵਾਸਤੇ ਇਕ ਲਿਖਤ ਸਮਤਾ ਦੀਆਂ 'ਹਨੇਰੇ 'ਚ ਟੱਕਰਾਂ' ਮਿਲੀ ਹੈ। ਉਸ ਲਿਖਤ ਵਿਚ ਸਮਤਾ 'ਚ ਛੱਪੀ ਕੁਝ ਸੱਮਗਰੀ ਬਾਰੇ ਟਿਪਣੀ ਹੈ। ਕੁਝ ਬੁਨਿਆਦੀ ਮਸਲੇ ਉਠਾਏ ਗਏ ਹਨ। ਉਹ ਲਿਖਤ ਅਸੀਂ ਅਗਲੇ ਮਹੀਨੇ ਦੇ ਵਿਚਾਰ ਚਰਚਾ ਫੋਰਮ ਵਿਚ ਦੇ ਰਹੇ ਹਾਂ। ਸਾਡੀ ਆਪਣੀ ਚਾਹ ਹੈ ਕਿ ਸਾਡੇ ਪਾਠਕ ਹਨੇਰੇ ਤੇ ਚਾਨਣ ਵਿਚ ਫਰਕ ਦੇਖ ਸਕਣ ਅਤੇ ਚਾਨਣ ਵਾਲੇ ਰਾਹ ਤੇ ਸੂਝ ਨਾਲ ਚਲ ਸਕਣ।

—ਸੰਪਾਦਕ

Post Office No. P/AR—133
Registered with the Registrar, News Papers, Vide No. MA/12397-D dated 14.8.80

## ਸਭਿਆਚਾਰਕ ਰੀਪੋਰਟ

# ਪੰਜਾਬ ਲੋਕ-ਸਭਿਆਚਾਰ ਮੰਚ ਦਾ ਛੰਦੜਾ ਸਮਾਗਮ

10-11 ਮਾਰਚ ਮੰਚ ਦਾ ਸਾਲਾਨਾ ਸਮਾਗਮ ਛੰਦੜਾ ਵਿਖੇ ਬੜੀ ਭਾਰੀ ਸਫ਼ਲਤਾ ਨਾਲ ਹੋਇਆ। 23 ਮੈਂਬਰੀ ਨਵੀਂ ਸੂਬਾ ਕਮੇਟੀ ਚੁਣੀ ਗਈ। ਗੁਰਸ਼ਰਨ ਸਿੰਘ, ਸਬਜਿੰਦਰ ਕੇਦਾਰ ਅਤੇ ਸੁਰਜੀਤ ਬਰਾੜ ਘੋਲੀਆਂ ਕਰਮਵਾਰ ਪ੍ਰਧਾਨ, ਸਕੱਤ੍ਰ ਅਤੇ ਵਿੱਤ ਸਕੱਤ੍ਰ ਚੁਣੇ ਗਏ। ਮੰਚ ਨੇ ਸਭਿਆਚਾਰਕ ਸਰਗਰਮੀਆਂ ਲਈ ਅਗਲੇ ਸਾਲ ਲਈ ਜੋ ਕੰਮ ਮਿਥੇ ਉਹਨੇ ਵਿਚ ਚੰਗੀਆਂ ਕਿਤਾਬਾਂ ਦੀ ਪ੍ਰਕਾਸ਼ਨਾਂ, 'ਇਕ ਚੰਗੀ ਪੰਜਾਬੀ ਫਿਲਮ ਬਣਾਉਣੀ, ਚੰਗੇ ਗੀਤਾਂ ਦੇ ਕੈਸਟ, ਮੰਚ ਵਲੋਂ ਕੈਂਪ ਲਾ ਕੇ ਇਕ ਸਾਂਝੀ ਨਾਟਕ ਟੀਮ ਵਲੋਂ ਵੱਡਾ ਨਾਟਕ ਤਿਆਰ ਕਰਵਾਉਣਾ, ਪੇਂਡੂ ਨਾਟਕ ਮੰਡਲੀਆਂ ਵਲੋਂ ਵੱਖ ਵੱਖ ਥਾਵਾਂ ਤੇ ਨਾਟ ਉਤਸਵ ਕਰਵਾਉਣਾ ਅਤੇ ਵੱਡੇ ਇਨਾਮਾਂ ਵਾਲਾ ਇਕ ਭਰਾਤਰੀ ਕਾਵਿ ਮੁਕਾਬਲਾ ਕਰਵਾਓਣਾ ਹੈ। ਇਹ ਸਾਰੇ ਕੰਮਾਂ ਲਈ ਵੱਖ ਵੱਖ ਕਮੇਟੀਆਂ ਬਣਾਈਆਂ ਗਈਆਂ ਹਨ। ਇਸ ਸਮਾਗਮ ਵਿਚ ਇਪਾਨਾ ਵਲੋਂ ਸਤਿੰਦਰ ਸਿੰਘ ਨੇ ਸ਼ਮੂਲੀਅਤ ਕੀਤੀ ਅਤੇ 250/- ਦੀ ਰਕਮ ਇਨਾਮਾਂ ਵਿਚ ਵਾਧੇ ਲਈ ਦਿਤੇ। ਇਸ ਸਮਾਗਮ ਤੇ ਹੋਏ ਭਰਾਤਰੀ ਨਾਟ ਮੁਕਾਬਲੇ ਦੀ ਇਕ ਰੀਪੋਰਟ ਅਸੀਂ ਹੇਠਾਂ ਦੇ ਰਹੇ ਹਾਂ ਜੋ ਫੁਲਵੰਤ ਸਿੰਘ ਹੋਰਾਂ ਨੇ ਸਮਤਾ ਦੇ ਪਾਠਕਾਂ ਲਈ ਭੇਜੀ ਹੈ। —ਸੰਪਾਦਕ

ਥੀਏਟਰ ਦੇ ਪੰਡਤ ਇਹ ਆਮ ਕਿਹਾ ਕਰਦੇ ਹਨ ਕਿ ਨਾਟਕ ਵਰਗੀ ਸੂਖਸ਼ਮ ਕਲਾ, ਪਿੰਡਾਂ ਵਿੱਚ ਨਹੀਂ ਵਿਚਰ ਸਕਦੀ। ਇਸ ਨੂੰ ਸ਼ਹਿਰ ਹੀ ਜੀਵਤ ਰੱਖ ਸਕਦੇ ਹਨ ਅਤੇ ਇੱਥੋਂ ਹੀ ਇਸਦਾ ਵਿਕਾਸ ਹੋ ਸਕਦਾ ਹੈ। ਇਹੋ ਜਹੀਆਂ ਗੱਲਾਂ ਸੁਣ ਸੁਣ ਕੇ ਅਤੇ ਪੜ੍ਹ ਪੜ੍ਹ ਕੇ ਮੰਨ ਇਹ ਕਬੂਲਣ ਲੱਗ ਪਿਆ ਸੀ ਕਿ ਉਹ ਵਿਦਵਾਨ ਠੀਕ ਹੀ ਕਹਿੰਦੇ ਹਨ। ਇਹੋ ਜਹੇ ਵਾਤਾਵਰਨ ਵਿਚ, ਕੀ ਕਦੇ ਕਿਸੇ ਸੋਚਿਆ ਸੀ ਕਿ ਪੰਜਾਬ ਦੇ ਪਿੰਡਾਂ ਵਿੱਚ ਨਾਟਕ ਕਰਨੇ ਤਾਂ ਇਕ ਪਾਸੇ, ਪੰਜਾਬ ਪੱਧਰ ਦੇ ਨਾਟਕ ਮੁਕਾਬਲੇ ਵੀ ਹੋ ਸਕਦੇ ਹਨ ਅਤੇ ਉਹ ਵੀ ਬਹੁਤ ਸਫਲ? ਪਿੰਡ ਛਦੜਾਂ ਵਿਖੇ ਮਿਤੀ 10. 3. 84 ਅਤੇ 11. 3. 84 ਨੂੰ ਹੋਏ ਨਾਟਕ ਮੁਕਾਬਲੇ ਨੇ ਥੀਏਟਰ ਦੇ ਵਿਦਵਾਨਾਂ ਵਲੋਂ ਪਾਏ ਭਰਮ ਸਭ ਖੇਰੂੰ ਖੇਰੂੰ ਕਰ ਦਿੱਤੇ ਅਤੇ ਅੱਜ ਇਸ ਗੱਲ ਨੂੰ ਮੰਨਣ ਵਿਚ ਕੋਈ ਸੰਕੋਚ ਨਹੀਂ ਕਰਦਾ ਕਿ ਜੇ ਥੀਏਟਰ ਦਾ ਸਹੀ ਵਿਕਾਸ ਚਾਹੁੰਦੇ ਹੋ ਤਾ ਉਸ ਨੂੰ ਪਿੰਡਾਂ ਵਿਚ ਲੈ ਜਾਉ। ਮੈਨੂੰ ਬਹੁਤ ਸਾਰੇ ਨਾਟਕ ਮੁਕਾਬਲੇ ਅਤੇ ਯੂਥ ਫੈਸਟੀਵਲ ਵੇਖਣ ਦਾ ਅਵਸਰ ਪ੍ਰਾਪਤ ਹੋਇਆ ਪ੍ਰੰਤੂ ਜੋ ਪ੍ਰਭਾਵ ਛੰਦੜਾਂ ਦੇ ਨਾਟਕ ਮੁਕਾਬਲੇ ਨੇ ਅਤੇ ਉੱਥੋਂ ਦੇ ਦਰਸ਼ਕਾਂ ਨੇ ਮੇਰੇ ਮੰਨ ਤੇ ਪਾਇਆ—ਉਹ ਸਦਾ ਅਮਿਟ ਰਹੇਗਾ।

ਪਿੰਡ ਛੰਦੜਾਂ, ਕਟਾਣੀ ਬੱਸ ਅੱਡੇ ਤੋਂ ਕੋਈ 3 ਕਿਲੋਮੀਟਰ ਦੀ ਦੂਰੀ ਤੇ ਹੈ। ਪਿੰਡ ਦੇ ਬਾਹਰ ਹੀ "ਪੰਜਾਬ ਲੋਕ ਸੱਭਿਆਚਾਰ ਮੰਚ" ਵਲੋਂ ਪੱਕੀ ਸਟੇਜ ਬਣਾਈ ਗਈ ਹੈ। ਭਾਵੇਂ ਉੱਥੇ ਇਤਨੇ ਸਾਧਨ ਨਹੀਂ ਪ੍ਰੰਤੂ ਫਿਰ ਵੀ ਪ੍ਰਬੰਧਕਾਂ ਨੇ ਆਪਣੇ ਵੱਲੋਂ ਕਾਫੀ ਤਨ ਦੇਹੀ ਨਾਲ ਕੰਮ ਕੀਤਾ ਲੱਗਦਾ ਸੀ। ਬਿਜਲੀ ਦੇ ਜਾਣ ਦੀ ਸੂਰਤ ਵਿਚ ਉਨ੍ਹਾਂ ਨੇ ਜੈਨਰੇਟਰ ਦਾ ਪ੍ਰਬੰਧ ਕੀਤਾ ਹੋਇਆ ਸੀ। ਪੰਜਾਬ ਦੀ ਅਣਸੁਖਾਵੀਂ ਸਥਿਤੀ ਨੂੰ ਵੇਖਦਿਆਂ ਹੋਇਆ ਉਨ੍ਹਾਂ ਨੇ ਆਪਣੇ ਵਾਲੰਟੀਅਰਾਂ ਦੁਆਰਾ ਆਪ ਸੁਰਖ਼ਸ਼ਾ ਦਾ ਪ੍ਰਬੰਧ ਕੀਤਾ ਹੋਇਆ ਸੀ ਪ੍ਰੰਤੂ ਉੱਥੇ ਕਿਸੇ ਪ੍ਰਕਾਰ ਦਾ ਕੋਈ ਖਿਚਾਉ ਨਹੀਂ ਸੀ। ਸ਼ਹਿਰਾਂ ਵਿੱਚੋਂ ਗਿਆਂ ਹੋਇਆ ਨੂੰ ਉੱਥੇ ਜਾ ਕੇ ਇਹ ਬਿਲਕੁਲ ਭੁੱਲ ਹੀ ਜਾਂਦਾ ਸੀ ਕਿ ਪੰਜਾਬ ਦੀ ਧਰਤੀ ਤੇ ਕਿਸੇ ਪ੍ਰਕਾਰ ਦੀ ਅਣਸੁਖਾਂਵੀਂ ਸਥਿਤੀ ਹੈ।

ਪੰਜਾਬ ਦੀਆਂ ਵੱਖ ਵੱਖ ਨਾਟਕਾਂ ਕਲਬਾਂ ਵਲੋਂ ਹੇਠ ਲਿਖੇ ਨਾਟਕ ਮੁਕਾਬਲੇ ਲਈ ਖੇਡੇ ਗਏ। ਗੌ: ਹਾਈ ਸਕੂਲ ਮਾਛੀਵਾੜਾ, "ਕਿਵ ਕੁੜੇ ਤੁਟੇ ਪਾਲ", ਅੰਮ੍ਰਿਤਸਰ ਨਾਟਕ ਕਲਾ ਕੇਂਦਰ, "ਮਿੱਟੀ ਦਾ ਮੁਲ," ਪੰਜਾਬ ਲੋਕ ਨਾਟਕ ਕਲਾ ਕੇਂਦਰ, ਹੁਸ਼ਿਆਰਪੁਰ, "ਇਨਕਲਾਬ ਜ਼ਿੰਦਾਬਾਦ", ਪੰਜਾਬ ਨਾਟਕ ਕਲਾ ਕੇਂਦਰ ਲੁਧਿਆਣਾ, "ਫਾਂਸੀ ਦੇ ਤਖਤੇ ਤੋਂ", ਲੋਕ ਕਲਾ ਮੰਚ, ਮਾਛੀਵਾੜਾ "ਅੰਨ੍ਹੇ ਨਿਸ਼ਾਨਚੀ", ਪੰਜਾਬ ਨਾਟਕ ਕਲਾ ਕੇਂਦਰ ਲੁਧਿਆਣਾ, "ਅੰਨ੍ਹੇ ਨਿਸ਼ਾਨਚੀ" ਨਾਰੰਗਵਾਲ ਨਾਟਕ ਕਲਾ ਕੇਂਦਰ, 'ਮਾਨਸ ਕੀ ਜਾਤ," ਪੰਜਾਬ ਨਾਟਕ ਕਲਾ ਕੇਂਦਰ, ਬਾਬਾ ਬਕਾਲਾ, "ਇਹ ਲਹੂ ਕਿਸਦਾ ਹੈ," ਮਾਲਵਾ ਕਾਲਿਜ ਸਮਰਾਲਾ, "ਅੰਨ੍ਹੇ ਨਿਸ਼ਾਨੀਚੀ", ਅਤੇ ਮੁਕਾਬਲੇ ਤੋਂ ਬਿਨਾਂ ਦੋ ਨਾਟਕ ਹੋਰ ਸਭ ਨੂੰ ਜੀਣ ਦਾ ਹੱਕ ਹੈ, ਆਦਿ ਖੇਡੇ ਗਏ।

ਖੁਲ੍ਹੇ ਪੰਡਾਲ ਵਿਚ ਬੈਠੇ ਹਜ਼ਾਰਾਂ ਦੀ ਗਿਣਤੀ ਵਿੱਚ ਦਰਸ਼ਕ, ਮੰਤਰ ਮੁਗਦ ਹੋਏ, ਨਾਟਕਾਂ ਦਾ ਆਨੰਦ ਇਸ ਤਰ੍ਹਾਂ ਮਾਣ ਰਹੇ ਸਨ, ਕਿ ਕਿਸੇ ਪਾਸਿਉਂ ਪੱਤਾ ਹਿਲਣ ਦੀ ਆਵਾਜ਼ ਤੱਕ ਨਹੀਂ ਸੀ ਆ ਰਹੀ। ਕੁਝ ਕੁ ਸਟੇਜੀ ਘਾਟਾ ਸਨ, ਜਿਵੇਂ ਕਿ ਰੋਸ਼ਨੀ ਦਾ ਪ੍ਰਬੰਧ ਉਨ੍ਹਾਂ ਨਾਟਕਾਂ ਨੂੰ ਪਛਾੜ ਰਿਹਾ ਸੀ ਜਿਹੜੇ ਕਿ ਕੁਝ ਰੋਸ਼ਨੀਆਂ ਦੁਆਰਾ ਖਾਸ ਪ੍ਰਭਾਵ Special effects ਦੇਣਾ ਚਾਹੁੰਦੇ ਸਨ। ਕੁਝ ਡਾਇਰੈਕਟਰ, ਤਕਨੀਕੀ (Technically) ਸੂਝ ਦੀ ਘਾਟ ਕਾਰਨ, ਰੋਸ਼ਨੀਆਂ ਦੇ ਪ੍ਰਭਾਵ ਦੀ ਦੁਰਵਰਤੋਂ ਕਰ ਰਹੇ ਸਨ। ਪ੍ਰੰਤੂ ਸਮੁੱਚੇ ਤੌਰ ਤੇ ਇਹ ਨਾਟਕ ਮੁਕਾਬਲਾ ਬਹੁਤ ਸਫਲ, ਲੱਚਰ ਸਾਹਿਤ ਤੋਂ ਬਹੁਤ ਦੂਰ ਅਤੇ ਕਿਸੇ ਆਦੇਸ਼ ਨਾਲ ਜੁੜਿਆ ਹੋਇਆ ਸੀ।